२੯ ਵਾਂ ਸਾਲ

ਦਸੰਬਰ, ੨੦੦੩

# ਵਰਿਆਮ



ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ ॥

- ਗੁਰੂ ਨਾਨਕ

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufactuers :**

# Namdhari Sales

10240/54, Library Road, Azad Market, Delhi-110006





Namdhari Elibrary NamdhariElibrary@gmail.com

# ਵਰਿਆਮ


ਦਸੰਬਰ-੨੦੦੩

ਜਿਲਦ-੨੯

ਅੰਕ-੨



ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'



| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੨੫੪੩ | Ph. : 2222543 (O) |
| ਘਰ : ੨੪੫੬੨੮੯ | 2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੬੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ ਹਵਾਈ ਡਾਕ ਰਾਹੀਂ |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ : ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ------ ੨
*—ਸੰਪਾਦਕ*
ਬਲਿਹਾਰੀ ਕੁਦਰਤਿ ਵਸਿਆ—*ਸੰਪਾਦਕ* --------- ੩
ਅਣਲਿਖਿਆ ਗਿਆ—*ਜਗਦੀਸ਼ ਸਿੰਘ* ---------- ੪
ਕੂਕਾ ਕਿਰਦਾਰ ਦੀ ਬੁਲੰਦੀ ਦੇ ਦਰਸ਼ਨ
*—ਸੁਵਰਨ ਸਿੰਘ ਵਿਰਕ* --------- ੫
ਮਸਲਾ ਸਹਿਜਧਾਰੀਆਂ ਦੀ ਵੋਟ ਦਾ
*—ਡਾ. ਜਸਪਾਲ ਸਿੰਘ*---------- ੧੧
ਸਿੱਖ ਨੌਜਵਾਨ ਕਿਸ ਦੋਰਾਹੇ ਤੇ ?
*—ਤਰਲੋਚਨ ਸਿੰਘ ਚੇਅਰਮੈਨ* ------- ੧੫
ਸਭ ਰੰਗਾਂ ਦਾ ਅਸਲੀ ਸੋਨਾ
*—ਮਹਿਮਾ ਸਿੰਘ ਤੂਰ* --------- ੨੪
ਚੰਦਨ ਦਾ ਬੂਟਾ—*ਪੂਰਨ ਸਿੰਘ 'ਨਿਰਾਲਾ'* ----- ੨੪
ਬੁਕੇ—*ਸ਼ਿਵਨਾਥ* ------------------- ੨੫
ਧੀਆਂ ਨੂੰ ਨਾ ਮਾਰੋ—*ਕੁਲਵੰਤ ਸਿੰਘ ਜਗਰਾਓਂ* -- ੨੫
ਗੀਤ—*ਦਲਬੀਰ ਸਿੰਘ ਤਰਸ* --------------- ੨੬
ਰੁਬਾਈਆਂ—*ਨਵਰਾਹੀ ਘੁਗਿਆਣਵੀ*-------- ੨੬
ਪ੍ਰਦੂਸ਼ਣ—*ਅਜੀਤ ਸਿੰਘ ਚੀਮਾ* -------------- ੨੭
ਕਿਤਨਾ ਬਦਲ ਗਿਆ ਇਨਸਾਨ
*—ਮਲਕੀਤ ਮੀਤ*------------- ੨੯
ਸਿਤਾਰ ਸਾਜ਼ ਦਾ ਭਗਤੀ, ਗੁਰਮਤ ਸੰਗੀਤ ਵਿਚ ਸਥਾਨ
ਆਯੁਰਵੇਦ ਇਲਾਜ ਪ੍ਰਣਾਲੀ ਨੂੰ ਪ੍ਰਣਾਈ—*ਗੌਰੀ* -- ੩੧
ਨਾਮਧਾਰੀ ਡਾਕਟਰ ਜੋੜੀ -------------------- ੪੩
ਵੌਲੀਬਾਲ 'ਕੋਰਟ ਦੇ ਕਾਰਨਰ ਤੋਂ'
*—ਦਲਬੀਰ ਸਿੰਘ ਤਰਸ* -------- ੩੭
ਖ਼ਬਰਨਾਮਾ------------------------------- ੭੨


### ਜਦੋਂ

ਪਰਛਾਵਾਂ ਪੈਰਾਂ ਨੂੰ ਲਿਪਟ ਜਾਵੇ
ਤਾਂ
ਸਮਝ ਜਾਣਾ ਚਾਹੀਦਾ ਹੈ
ਦੁਪਹਿਰ ਸਿਰ ਉੱਤੋਂ ਗੁਜ਼ਰ ਰਹੀ ਹੈ

ਜਦੋਂ ਬੌਣੇ ਲੋਕਾਂ ਦੇ ਪਰਛਾਵੇਂ
ਲੰਬੇ ਦਿਸਣ ਲਗ ਪੈਣ
ਤਾਂ
ਸਮਝ ਲੈਣਾ ਚਾਹੀਦਾ ਹੈ ਕਿ
ਸੂਰਜ ਹੁਣ ਡੁੱਬਣ ਵਾਲਾ ਹੈ

*—ਲਖਵਿੰਦਰ ਜੌਹਲ*




Namdhari Elibrary NamdhariElibrary@gmail.com

# ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ

ਫੇਰ ਇਕ ਵਾਰ ਹਿੰਦ ਪਾਕ ਰਿਸ਼ਤਿਆਂ ਵਿਚ ਸੁਖਾਵੇਂ ਮੋੜ ਦੀਆਂ ਖ਼ਬਰਾਂ ਆ ਰਹੀਆਂ ਹਨ। ਪਾਕਿਸਤਾਨ ਨੇ ਐਲ.ਓ.ਸੀ., (ਕਬਜ਼ੇ ਵਾਲੀ ਰੇਖਾ) ਤੇ ਆਪਣੇ ਪਾਸਿਓਂ ਗੋਲਾ ਬੰਦੀ ਦਾ ਐਲਾਨ ਕੀਤਾ ਹੈ। ਭਾਰਤ ਨੇ ਵੀ ਇਸ ਗੱਲ ਦਾ ਸੁਆਗਤ ਕੀਤਾ ਹੈ। ਸਿਆਚਿੰਨ ਤੇ ਚਲਦੀਆਂ ਤੋਪਾਂ ਵੀ ਬੰਦ ਹੋ ਰਹੀਆਂ ਹਨ। ਕੁਲ ਮਿਲਾ ਕੇ ਪਾਕਿਸਤਾਨ ਅਤੇ ਭਾਰਤ ਵਿਚ ਸਾਰੀ ਸਰਹੱਦ ਤੇ ਹੀ ਗੋਲੀ ਬੰਦੀ ਹੋ ਗਈ ਹੈ। ਕਾਫੀ ਸਮੇਂ ਤੋਂ ਗਰਮ ਅਤੇ ਨਰਮ ਗਲਾਂ ਦੀ ਚਾਂਦਮਾਰੀ ਹੁੰਦੀ ਆ ਰਹੀ ਹੈ। 'ਆਰ ਪਾਰ' ਅਤੇ ਕਦੇ 'ਸਦਾਏ ਸਰਹੱਦ' ਦੀ ਗੱਲ ਨਾਲੋ ਨਾਲ ਚਲਦੀ ਰਹੀ ਹੈ। ਯੂਰਪ ਦੇ ਵਿਚ ਦੋ ਸੰਸਾਰ ਯੁੱਧ ਹੋਏ। ਕਰੋੜਾਂ ਲੋਕਾਂ ਦੀ ਜਾਨ ਗਈ। ਆਪਸ ਵਿਚ ਸਿਰ ਵਡਵੇਂ ਵੈਰ ਪਏ ਪਰ ਅੱਜ ਯੂਰਪ ਦੇ ਕਈ ਦੇਸ਼ਾਂ ਨੇ ਸਭ ਕੰਧਾਂ ਤੋੜ ਕੇ ਇਕ ਭਾਈਚਾਰਾ ਬਣਾ ਲਿਆ ਹੈ। ਵੀਜ਼ਾ ਇਕ ਦੇਸ਼ ਦਾ ਤੇ ਚੱਕਰ ਸਾਰੇ ਮੁਲਕਾਂ ਦਾ ਲਾ ਲਵੋ। ਆਪਣੀ ਆਪਣੀ ਵੱਖਰੀ ਕਰੰਸੀ ਦੀ ਥਾਂ ਸਾਂਝੀ ਕਰੰਸੀ ਯੂਰੋ ਬਣਾ ਲਈ ਹੈ। ਏਧਰ ਸਾਡੇ ਦੋ ਮੁਲਕ ਹਿੰਦੁਸਤਾਨ ਪਾਕਿਸਤਾਨ ਜੋ ਅੱਜ ਤੋਂ ੫੬ ਸਾਲ ਪਹਿਲਾਂ ਇਕ ਹੀ ਮੁਲਕ ਸਨ ਨੇ ਲੋਕਾਂ ਦੇ ਖ਼ੂਨ ਬਹਾ ਬਹਾ ਕੇ ਅਤਿ ਕਰ ਦਿੱਤੀ ਹੈ। ਉਂਝ ਇਹਨਾਂ ਦੀ ਏਨੀ ਸਮਰੱਥਾ ਵੀ ਨਹੀਂ ਕਿ ਆਪਣੇ ਬਲ ਬੋਤੇ ਇਹ ਲੜਾਈ ਦਾ ਇਕ ਸਾਲ ਵੀ ਕੱਢ ਸਕਣ। ਪਿਛਲੇ ਸਮੇਂ ਵਿਚ ਇਹ ਮਸਾਂ ਅੱਧਾ ਅੱਧਾ ਮਹੀਨਾ ਵੀ ਨਾ ਲੜੇ ਤੇ ਗਰੀਬੀ ਮਹਿੰਗਾਈ ਬੇ-ਰੁਜ਼ਗਾਰੀ ਬੇਚਾਰਗੀ ਦੀ ਮਾਰ ਥੱਲੇ ਆਉਂਦੇ ਰਹੇ। ਅਮਰੀਕਾ ਜਾਂ ਰੂਸ ਦੀ ਫੌਜੀ ਜਾਂ ਸਿਆਸੀ ਤਾਕਤ ਦੀ ਸਹਾਇਤਾ ਨਾਲ ਇਹ ਇਕ ਦੂਜੇ ਤੇ ਗਰਜਦੇ ਰਹੇ ਪਰ ਇਹ ਇਕ ਦੂਜੇ ਨੂੰ ਖਤਮ ਨਾ ਸਕੇ। ਪਿਛਲੇ ਕੁਝ ਸਮੇਂ ਤੋਂ ਇਕ ਦੂਜੇ ਨੂੰ ਤੱਤੀਆਂ ਵੀ ਸੁਣਾਂਦੇ ਰਹੇ ਅਤੇ ਠੰਡੀਆਂ ਵੀ। ਯੂਰਪ ਦੇ ਦੇਸ਼ਾਂ ਨਾਲੋਂ ਹਿੰਦੁਸਤਾਨ ਪਾਕਿਸਤਾਨ ਦੇ ਲੋਕਾਂ ਵਿਚ ਵਖਰੇਵਿਆਂ ਨਾਲੋਂ ਸਾਂਝਾ ਬਹੁਤ ਹਨ। ਖਾਸ ਕਰਕੇ ਪੱਛਮੀ ਤੇ ਪੂਰਬੀ ਪੰਜਾਬ ਵਿਚ ਬਹੁਤ ਸਾਂਝੀਆਂ ਤੰਦਾਂ ਹਨ। ਸਾਡਾ ਨਾਨਕ ਤੇ ਬੁੱਲਾ ਸਾਂਝਾ ਹੈ। ਬੋਲੀ ਸਾਂਝੀ ਹੈ, ਸੰਗੀਤ ਸਾਂਝਾ ਹੈ ਗੀਤ ਸਾਂਝੇ ਹਨ। ਅੱਜ ਕਲ੍ਹ ਹੀ ਪੱਛਮੀ (ਪਾਕਿਸਤਾਨੀ) ਪੰਜਾਬ ਤੋਂ ਡਰਾਮਾ ਕਰਨ ਇਕ ਗਰੁੱਪ ਆਇਆ ਹੈ ਉਹਨਾਂ ਦਾ ਨਾਟਕ ਬੁੱਲਾ ਵੇਖਣ ਲਈ ਲੋਕਾਂ ਦੀਆਂ ਭੀੜਾਂ ਉਮਡ ਰਹੀਆਂ ਹਨ। ਅਸੀਂ ਉਹਨਾਂ ਦੀਆਂ ਕਵਾਲੀਆਂ ਸੁਣੀਆਂ ਹਨ। ਉਹਨਾਂ ਰਾਗ ਬਾਗੇਸ਼ਰੀ ਦੀਆਂ ਉਹੋ ਸੁਰਾਂ ਲਾਈਆਂ ਜੋ ਏਧਰ ਲਗਦੀਆਂ ਹਨ ਉਹਨਾਂ ਵੀ ਉਹ ਸੁਰ ਵਿਸਥਾਰ ਕੀਤਾ ਜਿਵੇਂ ਏਧਰ ਹੁੰਦਾ ਹੈ। ਜ਼ਮੀਨੀ ਹਕੀਕਤਾਂ ਅਤੇ ਲੋਕਾਂ ਦੇ ਮਨ ਦੀਆਂ ਧੜਕਨਾਂ ਇਨਸਾਨ ਨੂੰ ਜੋੜਨਾ ਚਾਹੁੰਦੀਆਂ ਹਨ, ਪਰ ਲੀਡਰਾਂ ਦੇ ਸਿਆਸੀ ਤਕਾਜ਼ੇ ਅਤੇ ਜ਼ਾਤੀ ਹਿਤ ਤੋੜਨਾ ਚਾਹੁੰਦੇ ਹਨ। ਕਾਫੀ ਸਮੇਂ ਤੋਂ ਤੋੜਨ ਵਾਲੀਆਂ ਸ਼ਕਤੀਆਂ ਅਤੇ ਜੋੜਣ ਵਾਲੀਆਂ ਸ਼ਕਤੀਆਂ ਦਾ ਇਕ ਮੁਕਾਬਲਾ ਚਲ ਰਿਹਾ ਹੈ। ਜਦੋਂ ਗੱਲ ਇਕ ਬੰਨੇ ਲਗਣ ਲਗਦੀ ਹੈ ਤਾਂ ਦੂਜੀ ਸ਼ਕਤੀ ਭਾਰੂ ਹੋ ਜਾਂਦੀ ਹੈ। ਵਿਰੋਧ ਦੇ ਵਿਚ ਵੀ ਏਕਤਾ ਅਤੇ ਪ੍ਰੇਮ ਦੀ ਇਕ ਜ਼ਬਰਦਸਤ ਲਹਿਰ ਜ਼ਰੂਰ ਚਲ ਰਹੀ ਹੈ। ਰੱਬ ਕਰੇ ਏਕਤਾ ਦੀਆਂ ਸ਼ਕਤੀਆਂ ਦੀ ਜਿੱਤ ਹੋਵੇ। ਦਸਮ ਗੁਰੂ ਜੀ ਨੇ ਤਾਂ ਹਿੰਦੂ ਤੁਰਕ ਨੂੰ ਮਾਨਸ ਦੀ ਜ਼ਾਤ ਦਸਦਿਆਂ, ਮੰਦਰ ਮਸਜਿਦ ਪੁਰਾਨ ਕੁਰਾਨ ਨੂੰ ਇਕੋ ਹੀ ਸਰੂਪ ਦਸਿਆ ਹੈ।

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥

*—ਜਗਦੀਸ਼ ਸਿੰਘ*



Namdhari Elibrary NamdhariElibrary@gmail.com

# ਬਲਿਹਾਰੀ ਕੁਦਰਤਿ ਵੱਸਿਆ

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਕਾਦਰ ਦੀ ਕੁਦਰਤ ਦਾ ਜ਼ਿਕਰ ਕਰਤਾਰ ਦੇ ਨਾਲ ਨਾਲ ਹੀ ਕੀਤਾ ਹੈ। ਆਪਣੇ ਸਲੋਕਾਂ ਵਿਚ ਉਹਨਾਂ ਇਹ ਵੀ ਕਿਹਾ ਹੈ ਕਿ "ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ।" ਪਰ ਇਹ ਗੱਲ ਸਾਨੂੰ ਉਦੋਂ ਚੇਤਾ ਆਈ ਜਦੋਂ ਇਨਸਾਨ ਵਲੋਂ ਕੁਦਰਤ ਵਲੋਂ ਮੁਖ ਮੋੜ ਕੇ ਵਾਤਾਵਰਣ ਪਲੀਤ ਕਰਨ ਦਾ ਦੁਨੀਆਂ ਵਿਚ ਰੌਲਾ ਪੈ ਗਿਆ। ਅੰਤਰਾਸ਼ਟਰੀ ਪੱਧਰ ਤੇ ਸਰਕਾਰੀ ਅਤੇ ਗੈਰ ਸਰਕਾਰੀ ਕਾਨਫਰੰਸਾਂ ਵੀ ਹੋਣ ਲਗੀਆਂ। ਵਿਗਿਆਨੀਆਂ ਨੇ ਕਿਹਾ ਕਿ ਦੁਨੀਆਂ ਤਬਾਹੀ ਦੇ ਕਗਾਰ ਤੇ ਖਲੋਤੀ ਹੈ। ਸਾਡੇ ਮਿੱਤਰ ਸਵਰਗੀ ਸ. ਤਰਲੋਚਨ ਸਿੰਘ ਭਾਟੀਆ ਦੀ ਪ੍ਰੇਰਨਾ ਨਾਲ ਅਸੀਂ ਵਰਿਆਮ ਦਾ ਇਕ ਵਾਤਾਵਰਨ ਅੰਕ ਵੀ ਕਢਿਆ ਜੋ ਸਾਡੀ ਕਿਆਸ ਤੋਂ ਵੱਧ ਸਲਾਹਿਆ ਗਿਆ। ਸ਼ਾਇਦ ਇਹ ਕਿਸੇ ਵੀ ਪੰਜਾਬੀ ਪਰਚੇ ਵਲੋਂ ਇਸ ਵਿਸ਼ੇ ਤੇ ਪਹਿਲਾ ਵਿਸ਼ੇਸ਼ ਅੰਕ ਸੀ। ਉਸ ਸਮੇਂ ਪੰਜਾਬ ਵਾਤਾਵਰਨ ਬੋਰਡ ਵਲੋਂ ਸੰਪਾਦਕ ਵਰਿਆਮ ਨੂੰ ਇਕ ਸਮਾਗਮ ਵਿਚ ਸਨਮਾਨਿਆ ਵੀ ਗਿਆ। ਇਸ ਪਾਸੇ ਹਿਲਜੁਲ ਹੋਣੀ ਸ਼ੁਰੂ ਹੋਈ। ਪੰਜਾਬ ਵਿਚ ਵਾਤਾਵਰਣ ਸੁਸਾਇਟੀ ਫਗਵਾੜਾ ਅਤੇ ਪੰਜਾਬੀ ਸੱਥ ਲਾਂਬੜਾ ਨੇ ਇਸ ਪਾਸੇ ਹੋਰ ਸਰਗਰਮੀ ਨਾਲ ਕੰਮ ਕੀਤਾ ਤੇ ਪੰਜਾਬ ਵਿਚ ਧਰਤ ਸੁਹਾਵੀ ਨਾਮ ਦੀ ਇਕ ਜਥੇਬੰਦੀ ਵੀ ਕਾਇਮ ਹੋਈ। ਇਹਨਾਂ "ਬਲਿਹਾਰੀ ਕੁਦਰਤਿ ਵਸਿਆ" ਕਹਿਣ ਵਾਲੇ ਗੁਰੂ ਨਾਨਕ ਦੇ ਨਾਮ ਨਾਲ ਜੁੜੀ ਵੇਈਂ ਨਦੀ ਦਾ ਸਰਵੇਖਣ ਕੀਤਾ ਤਾਂ ਪਤਾ ਲਗਾ ਕਿ ਦੁਆਬੇ ਦੀ ਧਰਤੀ ਤੇ ਵਗਣ ਵਾਲੀ ਇਹ ਕਾਲੀ ਵੇਈਂ ਪੂਰੀ ਤਰ੍ਹਾਂ ਪਲੀਤ ਹੋਈ ਪਈ ਹੈ। ਚਿੱਟੀ ਵੇਈਂ ਦਾ ਇਸ ਤੋਂ ਵੀ ਬੁਰਾ ਹਾਲ ਹੈ। ਤਿੰਨ ਸਾਲ ਪਹਿਲਾਂ, ਜਲੰਧਰ ਵਿਚ ਇਕ ਸਮਾਗਮ ਸਮੇਂ ਜਦੋਂ ਨਕਸ਼ੇ ਲਾ ਲਾ ਕੇ ਇਸ ਸਰਵੇ ਦਾ ਸਿੱਟਾ ਦਸਿਆ ਗਿਆ ਤਾਂ ਪਿੰਡ ਸੀਚੇਵਾਲ ਦੇ ਇਕ ਨਿਰਮਲੇ ਸੰਤ ਬਲਬੀਰ ਸਿੰਘ ਜੀ ਨੇ ਉਥੇ ਹੀ ਐਲਾਨ ਕੀਤਾ ਕਿ ਮੈਂ ਹੁਣੇ ਹੀ ਜਾ ਕੇ ਵੇਈਂ ਨੂੰ ਸਾਫ ਕਰਨ ਦਾ ਕੰਮ ਸ਼ੁਰੂ ਕਰਾਂਗਾ। ਸੰਤਾਂ ਦਾ ਕਾਰਜ ਅਸੰਭਵ ਵਰਗਾ ਸੀ ਪਰ ਉਹਨਾਂ ਆਪਣਾ ਕੌਲ ਸੱਚ ਕਰ ਵਿਆਖਿਆ ਹੈ। ਇਸ ਨਵੰਬਰ ਦੀ ਸੋਲਾਂ ਤਾਰੀਖ ਨੂੰ ਧਰਤ ਸੁਹਾਵੀ ਦਾ ਸਮਾਗਮ ਸੁਲਤਾਨਪੁਰ ਲੋਧੀ ਵਿਖੇ ਵੇਈਂ ਦੇ ਕੰਢੇ ਤੇ ਰਖਿਆ ਗਿਆ ਜੋ ਥੋੜ੍ਹੀ ਕਿਣਮਿਣ ਦੇ ਵਿਘਣ ਬਾਦ ਸ਼ਾਨ ਨਾਲ ਸਾਰਾ ਦਿਨ ਚਲਿਆ। ਇਸ ਸਮਾਗਮ ਵਿਚ ਸੰਪਾਦਕ ਵਰਿਆਮ ਨੂੰ ਗਿਆਰਾਂ ਸਾਲ ਪਹਿਲਾਂ ਕੱਢੇ ਵਾਤਾਵਰਣ ਅੰਕ ਦੀ ਬਿਨਾ ਤੇ ਸਨਮਾਨਿਤ ਕੀਤਾ ਗਿਆ। ਨਾਲ ਹੀ ਡਾ. ਮਲਕੀਅਤ ਸਿੰਘ ਸੈਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਵੀ ਸਨਮਾਨਿਆ ਗਿਆ। ਉਸ ਦਿਨ ਪੰਜਾਬੀ ਪਿਆਰਿਆਂ ਲੇਖਕਾਂ ਪੱਤਰਕਾਰਾਂ ਨੇ ਅੱਖੀਂ ਡਿੱਠਾ ਕਿ ਵੇਈਂ ਦੀ ਕਾਇਆ ਕਲਪ ਕਿਵੇਂ ਹੋਈ ਹੈ। ਵੇਈਂ ਵਿਚ ਬਾਹਰਲਾ ਗੰਦ ਪਾਉਣਾ ਬੰਦ ਕਰਕੇ, ਘਾਹ ਬੂਟੀ ਦੀ ਸਫਾਈ ਕਰਕੇ ਸੁਲਤਾਨਪੁਰ ਵਿਚ ਗੁਰਦੁਆਰਾ ਸੰਤ ਘਾਟ ਤੋਂ ਲੈ ਕੇ ਕੋਈ ਤਿੰਨ ਕਿਲੋਮੀਟਰ ਤੇ ਵਿੰਗ ਵਲੇਵੇਂ ਖਾਂਦੀ ਨਦੀ ਦੇ ਕੰਢਿਆ ਤੇ ਪੱਥਰ ਲਾ ਕੇ, ਘਾਟ ਅਤੇ ਸੜਕਾਂ ਬਣਾ ਕੇ, ਪਾਣੀ ਦੀਆਂ ਟੂਟੀਆਂ, ਝਲਾਰਾਂ, ਦਰਖੱਤਾਂ ਦੀ ਸੰਭਾਲ ਅਤੇ ਬਿਜਲੀ ਲਾ ਕੇ ਇਕ ਸ਼ਾਨਦਾਰ ਵੇਖਣ ਅਤੇ ਮਾਨਣ ਯੋਗ ਸਥਾਨ ਬਣਾ ਦਿੱਤਾ ਹੈ ਜਿਥੇ ਸੁਲਤਾਨਪੁਰੀਏ ਸਵੇਰ ਸ਼ਾਮ ਦੀ ਸੈਰ ਕਰ ਸਕਦੇ ਹਨ। ਸੰਤ ਬਲਬੀਰ ਸਿੰਘ ਹੋਰਾਂ ਇਕ ਕਰਾਮਾਤ ਵਰਗਾ ਕੰਮ ਕੀਤਾ ਹੈ। ਉਹ ਆਪ ਪਾਣੀ ਵਿਚ ਦਾਖਲ ਹੁੰਦੇ ਤਾਂ ਲੋਕ ਵੀ ਨਾਲ ਸੇਵਾ ਵਿਚ ਜੁੜ ਜਾਂਦੇ। ਹਮੇਸ਼ਾਂ ਵਾਂਗ ਇੰਦਰ ਦੇਵਤਾ ਦਾ ਸਿੰਘਾਸਨ ਵੀ ਡੋਲਿਆ ਪਰ ਸੰਤ ਡੱਟੇ ਰਹੇ। ਲੰਮੀ ਜਦੋਂ ਜਹਿਦ ਬਾਦ ਉਹਨਾਂ ਨੂੰ ਕਾਮਯਾਬੀ ਮਿਲੀ ਹੈ। ਵਿਨਾਸ਼ ਦੀਆਂ ਸ਼ਕਤੀਆਂ ਦੀ ਪਿੱਠ ਲਾ ਕੇ ਵਿਕਾਸ ਦਾ ਬੋਲ ਬਾਲਾ ਕੀਤਾ ਹੈ। ਇਸ ਕਾਰਜ ਨੇ ਪ੍ਰੇਰਨਾ ਦਿੱਤੀ ਹੈ ਤੇ ਲੋਕਾਂ ਦੀ ਬੇ ਉਮੀਦੀ ਦੀ ਭਾਵਨਾ ਖਤਮ ਕਰਕੇ ਉਮੀਦ ਦੇ ਦੀਵੇ ਜਗਾ ਦਿੱਤੇ ਹਨ।

ਆਖਰ ਦੁਨੀਆ ਵਿਚ ਸਾਰਾ ਅੰਧਕਾਰ ਹੀ ਤਾਂ ਨਹੀਂ, ਅੰਧਕਾਰ ਮੇਟਣ ਵਾਲਾ ਸੂਰਜ ਵੀ ਕਾਇਮ ਹੈ। ਆਸ ਦੀ ਏਹੀ ਕਿਰਨ ਹੈ।

—*ਜਗਦੀਸ਼ ਸਿੰਘ*



Namdhari Elibrary NamdhariElibrary@gmail.com

# ਅਣਲਿਖਿਆ ਗਿਆਨ

*—ਜਗਦੀਸ਼ ਸਿੰਘ*

ਹੁਣੇ ਹੁਣੇ ਮੈਂ ਇਕ ਪੁਸਤਕ ਪੜ੍ਹ ਰਿਹਾ ਸੀ ਜੋ ਵਧੀਆ ਵੀ ਲੱਗੀ। ਉਸ ਵਿਚ ਬਹੁਤ ਸਾਰੇ ਵਿਦਵਾਨਾਂ ਦੇ ਲੇਖ ਹਨ ਜਿਨਾਂ ਦੀ ਕਲਮਕਾਰੀ ਨੂੰ ਬਿਆਨਣ ਵਾਸਤੇ 'ਅਸ਼ ਅਸ਼ ਕਰ ਉਠਣ' ਵਰਗੇ ਸ਼ਬਦ ਹੀ ਹਨ। ਮੈਂ ਬਹੁਤ ਸਾਰੇ ਸ਼ਬਦ ਹੇਠ ਕਚੀ ਪੈਨਸਲ ਨਾਲ ਨਿਸ਼ਾਨ ਲਾਈ ਜਾ ਰਿਹਾ ਸਾਂ। ਇਹਨਾਂ ਸੋਹਣੇ ਸ਼ਬਦਾਂ ਤੇ ਕਬਜ਼ਾ ਜਮਾਉਣ ਲਈ ਅੰਡਰਲਾਈਨ ਕਰਦਾ ਤੇ ਪੈਨਸਲ ਮੰਜੇ ਤੇ ਰੱਖ ਦਿੰਦਾ। ਅੱਧਾ ਲੇਟਿਆ ਅੱਧਾ ਬੈਠਿਆਂ ਇਹ ਕਮ ਕਰ ਰਿਹਾ ਸਾਂ। ਬੰਦੇ ਨੂੰ ਆਪਣੀ ਨੀਂਦ ਦਾ ਪਤਾ ਨਹੀਂ ਹੁੰਦਾ। ਹੋ ਸਕਦੇ ਅੱਧਾ ਸੁੱਤਾ ਵੀ ਵਿਚ ਵਿਚ ਹੋਵਾਂ ਪਰ ਮੈਂ ਪੜ੍ਹ ਰਿਹਾ ਸਾਂ। ਹੁਣ ਜਦ ਫੇਰ ਇਕ ਖਿਆਲ ਥੱਲੇ ਲਕੀਰ ਲਾਉਣ ਲਗਾ ਤਾਂ ਹੱਥ ਵਿਚ ਪੈਨਸਿਲ ਹੀ ਨਾ ਆਵੇ। ਏਧਰ ਉਧਰ ਲਭ ਪੈਂਸਿਲ ਗਾਇਬ ਸੀ। ਉਠ ਕੇ ਉਪਰਲੀ ਚੱਦਰ ਪਰ੍ਹੇ ਕਰ ਝਾੜ ਕੇ ਵੀ ਵੇਖੀ ਪਰ ਪੈਂਸਿਲ ਤਾਂ ਜ਼ਿਮੀਂ ਖਾ ਗਈ ਸੀ। ਮਨ 'ਚ ਇਹ ਵੀ ਸੋਚ ਆਈ ਕਿ ਪੈਂਸਿਲ ਦੇ ਰੰਗ ਵਰਗੀਆਂ ਚਾਦਰਾਂ ਵੀ ਮੰਜੇ ਤੇ ਨਹੀਂ ਵਛਾਉਣੀਆਂ ਚਾਹੀਦੀਆਂ। ਪੈਂਸਿਲ ਐਸੀ ਗਵਾਚੀ ਕਿ ਮਨ ਵਿਚ ਸ਼ੱਕ ਉਪਜਿਆ ਕਿ ਸਚੀਂ ਮੁਚੀਂ ਮੇਰੇ ਕੋਲ ਪੈਂਸਿਲ ਹੈ ਵੀ ਸੀ ਜਾਂ ਕਿਤੇ ਸੁਤ ਉਨੀਂਦੇ ਦਾ ਖਿਆਲ ਹੀ ਸੀ ਪਰ ਪੁਸਤਕ ਦੇ ਪੰਨਿਆਂ ਤੇ ਲਗੇ ਨਿਸ਼ਾਨ ਦਸ ਰਹੇ ਸਨ ਕਿ ਪੈਂਸਿਲ ਇਕ ਹਕੀਕਤ ਸੀ। ਨਾਲ ਹੀ ਇਹ ਖਿਆਲ ਵੀ ਪ੍ਰਪੱਕ ਹੋਣ ਲੱਗਾ ਕਿ ਸ਼ਾਇਦ ਪੈਂਸਿਲ ਪੁਸਤਕ ਦੇ ਪੰਨਿਆਂ ਵਿਚ ਤਬਦੀਲ ਹੋ ਗਈ ਹੈ।

ਹਾਰ ਕੇ ਮੈਂ ਕਿਤਾਬ ਵੀ ਛੱਡ ਦਿੱਤੀ ਤੇ ਪੈਂਸਿਲ ਦਾ ਖਿਆਲ ਛੱਡ ਕੇ ਆਰਾਮ ਦੀ ਹੀ ਸੋਚੀ। ਜਦ ਭਾਣਾ ਵਰਤ ਜਾਵੇ ਤਾਂ ਬੰਦਾ ਕੀਹ ਕਰ ਸਕਦਾ ਹੈ। ਮੈਂ ਸਿਰ ਤੋਂ ਪਗੜੀ ਉਤਾਰੀ ਐਨਕ ਲਾਹ ਕੇ ਰੱਖਣ ਲਗਾ ਤਾਂ ਐਨਕ ਦੇ ਨਾਲ ਹੀ ਕੰਨ 'ਚ ਟੰਗੀ ਪੈਂਸਿਲ ਵੀ ਥੱਲੇ ਡਿੱਗ ਪਈ।

ਆਹ ਜੇ ਹਕੀਕਤ, ਜਾਂ ਸਾਨੂੰ ਲਗਦੀ ਹਕੀਕਤ। ਜਿਸ ਨੂੰ ਆਪਣੀ ਕੰਨ ਤੇ ਟੁੰਗੀ ਪੈਂਸਿਲ ਦਾ ਪਤਾ ਨਹੀਂ ਉਹ ਦੁਨੀਆਂ ਨੂੰ ਆਗਮ ਨਿਗਮ ਦਾ ਉਪਦੇਸ਼ ਕਰਦਾ ਹੈ। ਜਿਹੜੀ ਪੁਸਤਕ ਮੈਂ ਪੜ੍ਹ ਰਿਹਾ ਸੀ ਉਸ ਵਿਚ ਲਿਖਿਆ ਸੀ ਕਿ ਪਾਠਕ ਨੂੰ ਚਾਹੀਦਾ ਹੈ ਕਿ ਉਹ ਜੋ ਪੜ੍ਹਿਆ ਹੈ ਜਾਂ ਕੋਈ ਵੀ ਵਿਚਾਰ ਸੁਝਦਾ ਹੈ ਜਾਂ ਘਟਨਾ ਹੀ ਮਾੜੀ ਮੋਟੀ ਹੁੰਦੀ ਹੈ। ਉਸ ਨੂੰ ਲਿਖ ਲਿਆ ਕਰੇ।

ਜਦ ਮੈਂ ਕਾਗਜ਼ ਲਭ ਕੇ ਲਿਖਣ ਲਗਾ ਤਾਂ ਕਾਗਜ਼ ਤੇ ਟਿਊਬ ਦਾ ਚਾਨਣ ਪੈਂਦਿਆਂ ਹੀ ਸਭ ਕੁਝ ਵਿਸਰ ਜਾਵੇ ਅੱਖਾਂ ਬੰਦ ਕਰਾਂ ਤਾਂ ਯਾਦ ਆ ਜਾਵੇ। ਪਰ ਅੱਖਾਂ ਬੰਦ ਕਰਕੇ ਲਿਖਾਂ ਕਿਵੇਂ।

ਅਧ ਮੀਟੀਆਂ ਅੱਖਾਂ 'ਚ ਜੋ ਸੋਚ ਦੀ ਸ਼ਿੱਦਤ ਹੁੰਦੀ ਹੈ ਅਤੇ ਜੋ ਅਨੁਭਵ ਹੁੰਦੇ ਹਨ, ਉਹਨਾਂ ਨੂੰ ਕਾਗਜ਼ ਤੇ ਉਤਾਰਨ ਦਾ ਯਤਨ ਕਰੋ ਤਾਂ ਉਹ ਬਹੁਤ ਹੱਦ ਤੱਕ ਕਿਰ ਜਾਂਦੇ ਹਨ। ਮੈਂ ਸੋਚਦਾ ਹਾਂ ਕਿ ਮਨੁੱਖ ਦੇ ਨੇਤਰਾਂ ਦਾ ਕਿੰਨਾ ਮਹੱਤਵ ਲਿਖਿਆ ਵੀ ਗਿਆ ਹੈ ਅਤੇ ਬੰਦਾ ਅਨੁਭਵ ਵੀ ਕਰਦਾ ਹੈ ਪਰ ਇਹ ਨੇਤਰ ਨੁਕਸਾਨ ਵੀ ਤਾਂ ਵਾਹਵਾ ਕਰਦੇ ਹਨ। ਇਹ ਨੇਤਰਾਂ ਰਾਹੀਂ ਦ੍ਰਿਸ਼ਟੀ ਸਭ ਪਾਸੇ ਦੌੜਦੀ ਹੈ ਇਹ ਮਨੁੱਖ ਦੀ ਇਕਾਗਰਤਾ ਖੰਡਿਤ ਕਰਦੀ ਹੈ। ਇਸ ਅੱਖਾਂ ਦੀ ਜੋਤ ਦੇ ਨੁਕਸਾਨ ਨੇ ਜੇ ਮਿਲਟਨ ਅਤੇ ਪ੍ਰੋ. ਕਸੇਲ, ਜਿਹਾਂ ਦਾ ਨੁਕਸਾਨ ਵੀ ਕੀਤਾ ਹੈ ਤਾਂ ਭਲਾ ਵੀ ਕੀਤਾ ਹੈ। ਇਹਨਾਂ ਦੀ ਦ੍ਰਿਸ਼ਟੀ ਨੇ ਬਹੁਤ ਕੁਝ ਗਵਾ ਦੇਣਾ ਸੀ ਜੋ ਸਾਂਭਿਆ ਰਿਹਾ ਤੇ ਵਿਕਸਤ ਵੀ ਹੋਇਆ।

ਅਸੀਂ ਜਲੰਧਰੋਂ ਦਿੱਲੀ ਨੂੰ ਰੇਲ ਤੇ ਜਾ ਰਹੇ ਸਾਂ। ਡੱਬੇ ਵਿਚ ਏਨਾ ਰਸ਼ ਸੀ ਕਿ ਖੱਬੇ ਪੈਰ ਨੂੰ ਸੱਜੇ ਦਾ ਪਤਾ ਨਹੀਂ ਸੀ। ਪਰਵੇਸ਼ ਦੁਆਰ ਤੋਂ ਲੈ ਕੇ ਧੁਰ ਅੰਦਰ ਬਾਥ ਰੂਮ ਦੇ ਅੰਦਰ ਵੀ ਲੋਕ ਸਨ ਹੇਠਾਂ ਉੱਪਰ ਲੋਕ ਹੀ ਲੋਕ। ਹੇਠਲੀਆਂ ਉਤਲੀਆਂ ਸੀਟਾਂ ਅਤੇ ਖਾਲੀ ਥਾਵਾਂ ਮੱਲੀ ਬੈਠੇ ਸਨ। ਦਰਵਾਜ਼ੇ ਮਲ ਕੇ ਬੈਠੇ ਲੋਕ ਹੋਰਨਾਂ ਨੂੰ ਚੜ੍ਹਣ ਤੋਂ ਰੋਕ ਰਹੇ ਸਨ।

ਏਨੀ ਭੀੜ ਵਿਚ ਵੀ ਲੋਕ ਗੱਲਾਂ ਕਰਨ ਤੋਂ ਨਹੀਂ ਹਟਦੇ। ਜੇ ਰੌਲਾ ਸੀ ਤਾਂ ਉਚੀ ਸੁਰ ਵਿਚ ਗੱਲ ਹੋ ਸਕਦੀ ਸੀ ਤੇ ਹੋ ਰਹੀ ਸੀ। ਗੱਲਬਾਤ ਦਾ ਵਿਸ਼ਾ ਵੀ ਡੱਬੇ ਵਿਚਲੀ ਭੀੜ ਸੀ। ਭੀੜ ਦੇ ਕਾਰਨ ਤੇ ਅੱਗੋਂ ਤੋੜਾ ਸਰਕਾਰ ਦੇ ਪ੍ਰਬੰਧ ਤੋਂ ਸਰਕਾਰ ਦੀ ਹੈਸੀਅਤ ਅਤੇ ਨੀਯਤ ਉੱਤੇ। ਅੰਨੀ ਪੀਹੇ ਤੇ ਕੁੱਤਾ ਚੱਟੇ ਤੋਂ ਗੱਲ ਸ਼ੁਰੂ ਹੋ ਕੇ ਅੰਨ੍ਹਿਆਂ ਉੱਤੇ ਕੇਂਦਰਤ ਹੋ ਗਈ। ਸਰਕਾਰ ਅੰਨ੍ਹੀ, ਅੰਨੇ ਆਗੂ ਅਤੇ ਜੋ ਵੀ ਨਕਾਰਾਤਮਕ ਗੱਲ ਸੀ ਉਸ ਵਾਸਤੇ ਅੰਨਿਆਂ ਦੀ ਤਸ਼ਬੀਹ ਹੀ ਸੀ।

ਚਲਦੀ ਗੱਡੀ ਵਿਚ ਭੀੜ ਨਾਲ ਨੱਕੋ ਨੱਕ ਭਰੇ ਡੱਬੇ ਵਿਚ ਪਤਾ ਨਹੀਂ ਦੋ ਅੰਨ੍ਹੇ ਦਰਵਾਜ਼ੇ ਚੋਂ ਕਿਵੇਂ ਅੰਦਰ ਆ ਗਏ। ਬਥੇਰੇ ਆਵਾਜ਼ੇ ਕੱਸੇ ਬਥੇਰੀਆਂ ਰੋਕਾਂ ਲਾਈਆਂ ਪਰ ਉਹਨਾਂ ਕਿਸੇ ਦਾ ਬੁਰਾ ਨਾ ਮਨਾਇਆ ਪਰ ਰਸਤਾ ਬਨਾਉਂਦੇ ਖਿਸਕਦੇ ਹੀ ਆਏ ਅਤੇ ਉਹਨਾਂ ਹੇਕਾਂ ਲਾ ਲਾ ਕੇ ਮੰਗਣਾ ਵੀ ਸ਼ੁਰੂ ਕਰ ਦਿੱਤਾ। ਜਿਹੜੇ ਅਗੇ ਹੀ ਅੰਨਿਆਂ ਦੇ ਖਿਲਾਫ ਬੋਲ ਰਹੇ ਸਨ ਉਹ ਬੋਲਦੇ ਰਹੇ ਪਰ ਅੰਨਿਆਂ ਨੇ ਕਿਸੇ ਦੀ ਪਰਵਾਹ ਨਾ ਕੀਤੀ। ਉਹ ਖਿਸਕਦੇ ਹੋਏ ਸਾਰੇ ਡੱਬੇ ਵਿਚ ਹੀ ਘੁਮ ਗਏ ਤੇ ਕਈ ਲੋਕਾਂ ਤੋਂ ਪੈਸੇ ਵੀ ਲੈ ਗਏ। ਤੇ ਏਨਾ ਹੀ ਨਹੀਂ ਉਹ ਚਲਦੀ ਗੱਡੀ ਚੋਂ ਦਰਵਾਜ਼ੇ ਚੋਂ ਇਕ ਇਕ ਕਰਕੇ ਉਤਰੇ, ਡੰਡੇ ਜਾਂ ਜਿਥੇ ਹੱਥ ਅੜਿਆ ਫੜ ਕੇ ਅਤੇ ਜਿਥੇ ਪੈਰ ਟਿਕਿਆ ਅੜਾ ਕੇ ਜਾਂ ਲਟਕ ਕੇ ਹੀ ਉਹ ਨਾਲ ਦੇ ਡੱਬੇ ਵਿਚ ਵੜਣ ਵਿਚ ਵੀ ਕਾਮਯਾਬ ਹੋ ਗਏ। ਉਹਨਾਂ ਦੇ ਏਸ ਕਰਤੱਵ ਨੇ ਅੰਨਿਆਂ ਬਾਰੇ ਸੋਚ ਨੂੰ ਹੀ ਬਦਲ ਦਿੱਤਾ। ਤਬਸਰਾ ਤੇ ਟਿੱਪਣੀਆਂ ਜਾਰੀ ਸਨ।

ਜਿਹੜੇ ਬੰਦੇ ਸਰਕਾਰ ਵਿਰੁੱਧ ਬੋਲਦੇ ਅੰਨਿਆਂ ਦੀ ਸਰਕਾਰ ਕਹਿ ਰਹੇ ਸਨ। ਹੁਣ ਉਹਨਾਂ ਦੀ ਰਾਇ ਸੀ ਕਿ ਸਰਕਾਰ ਅੰਨਿਆਂ ਨੂੰ ਦੇ ਦਿੱਤੀ ਜਾਵੇ ਤਾਂ ਉਹ ਵਧੀਆ ਚਲਾ ਲੈਣਗੇ।

ਅਖਾਂ ਦੀ ਦ੍ਰਿਸ਼ਟੀ ਤੋਂ ਬਗੈਰ ਕਈ ਕੰਮ ਹੋ ਸਕਦੇ ਹਨ। ਏਸੇ ਲਈ ਅੰਤਰ ਧਿਆਨ ਹੋਣ ਵਾਸਤੇ ਯੋਗੀ ਲੋਕ ਅਖਾਂ ਬੰਦ ਕਰਦੇ ਹਨ। ਜੋ ਕੁਝ ਲਿਖਿਆ ਜਾਂਦਾ ਹੈ ਉਹ ਹੀ ਗਿਆਨ ਨਹੀਂ ਹੁੰਦਾ ਬਹੁਤ ਕੁਝ ਅਣਲਿਖਿਆ ਅਤੇ ਅਣਬੋਲਿਆ ਵੀ ਹੁੰਦਾ ਹੈ।



Namdhari Elibrary NamdhariElibrary@gmail.com

# ਕੂਕਾ ਕਿਰਦਾਰ ਦੀ ਬੁਲੰਦੀ ਦੇ ਦਰਸ਼ਨ

*—ਸੁਵਰਨ ਸਿੰਘ ਵਿਰਕ*

ਜਿਸ ਤਰ੍ਹਾਂ ਕਹਿੰਦੇ ਨੇ ਕਿ ਖਿਆਲ ਆਪੋ ਆਪਣਾ ਹੁੰਦਾ ਹੈ। ਬਾਹੜੀਆਂ ਵਾਲੇ ਦੀ ਬੁਰਜੀ ਵਿਚ ਸੰਤ ਵਧਾਵਾ ਸਿੰਘ ਤੇ ਮਾਈ ਧਨ ਕੌਰ ਕੰਬੋਜ ਦੰਪਤੀ ਰਹਿੰਦੇ ਸਨ ਬੜੇ ਪ੍ਰੀਤਵਾਨ ਸਿੱਖ। ਪਿਛੋਂ ਗੋਪੀਪੁਰ ਜ਼ਿਲ੍ਹਾ ਕਪੂਰਥਲਾ ਤੋਂ ਸਨ। ਸੰਤ ਸੋਹਣ ਸਿੰਘ ਜੀ ਜੱਸੋਵਾਲ (ਸੁਲਤਾਨਪੁਰ ਲੋਧੀ ਦੇ ਨੇੜੇ) ਦੀ ਸੰਗਤ ਤੋਂ ਸੁਧਰੇ ਸਨ। ਬਾਰ ਵਿਚ ਠੇਕੇ ਤੇ ਮੁਰੱਬੇ ਲੈ ਚੰਗੀ ਵਾਹੀ ਕਰਦੇ ਤੇ ਆਏ ਰਾਹੀ ਪਾਂਧੀ ਦੀ, ਸਿੱਖ ਸਾਧ ਦੀ ਪੂਰੀ ਸੇਵਾ ਕਰਦੇ। ਸੰਤ ਜੀ ਦੋ ਭਰਾ ਸਨ। ਦੂਜਾ ਕਿਸ਼ਨ ਸਿੰਘ ਸ਼ਰਾਬੀ ਸੀ, ਉਹ ਕਹਿੰਦਾ "ਘਰ ਬੜਾ ਸੀ ਪਰ ਵਧਾਵਾ ਸਿੰਘ ਜੀ ਕੂਕਿਆਂ ਨੂੰ ਹੀ ਖਵਾ ਛੱਡਿਆ ਹੈ।" ਵਧਾਵਾ ਸਿੰਘ ਜੀ ਕਹਿੰਦੇ "ਖੱਟੀ ਤੇ ਬੜੀ ਸੂ, ਮਾਇਆ, ਕਿਸ਼ਨ ਸਿੰਘ ਪਰ ਗਵਾਈ ਐਵੇਂ ਸੂ। ਸ਼ਰਾਬ ਤੇ ਸ਼ਰਾਬੀਆਂ ਦੇ ਮੂੰਹ ਪਾ। ਸੰਤ ਵਧਾਵਾ ਸਿੰਘ ਜੀ ਗਰੀਬਾਂ ਦੀ ਬੜੀ ਮਦਦ ਕਰਦੇ ਸੀ। ਮੱਝ ਦੇ ਕੇ ਜੇ ਕੱਟਾ ਭੀ ਮੁੜੇ ਤਾਂ ਖੁਸ਼ ਰਹਿੰਦੇ ਸੀ।"

"ਵਧਾਵਾ ਸਿੰਘ ਜੀ ਦੇ ਘਰ ਪੁੱਤਰ ਨਾ ਸੀ। ਸਤਿਗੁਰੂ ਜੀ ਏਕ ਸਮੇਂ ਇਹਨਾਂ ਨੂੰ ਕਿਹਾ ਸੀ, "ਸੰਤ ਜੀ ਤੁਹਾਨੂੰ ਪੁੱਤਰ ਲੋੜੀਂਦਾ ਏ ?" ਤਾਂ ਸੰਤ ਜੀ ਕਿਹਾ, "ਸੱਚੇ ਪਾਤਸ਼ਾਹੋ ਨਾ, ਮੇਰਾ ਪਿਆਰ ਨਾਲ ਆਪ ਦੇ ਹੀ ਨਿਭੇ। ਮੱਤ ਪੁੱਤਰ ਵਿਚ ਪੈ ਉਦਾਰਤਾ ਤੇ ਸੱਚੇ ਗੁਰੂ ਪ੍ਰੇਮ ਵਲੋਂ ਖੁੰਝਾਂ।"[੨੪] ਗੁਰੂ ਘਰ ਦੇ ਸਿਦਕਵਾਨ ਸਿੱਖਾਂ ਦੀਆਂ ਐਸੀਆਂ ਗਾਥਾਵਾਂ ਤੇ ਬਚਨ ਵਹਿਮੀ ਰਚਨਾ ਦਾ ਸ਼ਿੰਗਾਰ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੇ ਨੈਤਿਕ ਪਤਨ ਨੂੰ ਵੇਖਕੇ ਹੀ ਨਵੇਂ ਸਿਰਿਉਂ ਸਿੱਖੀ ਸਾਜੀ ਅਤੇ ਰਹਿਤਨਾਮੇ ਵਿਚ ਵੀ ਹਦਾਇਤ ਕੀਤੀ ਕਿ ਮੰਦਾ ਕਰਮ ਕਿਸੇ ਦਾ ਛੁਪਾਉਣਾ ਨਹੀਂ ਤਾਂ ਜੁ ਉਹ ਅਗੇ ਤੋਂ ਸੁਧਰ ਜਾਵੇ। ਨਾਮਧਾਰੀ ਦੀਵਾਨਾਂ ਦੀ ਇਹ ਵਿਸ਼ੇਸ਼ਤਾ ਸੀ ਕਿ ਅਪਰਾਧੀ ਜਿਹੜੇ ਵੱਡੇ ਪੁਲਿਸ ਅਫਸਰਾਂ ਲਈ ਵੀ ਬੁਝਾਰਤ ਬਣੇ ਰਹਿੰਦੇ ਸਨ ਏਥੇ ਸਭ ਕੁਝ ਸੱਚੋ ਸੱਚ ਦੱਸ ਦਿੰਦੇ ਹਨ। ਇਹ ਕੈਸਾ ਅਮਲ ਸੀ ਤੇ ਇਸ ਦੇ ਕਿਹੜੇ ਪੜਾਅ ਸਨ ਜਿਹੜੇ ਉਹਨਾਂ ਦੇ ਅੰਦਰੋਂ ਮੰਦੇ ਕਰਮ ਉਗਲਾ ਦਿੰਦੇ ਸਨ। ਵਹਿਮੀ ਜੀ ਸਤਿਗੁਰੂ ਜੀ ਦੇ ਮੂੰਹੋਂ ਇਉਂ ਦੱਸਦੇ ਹਨ : "ਸਤਿਗੁਰੂ ਜੀ ਹਉਕਾ ਭਰ ਕਿਹਾ ਮੈਂ ਉਹ ਭੀ ਸਮਾਂ ਵੇਖਿਆ ਹੈ, ਸਿੱਖ ਸੰਗਤ ਵਿਚ ਮਸਤ ਹੋ ਕਹਿੰਦੇ ਸੀ, ਦੀਵਾਨ ਵਿਚ ਪਹਿਲੇ ਗੇੜੇ ਨਾ ਮੰਨ ਪਾਪ ਕੀਤੇ ਬਦਨਾਮੀ ਹੋਵੇਗੀ। ਦੂਜੇ ਗੇੜੇ ਕਹਿਣਾ, "ਸਾਧ ਸੰਗਤ ਵਿਚ ਸੱਚ ਦੱਸਿਆਂ ਤੇਰੀ ਰੂਹ ਬਖਸ਼ੀ ਜਾਵੇਗੀ ਤੇ ਹੌਲਾ ਫੁੱਲ ਹੋ ਜਾਏਂਗਾ। ਤੇ ਤੀਜੇ ਗੇੜੇ ਕੀਤੇ ਮੰਦੇ ਕਰਮ ਸਾਫ ਸਾਫ ਦੱਸਣ ਲੱਗ ਪੈਂਦੇ ਸੀ। ਜੋ ਮੈਂ ਦੱਸ ਹੀ ਨਹੀਂ ਸਕਦਾ।"[੨੫] ਸਾਧ ਸੰਗਤ ਜਾਂ ਸਤਿਗੁਰੂ ਜੀ ਪਾਪੀ ਵਿਅਕਤੀ ਨੂੰ ਨਹੀਂ ਪਾਪ ਨੂੰ ਮਾੜਾ ਸਮਝਦੇ ਸਨ ਤੇ ਅਪਰਾਧੀ ਕਿਸੇ ਨੂੰ ਹਾਲਾਤ ਹੀ ਬਣਾਉਂਦੇ ਹਨ। ਜਦੋਂ ਉਹ ਹਾਲਾਤ ਬਦਲ ਦਿੱਤੇ ਜਾਣਗੇ ਫਿਰ ਹੀ ਅਪਰਾਧ ਬਿਰਤੀ ਦਾ ਸਮੂਲ ਚੋਂ ਸਫਾਇਆ ਹੋ ਜਾਏਗਾ। ਸਤਿਗੁਰੂ ਰਾਮ ਸਿੰਘ ਜੀ ਨੇ ਕਲਿਜੁਗ ਵਿਚ ਸਤਿਜੁਗ ਲਾ ਕੇ ਉਹ ਹਾਲਾਤ ਹੀ ਬਦਲ ਦਿੱਤੇ ਸਨ। ਇਕ ਵਿਅਕਤੀ ਦੇ ਸੁਧਾਰ ਨੂੰ ਸੁਮੱਚੇ ਭਾਈਚਾਰੇ ਦੇ ਸੁਧਾਰ ਨਾਲੋਂ ਨਖੇੜ ਕੇ ਨਹੀਂ ਵੇਖਿਆ ਜਾ ਸਕਦਾ।

ਜੀਵਨ ਨਗਰ ਇਲਾਕੇ ਵਿਚ ਆਏ ਸਿੱਖ ਪਹਿਲੇ ਸਮੇਂ ਦੀਆਂ ਤੰਗੀਆਂ ਕਾਰਨ ਹੁੱਸੜ ਜਾਂਦੇ ਸਨ। ਜਵਾਂ ਦੇ ਕੰਡਿਆਂ ਤੋਂ ਜ਼ਖਮ ਬਣ ਜਾਂਦੇ ਜੋ ਛੇਤੀ ਠੀਕ ਨਾ ਹੁੰਦੇ। ਕਾਲ ਸੁਕਾਲ ਵੀ ਝੱਲਣਾ ਪੈਂਦਾ। ਕਈਆਂ ਦੀਆਂ ਬਰਾਦਰੀਆਂ ਸਾਕ ਨਾਤੇ ਹੋਰਨਾਂ ਜ਼ਿਲ੍ਹਿਆਂ ਵਿਚ ਦੂਰ ਬੈਠੇ ਸਨ। ਇਸ ਲਈ ਕਈ ਆਪਣੇ ਕਲੇਮ ਅਤੇ ਖਰੀਦੀਆਂ ਜ਼ਮੀਨਾਂ ਹੋਰਨਾਂ ਨੂੰ ਦੇ ਕੇ ਜਾਣਾ ਵੀ ਚਾਹੁੰਦੇ ਸਨ। ਸਤਿਗੁਰੂ ਜੀ ਉਹਨਾਂ ਨੂੰ ਧੀਰਜ ਦਿੰਦੇ ਕਿ ਇਹ ਤੰਗੀ ਸਦਾ ਨਹੀਂ ਰਹੇਗੀ। ਇਕੇ ਰਹੋਗੇ। ਭੂਮੀ ਆਬਾਦ ਵੀ ਹੋ ਜਾਏਗੀ ਤੇ ਰਿਜ਼ਕ ਵੀ ਦੇਵੇਗੀ। ਸੰਗਤ ਦਾ ਮੇਲਾ ਤੇ ਬਣਿਆ ਹੀ ਹੈ। ਫਿਰ ਉਹਨਾਂ ਆਪਣੀ ਮਿਸਾਲ ਦੇ ਕੇ ਕਿਹਾ "ਵੇਖੋ ਮੈਂ ਤੁਹਾਡੇ ਪਿਆਰ ਕਾਰਨ ਸਦਾ ਦਾ ਧਾਰਨ ਕੀਤਾ ਮਹੀਨਾ ਜਪ ਤਪ, ਦੂਜੇ ਸਾਲ ਦਾ ਨਹੀਂ ਕਰ ਸਕਿਆ। ਮਨੋ ਜਾਣਿਆ ਹੈ, ਦੁਖੀ ਸਿੱਖਾਂ ਦਾ ਦਰਦ ਹੀ ਸਾਰੇ ਜਪ ਤਪ ਏ। ਮੈਂ ਖਪ ਖਪ ਤੁਹਾਨੂੰ ਲਿਆ ਬਹਾਇਆ ਏ।"[੨੬]

ਸੰਤ ਨਗਰ ਰਹਿੰਦਿਆਂ ਭਾਈ ਘਸੀਟਾ ਸਿੰਘ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੇਰੇ ਪਾਸ ਦੋ ਗਊਆਂ ਲਵੇਰੀਆਂ ਹਨ। ਇਕ ਕਿਸੇ ਹੋਰ ਸਾਧ ਨੂੰ ਦੇ ਦਿਓ। ਸਤਿਗੁਰੂ ਜੀ ਕਿਹਾ ਕਿ ਤੁਸੀਂ ਜਲ ਪਾਣੀ ਪ੍ਰਸ਼ਾਦਾ ਆਏ ਅਭਿਆਗਤ ਨੂੰ ਛਕਾਂਦੇ ਹੋ ਰੱਖੋ ਪਾਸ ਹੀ। ਬਹੁਤ ਜ਼ੋਰ ਦੇਣ ਤੇ ਕਿਹਾ ਕਿ ਜਿਹੜਾ ਤੈਥੋਂ ਮੰਗਣ ਆਵੇ ਉਹਨੂੰ ਦੇ ਦੇਵੀਂ। ਕੂਕਿਆਂ ਦਾ ਇਤਫਾਕ ਤੇ ਇਕ ਦੂਜੇ ਨਾਲ ਦੁਖ ਸੁਖ ਵੰਡਣਾ ਕਿਸੇ ਸਮੇਂ ਮਿਸਾਲੀ ਹੁੰਦਾ ਸੀ।

ਚੌਥੇ ਪਉੜੇ ਦੀ ਬਿਰਧ ਮਾਈ ਦਾ ਘੜਾ ਭਰਿਆ ਪਾਣੀ ਦਾ ਸੰਤ ਰਲਾ ਸਿੰਘ ਜੀ ਤਾਜੋਕੇ (ਹੁਸ਼ਿਆਰਪੁਰ) ਛੱਡ ਕੇ ਆਏ। ਸ਼ਰਈਆਂ ਆਖਿਆ ਘੜੇ ਦਾ ਪਾਣੀ ਮੂੰਹ ਵਿਚ ਪੈਣ



Namdhari Elibrary NamdhariElibrary@gmail.com

ਨਾਲ ਭਿੱਟਿਆ ਗਿਆ ਹੈ। ਅਸਾਂ ਤੇਰੇ ਨਾਲ ਵਰਤੋਂ ਨਹੀਂ ਰੱਖਣੀ। ਸੰਤਾਂ ਕਿਹਾ ਮੈਂ ਪਹਿਲਾਂ ਹੀ ਤੁਹਾਨੂੰ ਛਡੀ ਬੈਠਾ ਹਾਂ। ਮੈਨੂੰ ਤੇ ਸੇਵਾ ਉਜੜਿਆਂ ਥੁੜਿਆਂ ਦੀ ਵਿਚੋਂ ਹੀ ਕੁਝ ਲੱਭਦਾ ਹੈ।

ਟਿੱਬੀ ਰਹਿੰਦਿਆਂ ਇਕ ਦਲਿਤ ਰੰਡੀ ਬੁੱਢੀ ਖਰਾਸ ਤੇ ਬੈਠੀ ਸੰਤ ਆਲਾ ਸਿੰਘ ਰੋਂਦੀ ਸੁਣੀ। ਉਹ ਆਖੇ ਜੱਟ ਢੱਗੇ ਛੱਡ ਕੇ ਲੈ ਗਿਆ ਤੇ ਮੇਰਾ ਆਟਾ ਕੌਣ ਪੀਹੇਗਾ। ਸੰਤਾਂ ਉਸ ਦੇ ਦਾਣੇ ਲੈ ਕੇ ਡੇਰੇ ਤੋਂ ਆਪਣਿਉਂ ਆਟਾ ਲਿਆ ਦਿੱਤਾ। ਫਿਰ ਤੀਜੇ ਚੌਥੇ ਛਿਕੂ ਦਾਣਿਆਂ ਦਾ ਮਾਈ ਤੋਂ ਲੈਕੇ ਹੱਥ ਚੱਕੀ ਨਾਲ ਪੀਹ ਦਿੰਦੇ। ਇੰਨੇ ਨੂੰ ਖਰਾਸ ਵਾਲੇ ਨੂੰ ਵੀ ਮੱਤ ਆ ਗਈ ਕਿ ਮੈਂ ਪੀਹ ਦਿਆਂਗਾ। ਥੁੜੇ ਦੀ ਸੇਵਾ ਨੂੰ ਸੰਤ ਲਾਹੇਵੰਦੀ ਦੱਸਦੇ ਸਨ।

ਸਤਿਗੁਰੂ ਜੀ ਆਪਣੀ ਨਿੰਦਿਆ ਕਰਨ ਵਾਲੇ ਸਿੱਖਾਂ ਨਾਲ ਵੀ ਪ੍ਰਸੰਨ ਚਿੱਤ ਹੋ ਕੇ ਬਚਨ ਕਰਿਆ ਕਰਦੇ ਸਨ। ਉਹਨਾਂ ਦੀ ਬਣਦੀ ਸਰਦੀ ਮਦਦ ਵੀ ਕਰਦੇ ਸਨ ਜਿਵੇਂ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਸੀ ਕਿ ਨਿੰਦਾ ਕਰਨ ਵਾਲੇ ਨੂੰ ਨਿੰਦਾ ਦਾ ਫਲ ਤੇ ਸੇਵਾ ਕਰਨ ਵਾਲੇ ਨੂੰ ਸੇਵਾ ਦਾ ਫਲ ਮਿਲੇਗਾ। ਇਸ ਤਰ੍ਹਾਂ ਹੀ ਮਨੁੱਖ ਆਤਮਕ ਬੁਲੰਦੀਆਂ ਨੂੰ ਛੋਹਦਾ ਹੈ। "ਇਕ ਸਿੱਖ ਨੇ ਅਰਜ਼ ਕੀਤੀ ਜੀ ਕਈ ਸਿੱਖਾਂ ਤੇ ਵੀ ਮੈਨੂੰ ਗਿਲਾਣਤਾ ਆਉਂਦੀ ਹੈ ਜੋ ਆਪ ਦੇ ਉਲਟ ਬੋਲਦੇ ਹਨ। ਤੇ ਆਪ ਤੇ ਵੀ ਗਿਲਾ ਆਉਂਦੈ ਜਦ ਤੁਸੀਂ ਉਨ੍ਹਾਂ ਨਾਲ ਬੋਲਦੇ ਹੋ। ਕੁਝ ਮਦਦ ਵੀ ਉਨ੍ਹਾਂ ਦੀ ਕਰਦੇ ਹੋ। ਤਾਂ ਸਤਿਗੁਰੂ ਜੀ ਉਸ ਨੂੰ ਕੋਲ ਬਹਾ ਕਿਹਾ, "ਤੂੰ ਕਿਸੇ ਤੇ ਗਿਲਾਣਤਾ ਨਾ ਕਰਿਆ ਕਰ, ਸਗੋਂ ਕਰਤੇ ਤੋਂ ਬਖਸ਼ਿਸ਼ ਮੰਗਿਆ ਕਰ ਕਿ ਉਨ੍ਹਾਂ ਤੋਂ ਕੋਈ ਮਾੜਾ ਕਰਮ ਨਾ ਹੋਵੇ। ਨਹੀਂ ਤੇ ਗਿਲਾਣ ਆਪਣੇ ਤੇ ਪੈ ਜਾਂਦੀ ਐ। ਤੇ ਜੋ ਮੇਰੀ ਗੱਲ ਕਰਨਾ ਏ, ਮੈਨੂੰ ਮਾਤਾ ਜੀ ਮੱਤ ਦਿੱਤੀ ਹੋਈ ਏ, ਆਏ ਨੂੰ ਖਾਲੀ ਉੱਕਾ ਨਾ ਘੱਲੀਏ ਥੋਹੜਾ ਬਹੁਤ ਜੋ ਲੈ ਜਾਵੇ ਵਿਰੋਧੀ ਨਹੀਂ ਰਹਿ ਜਾਂਦਾ। ਤੇ ਤੂੰ ਕੀ ਜਾਣਦੈਂ ਕਿ ਮੈਂ ਜਾਣਦਾ ਨਹੀਂ ਫਲਾਣਾ ਕਿਵੇਂ ਦਾ ਹੈ, ਮੈਂ ਸਭ ਨੂੰ ਜਾਣਦਾ ਹਾਂ, ਪਰ ਕਹਿੰਦਾ ਕੁਝ ਨਹੀਂ ਮਤਾ ਸਿੱਖ ਤਿੜਕ ਨਾ ਜਾਏ। ਝਿੜਕ ਤਾਂ ਸਹਿੰਦਾ ਅੱਜ ਕੱਲ੍ਹ ਕੋਈ ਹੈ ਨਹੀਂ, ਮੈਂ ਜਿਹਦੇ ਨਾਲ ਰਾਜ਼ੀ ਹੋ ਬੋਲਾਂ ਤੂੰ ਵੀ ਰਾਜ਼ੀ ਰਿਹਾ ਕਰ। ਤੇ ਨਿਰੇ ਗੱਲਾਂ ਵਾਲਿਆਂ ਨਾਲ ਨਾ ਰੁਝਿਆ ਕਰ। ਜੇ ਇਹ ਸਭ ਵਰਤੇਂਗਾ ਤਾਂ ਸੁਖੀ ਰਹੇਂਗਾ। ਨਹੀਂ ਤਾਂ ਦੁਬਿਧਾ ਦੀ ਜਿਉੜੀ ਵਿਚ ਬੱਝਾ ਦੁਖੀ ਰਹੇਂਗਾ।"[੨੨] ਜੀਵਨ ਜਾਚ ਦੀਆਂ ਇਹੋ ਜਿਹੀਆਂ ਬਾਰੀਕੀਆਂ ਮਨੁੱਖ ਨੂੰ ਪੂਰਨ ਬਣਾ ਦਿੰਦੀਆਂ ਹਨ।

ਉਹ ਸਮਾਂ ਕਿਹੋ ਜਿਹਾ ਸੀ। ਵਹਿਮੀ ਜੀ ਜੱਗ ਮਲੇਰੇ ਰਹਿੰਦੇ ਸਨ। ਇਕ ਮੱਝ ਸਤਿਗੁਰੂ ਜੀ ਦੀ ਦਿੱਤੀ ਕਿਤੇ ਘੁੱਸ ਗਈ। ਉਹ ਸੂਣ ਵਾਲੀ ਸੀ। ਵਹਿਮੀ ਜੀ ਉਸ ਮੱਝ ਘਰ ਆਈ ਦੇ ਪਿੱਛੇ, ਦੋਹਣਾ ਚੁੱਕ ਤੁਰ ਪਏ ਜੋ ਕਿਤੇ ਬਾਹਰ ਹੀ ਸੂਈ ਸੀ। ਦੋ ਮੀਲ ਤੇ ਜਾ ਕੇ ਜੰਗਲ ਵਿਚ ਮੱਝ ਅੜਿੰਗੀ ਤੇ ਕੱਟਾ ਝਾੜੀ ਵਿਚੋਂ ਨਿਕਲਿਆ ਜਿਸ ਨੂੰ ਲੈ ਕੇ ਮੱਝ ਚੋ ਕੇ ਫਿਰ ਘਰ ਆਏ। ਜਦੋਂ ਉਹ ਕੋਠੀ ਉਠ ਛੱਡਣ ਆਏ ਤਾਂ ਉਹ ਅਮਰਾਸਰ ਨੂੰ ਨਿਕਲ ਗਿਆ। ਹੁਣ ਇਹ ਨਾ ਪਤਾ ਲੱਗੇ ਕਿ ਕੋਠੀ ਕਿਧਰ ਹੈ। ਰਾਤ ਦਾ ਸਮਾਂ ਜਦੋਂ ਵਰਨੀਆਂ ਦਾ ਘੜਿਆਲ ਖੜਕਿਆ ਉਸ ਦੇ ਅੰਦਾਜ਼ੇ ਤੇ ਅੱਪੜੇ। ਛੇੜੂ ਮਾਲ ਚਾਰਦੇ ਚਾਰਦੇ ਵਾਪਸੀ ਤੇ ਦੂਜੇ ਪਿੰਡ ਅੱਪੜ ਜਾਂਦੇ।

ਭਾਈ ਘਸੀਟਾ ਸਿੰਘ ਮਦਾਰ ਵੱਡਾ ਸਾਧ ਸੇਵੀ ਸੀ, ਉਹਦੇ ਘਰ ਲੋਹ ਲੰਗਰ ਚਲਦਾ ਰਹਿੰਦਾ। ਜਦੋਂ ਧਰਮ ਪਤਨੀ ਬੀਬੀ ਅਮਰ ਕੌਰ ਨੇ ਸੁਨੇਹਾ ਭੇਜਿਆ ਕਿ ਸਾਨੂੰ ਟਿਬੀਉਂ ਹੁਣ ਨਵੇਂ ਮੁਰੱਬਿਆਂ ਵਿਚ ਲੈ ਚਲੋ ਜੀਆਂ ਸਮੇਤ। ਤਾਂ ਉਹਨਾਂ ਨੇ ਵਹਿਮੀ ਜੀ ਤੋਂ ਲਿਖਵਾ ਕੇ ਇਹ ਖਤ ਪਾਇਆ ਸੀ—"ਮੈਂ ਬੇਖਰੀਦ ਗੁਰੂ ਕਾ ਹਾਂ। ਹੁਕਮ ਹੋਇਆ ਤਾਂ ਆਵਾਂਗਾ। ਨਹੀਂ ਤਾਂ ਆਪ ਹੀ ਔਖੇ ਸੌਖੇ ਹੋ ਆ ਜਾਣਾ।"[੨੩] ਘਸੀਟਾ ਸਿੰਘ ਤੇ ਵਹਿਮੀ ਜੀ ਦੋਹਾਂ ਦੀਆਂ ਮਾਤਾਵਾਂ ਵੀ ਪਿਛਲੇ ਪਿੰਡਾਂ ਤੋਂ ਅੰਮ੍ਰਿਤਸਰ ਆ ਗਈਆਂ ਸਨ ਕਾਫਲਿਆਂ ਨਾਲ। ਕੁਝ ਸਮਾਂ ਜੱਗ ਮਲੇਰ ਬਿਤਾ ਕੇ ਦੋਵੇਂ ਮਾਈਆਂ ਅਕਾਲ ਚਲਾਣੇ ਕਰ ਗਈਆਂ। ਸੂਬਾ ਵਰਿਆਮ ਸਿੰਘ ਸਮਸੇ ਵਾਲੇ ਤੇ ਘਸੀਟਾ ਸਿੰਘ ਹੋਰਾਂ ਦੀ ਤੇੜ ਤੋਂ ਵੀ ਸੰਗਤ ਕਦੇ ਕਦੇ ਪ੍ਰੇਸ਼ਾਨ ਹੋ ਉੱਠਦੀ ਸੀ।

ਸਤਿਗੁਰੂ ਜੀ ਨਿਰੇ ਕਰਮ ਕਾਂਡ ਨੂੰ ਵੀ ਚੰਗਾ ਨਹੀਂ ਸਨ ਸਮਝਦੇ ਜੋ ਮਾਣ ਵਿਖਾਵੇ ਤੇ ਪ੍ਰਤਿਭਾ ਵਾਸਤੇ ਹੀ ਕੀਤਾ ਜਾਂਦਾ ਹੋਵੇ। ਸੰਤ ਚਤਰ ਸਿੰਘ ਜੱਲ੍ਹਣ ਵਾਲੇ ਜ਼ਿਆਦਾ ਸਮਾਂ ਮੋਨ ਧਾਰੀ ਰੱਖਦੇ ਸਨ। "ਸਤਿਗੁਰੂ ਜੀ ਇਕ ਦਿਨ ਅਮਰਾਸਰ ਵੱਡੇ ਦਰਸ਼ਨ ਦਿੱਤੇ। ਸੰਤ ਚਤਰ ਸਿੰਘ ਜੀ ਜੱਲ੍ਹਣ ਦੇ ਜੋ ਕੁਝ ਚਿਰ ਦੇ ਆਏ ਚੁੱਪ ਕੀਤੇ ਟਿਕੇ ਸੀ, ਸਤਿਗੁਰੂ ਜੀ ਦੇ ਚਰਨੀ ਆਏ ਸਮੇਂ ਤੇ ਸਾਧਾਂ ਨਾਲ ਭੀ ਸੈਨਤਾਂ ਤੇ ਊਂ ਊਂ ਕਰ ਹੀ ਤੇ ਇਸ਼ਾਰਿਆਂ ਨਾਲ ਗੱਲਾਂ ਕਰਨ। ਸਤਿਗੁਰੂ ਜੀ ਕਿਹਾ, "ਗੁਰਮਤ ਦੇ ਬਚਨ ਤੇ ਖਾਸ ਵਿਹਾਰ ਦੇ ਬਚਨ ਵੇਲੇ ਸਾਧਾਂ ਨਾਲ ਬੋਲਣਾ ਕੋਈ ਹਰਜ ਨਹੀਂ। ਵਾਧੂ ਬੋਲਣ ਤੋਂ ਚੁੱਪ ਚੰਗੀ ਏ।"[੨੪]

ਨਾਮਧਾਰੀਆਂ ਦਾ ਕੁਰਬਾਨੀਆਂ ਭਰਿਆ ਇਤਿਹਾਸ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੱਟਿਆਂ ਤੇ ਸੀ। ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪ੍ਰੀਤਵਾਨ ਚਰਨ ਸੇਵਕਾਂ ਦੇ ਬਚਨ ਕਰਦਿਆਂ ਅਕਸਰ ਵੈਰਾਗੀ ਹੋ ਜਾਇਆ ਕਰਦੇ ਸਨ। ਵਹਿਮੀ ਦੀ ਦੁਪੈਹਰੇ ਜੱਗ ਮਲੇਰੇ (ਹੁਣ ਨਾਂ ਸੰਤ ਨਗਰ) ਹੋਣ ਵਾਲੀ ਕਥਾ ਵਿਚ ਰੋਜ਼ ਹਾਜ਼ਰ ਹੁੰਦੇ ਸਨ। "ਕਥਾ ਸਮੇਂ ਬਚਨ ਕੀਤਾ ਸਤਿਗੁਰੂ ਜੀ ਨੇ ਵਿਦੇਸ਼ ਗਏ ਸਿੱਖਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਹੁਕਮ ਦਿੱਤਾ, ਭੇਸ ਬਦਲ ਲਓ ਮੱਤ ਕੋਈ ਸਿਆਣੇ ਕਿ ਪੰਜਾਬੀ ਹਨ। ਤਾਂ ਨਰੈਣ ਸਿੰਘ ਜੀ ਰੋੜੇ ਤੇ ਸਰਮੁਖ ਸਿੰਘ ਜੀ ਲੱਲ੍ਹਆਣੇ ਦੇ ਨੇ ਬਸਤਰ ਕਾਲੇ ਕਰ ਲਏ



Namdhari Elibrary NamdhariElibrary@gmail.com

ਸੀ ਪਰ ਸਰਮੁਖ ਸਿੰਘ ਜੀ ਮੂੰਹ ਭੀ ਕਾਲਾ ਕਰ ਲਿਆ ਸੀ ਤੇ ਸਤਿਗੁਰੂ ਜੀ ਵਲ ਮੂੰਹ ਕਰ ਤਰਲਾ ਕੀਤਾ ਸੀ। "ਸੱਚਿਆ ਪਾਤਸ਼ਾਹ ਲਾਖਾ ਦਰਸ਼ਨ ਮੰਗਦੇ।" ਇਹ ਬਚਨ ਕਰਦਿਆਂ ਦਾ ਪਹਿਲੋਂ ਹਉਕਾ ਨਿਕਲਿਆ ਤੇ ਫਿਰ ਅੱਥਰੂ ਕਿਰ ਪਏ ਤੇ ਕਿਹੋ ਨੇ, ਗੁਰੂ ਕੇ ਸਿੱਖਾਂ ਵਿਦੇਸ਼ ਰੰਗੂਨ ਜਾ ਇਹ ਹੱਦੋਂ ਕਰ ਵਿਖਾਈ। ਸਰਮੁਖ ਸਿੰਘ ਜੀ ਰਹਿੰਦੇ ਲੱਲੂਆਣੇ, ਜਿਸ ਕਰਕੇ ਆਮ ਇਹਨਾਂ ਨੂੰ ਲੱਲੂਆਣੀਏ ਕਹਿੰਦੇ ਪਰ ਹੈ ਸਨ ਢਿਲਵਾਂ ਜ਼ਿਲ੍ਹਾ ਬਠਿੰਡਾ ਦੇ।"[੬੦]

ਜ਼ਮੀਨ ਦੀ ਵੰਡ ਵਿਚ ਕੁਝ ਸਿੰਘਾਂ ਦੇ ਪ੍ਰੇਸ਼ਾਨ ਹੋਣ ਤੇ ਸਤਿਗੁਰੂ ਜੀ ਵੀ ਤੰਗੀ ਮੰਨਦੇ ਸਨ। ਤੇ ਆਪਣੀ ਨਿਆਈਂ ਸੰਤ ਨਗਰ ਵਿਚ ਦੁਖ ਸੁਖ ਵੇਲੇ ਹਵਾੜ ਕੱਢਣ ਲਈ ਆ ਜਾਂਦੇ ਸਨ। ਸੰਤ ਆਲਾ ਸਿੰਘ ਤੇ ਸੂਬਾ ਵਰਿਆਮ ਸਿੰਘ ਸਮਸਾ ਦੇ ਡੇਰੇ ਤਾਂ ਇਕ ਦਿਨ ਇਸ ਤਰ੍ਹਾਂ ਹੀ ਇਥੇ ਆ ਕੇ ਬਚਨ ਕੀਤਾ "ਮੈਨੂੰ ਕੁਲ ਨਾਲੋਂ, ਭਰਾਵਾਂ ਨਾਲੋਂ, ਆਪਣੀ ਕੀਤੀ ਜ਼ੁਬਾਨ ਨਾਲੋਂ, ਪੁੱਤਰਾਂ ਨਾਲੋਂ ਸਿੱਖ ਪਿਆਰੇ ਹਨ। ਤੇ ਸਿੱਖ ਵੀ ਮੈਨੂੰ ਸਭ ਸੰਸਾਰ ਨਾਲੋਂ ਤੇ ਸਭ ਲੋੜਾਂ ਲੱਜਾਂ ਨਾਲੋਂ ਪਿਆਰਾ ਮੰਨ ਕੇ ਵਰਤਕੇ ਵਿਖਾ ਦੇਂਦੇ ਹਨ। ਪਰ ਜੋ ਸਤਿਗੁਰੂ ਜੀ ਦੀ ਰਜ਼ਾ ਏ। ਜੋ ਉਹਨਾਂ ਕਿਹਾ ਹੋਇਐ ਕਿਸੇ ਦੀ ਨਹੀਂ ਰਹਿਣ ਦੇਣੀ। ਸੋ ਇਸ ਮਾਮਲੇ ਵਿਚ ਵਰਤੀ ਹੈ। ਜਿਸ ਨਾ ਕੁਝ ਮੇਰੇ ਵਿਚ ਰਹਿਣ ਦਿੱਤਾ ਏ ਤੇ ਨਾ ਸਿੱਖਾਂ ਵਿਚ, ਕਹਿ ਸਤਿਗੁਰ ਜੀ ਵੈਰਾਗੀ ਹੋ ਗਏ।"[੬੧]

ਜੀਵਨ ਨਗਰ ੨੦੦੭ ਬਿਕ੍ਰਮੀ ਦੀਆਂ ਗਰਮੀਆਂ ਵਿਚ ਸੰਤ ਮੰਗਲ ਸਿੰਘ ਜੀ ਫਤੂਹੀ ਚੱਕੀਏ, ਪ੍ਰਸਿੱਧ ਨਾਮਧਾਰੀ ਪ੍ਰਚਾਰਕ, ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਭੀ ਰਹਿੰਦੇ ਸਨ। ਸਤਿਗੁਰੂ ਜੀ ਇਹਨਾਂ ਨੂੰ ਕਦੇ ਕਦੇ "ਗੁਰੂ ਜੀ" ਕਹਿ ਕੇ ਸੰਬੋਧਿਤ ਹੁੰਦੇ ਸਨ। ਇਸ ਕਾਰਣ ਵਹਿਮੀ ਜੀ ਨੇ ਇਕ ਵੇਰ ਇਹ ਪ੍ਰਸ਼ਨ ਪੁੱਛਿਆ ਕਿ ਤੁਹਾਨੂੰ ਭਜਨ ਦੇਣ ਵਾਲੇ ਸਾਧ ਤਾਂ, ਭਾਈ ਵਜੀਰ ਸਿੰਘ ਪੰਡੋਰੀ ਅਤੇ ਸੰਤ ਉੱਤਮ ਸਿੰਘ ਜੀ ਰਾਇਸਰ (ਸੁਰਤ ਆਉਣ ਤੇ) ਸਨ, ਮੰਗਲ ਸਿੰਘ ਜੀ ਗੁਰੂ ਕਿਵੇਂ ਹੋਏ ? ਸਤਿਗੁਰੂ ਜੀ ਬਚਨ ਕੀਤਾ, "ਕਾਕਿਆਂ ਦੀ ਮਾਤਾ ਦੇ ਚੜ੍ਹਨ ਬਾਅਦ ਮਾਤਾ ਜਿਊਣ ਕੌਰ ਜੀ ਤੇ ਕਈਆਂ ਸਿੱਖਾਂ ਭੀ ਮੈਨੂੰ ਕਿਹਾ ਤੂੰ ਹੋਰ ਅਨੰਦ ਕਰਾ ਲੈ। ਮੈਂ ਮਾਤਾ ਜੀ ਨੂੰ ਕਿਹਾ ਜੇ ਉਸ ਜਹੀ ਕੋਈ ਹੈ ਤਾਂ ਦੱਸੋ, ਪਰ ਸਿੱਖਾਂ ਨੂੰ ਕੋਈ ਉੱਤਰ ਨਾ ਦਿੰਦਾ ਸਾਂ। ਸੋਚ ਵਿਚ ਸਾਂ ਕਿ ਇਹ ਸੰਤ ਜੀ ਮਿਲੇ।...ਇਨ੍ਹਾਂ ਕਿਹਾ ਜੇ ਸੁਖੀ ਰਹਿਣਾ ਹੈ ਤਾਂ ਹੋਰ ਅਨੰਦ ਨਾ ਕਰੀਂ। ਮੈਂ ਦੱਤਾ ਤ੍ਰੇਅ ਜੀ ਵਾਂਗ ਜਿਵੇਂ ਉਨ੍ਹਾਂ ੨੪ ਗੁਰੂ ਧਾਰੇ ਸੀ ਇਕ ਇਕ ਮੱਤ ਜੋਗ, ਮੈਂ ਇਕ ਚੰਗੀ ਉੱਚੀ ਮੱਤ ਦਾ ਇਨ੍ਹਾਂ ਨੂੰ ਗੁਰੂ ਕਹਿੰਦਾ ਤਾਂ ਤੇ ਠੀਕ ਸੁਖੀ ਵੀ ਹਾਂ।"[੬੨]

ਜੀਵਨ ਨਗਰ ਗੁਰੂ ਬਾਲਕ ਸਿੰਘ ਜੀ ਦੇ ਨਿਵਾਸ ਅਸਥਾਨ ਹਜਰੋ ਸਾਹਿਬ ਦਾ ਇਕ ਬਾਬਾ ਰਹਿੰਦਾ ਸੀ। ਜਿਸ ਦਾ ਨਾਂ ਜਵਾਹਰ ਸਿੰਘ ਜੀ ਤੇ ਸਾਰੇ ਉਸਨੂੰ ਬਾਬਾ ਹਜਰੋਂ ਹੀ ਆਖਦੇ ਸਨ। ਉਸਨੇ ਗੁਰੂ ਬਾਲਕ ਸਿੰਘ ਜੀ ਦੇ ਸਮੇਂ ਇਕ ਸਿੱਖ ਭਾਈ ਸੰਤ ਸਿੰਘ ਦਾ ਬਚਨ ਸੁਣਾਇਆ ਕਿ ਉਸਨੇ ਇਕ ਸੁਆਲੀ ਮੰਗਤੇ ਨੂੰ ਆਪਣੀ ਲੋਈ ਦੇ ਦਿੱਤੀ। ਓਹਦੇ ਇਹ ਅਸੀਸ ਦੇਣ ਤੇ ਕਿ ਇਹ ਤੈਨੂੰ ਸਹੰਸ ਗੁਣਾਂ ਹੋ ਕੇ ਮਿਲੇ, ਲੋਈ ਉਸ ਤੋਂ ਖਿਚ ਲਈ। ਸੁਆਲੀ ਰੋਂਦਾ ਰੋਂਦਾ ਗੁਰੂ ਬਾਲਕ ਸਿੰਘ ਜੀ ਕੋਲ ਫਰਿਆਦੀ ਹੋਇਆ ਕਿ ਸੰਤ ਸਿੰਘ ਨੇ ਲੋਈ ਦੇ ਕੇ ਫਿਰ ਖੋਹ ਲਈ ਹੈ ਤਾਂ ਗੁਰੂ ਜੀ ਦੇ ਪੁੱਛਣ ਤੇ ਉਸ ਭਾਈ ਸੰਤ ਸਿੰਘ ਕਿਹਾ, "ਜਿਹੜਾ ਪਲ ਘੜੀ ਦੀ ਕੈਦ ਨਾ ਲੋੜੇ, ਉਹ ਕਈ ਜਨਮ ਕਿਵੇਂ ਕੈਦ ਹੋਣਾ ਮੰਨਦੈ ? ਏਸ ਸੁਆਲੀ ਸਹੰਸ ਗੁਣਾ ਹੋ ਇਸ ਲੋਈ ਦਾ ਫਲ ਮਿਲਣ ਦੀ ਅਸੀਸ ਦਿੱਤੀ। ਮੈਂ ਕਿਉਂ ਏਨੇ ਜਨਮਾਂ ਵਿਚ ਪਵਾਂ ਗੁਰੂ ਜੀ ਮੰਗਤੇ ਨੂੰ ਕਹਿ ਦਿੱਤਾ ਕਿ ਜੋ ਇਹ ਚਾਹੁੰਦੈ ਤੂੰ ਸੋ ਕਹਿ ਤਾਂ ਸੰਤ ਸਿੰਘ ਜੀ ਕਿਹਾ, ਇਹ ਕਵ੍ਹੇ, ਜੋ ਮੇਰੇ ਭਾਗ ਗੁਰੂ ਕੇ ਖਜ਼ਾਨੇ ਵਿਚ ਸੀ ਸੋ ਮੈਂ ਲਿਆ ਹੈ। ਸਵਾਲੀ ਨੇ ਸਤਿ ਬਚਨ ਕੀਤਾ ਤੇ ਕਿਹਾ। ਸੰਤ ਜੀ ਸੋ ਲੋਈ ਉਸਨੂੰ ਦਿੱਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਇਹ ਸਾਖੀ ਸੁਣ ਬਚਨ ਕੀਤਾ ਸਿੱਖ ਯੋਗ ਇਹ ਅਵਸਥਾ ਬੜੇ ਉੱਚੇ ਸੁਖ ਅਸਥਾਨ ਦੀ ਏ, ਤੇ ਮੈਨੂੰ ਕਿਹੋ ਨੇ ਤੂੰ ਰੋਜ਼ ਦੇ ਨਵੇਂ ਪੁਰਾਣੇ ਬਚਨ ਐਸੇ ਸੁਣ ਲਿਖ ਲਿਆ ਕਰ ਸੋ ਮੈਂ ਲਿਖ ਲਏ ਸੀ।"[੬੩]

੧੯੪੭ ਦੀ ਵੰਡ ਨੇ ਜੋ ਜ਼ਖਮ ਲਾਏ ਸਨ ਉਹ ਸਤਿਗੁਰੂ ਪ੍ਰਤਾਪ ਸਿੰਘ ਵਰਗੇ ਸੰਵੇਦਨਸ਼ੀਲ ਮਨ ਮਸਤਕ ਦੇ ਸੁਆਮੀ ਨੂੰ ਲੰਮਾ ਸਮਾਂ ਪ੍ਰੇਸ਼ਾਨ ਕਰਦੇ ਰਹੇ। ਖਾਸ ਕਰਕੇ ਪਾਕਿਸਤਾਨ ਵਿਚ ਰਹਿ ਗਈਆਂ ਧੀਆਂ ਭੈਣਾਂ ਦੀ ਦੀਨ ਦਸ਼ਾ ਤੇ ਤਾਂ ਆਪ ਡਾਢੇ ਹੀ ਚਿੰਤਾਤੁਰ ਹੁੰਦੇ। ਅੰਨ ਜਲ ਤਕ ਤਿਆਗ ਦਿੰਦੇ ਸਨ ਜਦੋਂ ਕਦੇ ਉਹਨਾਂ ਦੀ ਯਾਦ ਆਉਂਦੀ। ਗਊ ਹੱਤਿਆ ਤੇ ਪਾਬੰਦੀ ਨਾ ਲਾਉਣ ਅਤੇ ਪਾਕਿਸਤਾਨ ਰਹੀਆਂ ਬੀਬੀਆਂ ਦੀ ਦੇਸ਼ ਵਾਪਸੀ ਵਿਚ ਦੇਰੀ ਕਾਰਨ ਉਹ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਆਪਣੇ ਪੁਰਾਣੇ ਸੁਖਾਵੇਂ ਸਬੰਧਾਂ ਨੂੰ ਵਿਗਾੜਨ ਤੱਕ ਵੀ ਚਲੇ ਗਏ ਅਤੇ ਗੱਲਾਂਬਾਤਾਂ ਜਾਂ ਦੀਵਾਨਾਂ ਵਿਚ ਕਾਂਗਰਸ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੇ ਬਖੀਏ ਉਧੇੜਦੇ ਅਤੇ ਵਾਅਦਾ ਖ਼ਿਲਾਫੀ ਦੇਸ਼ ਦੀ ਜਨਤਾ ਅਤੇ ਨਾਮਧਾਰੀ ਸਿੰਘਾਂ ਨਾਲ ਕਰਨ ਦਾ ਉਹਨਾਂ ਤੇ ਦੋਸ਼ ਵੀ ਲਾਉਂਦੇ। ਸਤਿਗੁਰੂ ਜੀ ਆਪਣੇ ਧਾਰਮਿਕ ਅਕੀਦੇ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ਆਉਣ ਤੇ ਹੀ ਧਰਮ ਦਾ ਰਾਜ ਵਰਤਣ ਦੀ ਗੱਲ ਕਰਦੇ। ਵਹਿਮੀ ਜੀ ਜੀਵਨ ਨਗਰ ਨਿਵਾਸ ਸਮੇਂ ਸੰਨ ੧੯੫੦ ਈ. ਦਾ ਬਚਨ ਲਿਖਦੇ ਹਨ—"ਇਕ ਦਿਨ ਸਤਿਗੁਰੂ ਜੀ ਪ੍ਰਸ਼ਾਦ ਛਕਣ ਸਮੇਂ ਹਉਕਾ ਭਰਿਆ ਅਤੇ ਨੇਤਰਾਂ ਵਿਚ ਅੱਥਰੂ ਕਿਰਨ ਲੱਗ ਪਏ ਤੇ ਕਿਹਾ ਬੱਸ ਪ੍ਰਸ਼ਾਦ ਲੈ ਜਾਓ ਹੁਣ ਨਹੀਂ ਮੈਥੋਂ ਛਕੀਦਾ। ਭਾਈ ਵਜੀਰ



Namdhari Elibrary NamdhariElibrary@gmail.com

ਸਿੰਘ ਜੀ ਅਰਜ਼ ਕੀਤੀ ਕੀ ਵੇਦਨਾ ਵਰਤੀ ਹੈ ? ਸਤਿਗੁਰੂ ਜੀ ਬਚਨ ਕੀਤਾ, ਮੈਨੂੰ ਉਹ ਬੀਬੀਆਂ ਚੇਤੇ ਆਈਆਂ ਹਨ ਜੋ ਪਾਕਿਸਤਾਨ ਵਿਚ ਤੁਰਕਾਂ ਦੇ ਘਰੀਂ ਪਈਆਂ ਰੋਂਦੀਆਂ ਹਨ। ਉਹਨਾਂ ਦੇ ਭਾ ਦਾ ਕੋਈ ਰੱਬ, ਗੁਰੂ, ਪੀਰ, ਧਰਮੀ ਤੇ ਬਲੀ ਨਹੀਂ ਰਹਿ ਗਿਆ ਜੋ ਉਹਨਾਂ ਦੀ ਬਹੁੜੀ ਕਰੇ, ਮੈਂ ਜਵਾਹਰ ਲਾਲ ਨੂੰ ਕਿੰਨੀ ਵਾਰ ਕਿਹਾ ਹੈ, ਉਹ ਗੱਲ ਹੀ ਨਹੀਂ ਗੌਲਦਾ ਤੇ ਬਚਨ ਕੀਤੋ ਨੇ ਮੇਰੀ ਚੇਤੇ ਸ਼ਕਤੀ ਇਸ ਹਉਕੇ ਤੇ ਗ਼ਮ ਨੇ ਕਮ ਕਰ ਦਿੱਤੀ ਹੈ। ਕਦੋਂ ਸਤਿਗੁਰੂ ਰਾਮ ਸਿੰਘ ਜੀ ਆਉਣ ਤੇ ਧਰਮ ਵਰਤੇ। ਉਚਰ ਕੀ ਹੋਵੇਗਾ।"੯੪

ਇਕ ਲੱਤੋਂ ਲੰਡੇ ਤੇ ਇਕ ਅੱਖੋਂ ਆਰੀ ਮਸਤਾਨੇ ਬੰਤਾ ਸਿੰਘ ਬਸਰਾਵਾਂ (ਅੰਮ੍ਰਿਤਸਰ) ਨੇ ਜੇ ਜ਼ਰਾ ਸਤਿਗੁਰੂ ਜੀ ਦੇ ਦਰਸ਼ਨ ਚਿਰਾਕੇ ਹੋਣੇ, ਤਾਂ ਉਸ ਮੋਢੇ ਤੇ ਬੈਰਾਗਣ ਰੱਖੀ, ਘੁੰਗਰੂ ਛਣਕਾਉਂਦਿਆਂ ਗੇੜਾ ਦੇਣਾ—

"ਮੌਸਿਆ ਸਵੇਰ ਦੀ ਹੋ ਗਈ,
ਪੁੱਤ ਸਹੁਰੇ ਦਾ ਨਜ਼ਰ ਨਾ ਆਵੇ।"

ਇਸੇ ਤਰ੍ਹਾਂ ਕਿਸੇ ਸਿੱਖ ਦੇ ਪ੍ਰੇਮ ਦੀ ਦੀਰਘਤਾ ਨੂੰ ਦਰਸਾਉਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਇਹ ਲੋਕ ਗੀਤ ਪੜ੍ਹਿਆ ਕਰਦੇ ਸਨ—

"ਮਾਪਿਓ ਸਬਰ ਕਰੋ
ਰਲ ਗਈ ਕੂਕਿਆਂ ਨਾਲ।"

ਇਕ ਪਰਭਾ ਸਿੰਘ ਮਸਤਾਨੇ ਦੇ ਸਾਥੀਆਂ ਵੰਡ ਸਮੇਂ ਮਾਰਧਾੜ ਵਿਚ ਪੂਰਾ ਹਿੱਸਾ ਲਿਆ। ਸੰਤ ਜੀ ਦੇ ਸਾਥੀਆਂ ਮਾਇਆ ਲਿਆ ਕੇ ਕਿਹਾ "ਭਾਵੇਂ ਤੁਸੀਂ ਡੇਰੇ ਹੀ ਰਹੇ ਹੋ। ਪਰ ਅਸੀਂ ਤੁਹਾਡਾ ਹਿੱਸਾ ਵੀ ਕੱਢਿਆ ਹੈ। ਸਵੀਕਾਰ ਕਰੋ। ਤੁਹਾਡੀ ਗਰੀਬੀ ਕੱਟੀ ਜਾਏਗੀ।" ਸੰਤ ਜੀ ਦਾ ਜੁਆਬ ਸੀ "ਮੈਨੂੰ ਆਪਣੀਆਂ ਧੀਆਂ ਪਾਟੇ ਕੱਪੜਿਆਂ ਵਿਚ ਹੀ ਚੰਗੀਆਂ ਲੱਗਦੀਆਂ ਹਨ। ਇਹ ਨੀਚ ਧਨ ਲੈ ਕੇ ਆਪਣੇ ਸਤਿਗੁਰ ਤੋਂ ਬੇਮੁੱਖ ਹੋਵਾਂ ਜਿਸ ਨਾਮਧਾਰੀਆਂ ਨੂੰ ਰੌਲੇ ਸਮੇਂ ਵੀ ਕਿਸੇ ਦਾ ਹੱਕ ਨਾ ਖੋਹਣ ਦਾ ਉਚੇਚਾ ਹੁਕਮ ਕੀਤਾ ਸੀ।"

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਜ਼ੀਮ ਸ਼ਖਸੀਅਤ ਤੋਂ ਪ੍ਰਭਾਵਿਤ, ਰਾਇਵਿੰਡ (ਲਾਹੌਰ) ਦੇ ਲੰਬੜਦਾਰ ਖੈਰਦੀਨ ਨੇ ੧੯੪੭ ਦੀ ਭਰਾ ਮਾਰੂ ਵੰਡ ਸਮੇਂ ਬਹੁਤ ਸਾਰੇ ਸਿੱਖਾਂ ਨੂੰ ਸਮੇਤ ਮਾਲ ਅਸਬਾਬ ਰੇਲਵੇ ਮਹਿਕਮੇ ਦੇ ਆਪਣੇ ਜਾਣੂਆਂ ਦੀ ਸਹਾਇਤਾ ਨਾਲ ਫੀਰੋਜ਼ਪੁਰ ਸੁਰੱਖਿਅਤ ਪੁਚਾਇਆ ਅਤੇ ਇਨਸਾਨੀ ਹਮਦਰਦੀ ਅਤੇ ਰਵਾਦਾਰੀ ਦੀ ਸ਼ਾਨਦਾਰ ਮਿਸਾਲ ਕਾਇਮ ਕੀਤੀ।

ਹਿੰਦੁਸਤਾਨ ਦੀ ਕਿਸਾਨੀ ਨੇ ਵੀਹਵੀਂ ਸਦੀ ਵਿਚ ਜਗੀਰੂ ਪ੍ਰਬੰਧ ਵਿਰੁੱਧ ਬਹੁਤ ਲੜਾਈਆਂ ਲੜੀਆਂ ਸਨ। ਸਤਿਗੁਰੂ ਰਾਮ ਸਿੰਘ ਜੀ ਬਾਰੇ ਨਾਮਧਾਰੀ ਸਿੰਘ ਸੌ ਸਾਖੀ ਦੇ ਇਹ ਬਚਨ ਪੜ੍ਹਿਆ ਕਰਦੇ ਸਨ—

"ਰਾਮ ਸਿੰਘ ਉਚ ਨੀਚਨ ਡਰੇ।
ਅਵਨੀ ਏਕ ਰਸੋਈ ਕਰੇ।"

ਭਾਵ ਕਿ ਸਤਿਗੁਰੂ ਰਾਮ ਸਿੰਘ ਦੀ ਕ੍ਰਿਪਾ ਸਦਕਾ ਉਚੇ ਨੀਵਿਆਂ ਤੋਂ ਡਰਨਗੇ ਅਤੇ ਧਰਤੀ ਇਕਰਸ ਹੋ ਜਾਏਗੀ। ਸੋਵੀਅਤ ਇਨਕਲਾਬ ਤੋਂ ਬਾਦ ਸਾਮਰਾਜ ਦੀਆਂ ਬਸਤੀਆਂ ਵਿਚ ਕੌਮੀ ਮੁਕਤੀ ਅੰਦੋਲਨ ਜ਼ੋਰ ਫੜ ਗਏ ਸਨ ਸਾਡੇ ਦੇਸ਼ ਸਮੇਤ। ਤਿਲੰਗਾਨਾ, ਤਿਭਾਗਾ ਅਤੇ ਪੈਪਸੂ ਦੇ ਮੁਜ਼ਾਰਾ ਅੰਦੋਲਨਾਂ ਨੇ ਕਿਸਾਨਾਂ ਨੂੰ ਮਾਲਕੀ ਦੇ ਹੱਕ ਦਿਵਾਏ। ਇਸ ਤਰ੍ਹਾਂ ਦੇ ਸਾਂਝੀਵਾਲਤਾ ਜਾਂ ਸਮਾਜਵਾਦੀ ਵਿਚਾਰਾਂ ਲਈ ਨਾਮਧਾਰੀ ਪੰਥ ਜ਼ਰਖੇਜ਼ ਭੂਮੀ ਮੁਹੱਈਆ ਕਰਦਾ ਸੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸਮੇਂ ਸਮੇਂ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਪਣੇ ਬਚਨ ਬਿਲਾਸਾਂ ਵਿਚ ਕਰਦੇ ਸਨ। ਘਣੀਏ ਕੇ ਬੇਟ (ਗੁਰਦਾਸਪੁਰ) ਦੇ ਜਵੰਦ ਸਿੰਘ ਹੋਰਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਆ ਕੇ ਜ਼ਮੀਨ ਲੈਣ ਦੀ ਇੱਛਾ ਪ੍ਰਗਟ ਕੀਤੀ। ਭੂਮੀ ਹੁਣ ਤਕ ਸਾਰੀ ਵਿਕ ਚੁੱਕੀ ਜਾਂ ਵੰਡੀ ਜਾ ਚੁਕੀ ਸੀ। ਸਤਿਗੁਰੂ ਜੀ ਨੇ ਕਿਹਾ ਕਿ "ਵਾਹੋ ਬੀਜੋ ਤੇ ਹਿਸਾ ਵੀ ਨਾ ਦੇਣਾ ਜੋ ਸਾਡੇ ਪਾਸ ਹੈ ਉਸ ਵਿਚੋਂ ਕੁਝ ਰਕਬਾ ਲੈ ਲਵੋ ਕੁਝ ਸਮੇਂ ਵਾਸਤੇ।" ਜਵੰਦ ਸਿੰਘ ਜੀ ਕਿਹਾ, "ਮਾਲਕ ਬਣ ਕੇ ਰਹਿਣ ਦਾ ਸੁਭਾਅ ਬਣਿਆ ਹੋਇਐ। ਤਾਂ ਕਿਹੋ ਨੇ, ਮਾਲਕ ਤਾਂ ਕਿਸੇ ਰਹਿਣਾ ਹੀ ਨਹੀਂ ਜਾਂ ਸਾਰੇ ਹੀ ਹੋਣਗੇ। ਜਿਹਾ ਸਮਾਂ ਆਉਣਾ ਹੋਵੇ, ਜੇ ਪਹਿਲੋਂ ਸੁਭਾਅ ਬਣਿਆਂ ਹੋਵੇ ਤਾਂ ਸੌਖ ਰਹਿੰਦੈ।"੯੫

ਵੀਹ ਸੌ ਸੱਤ ਬਿਕ੍ਰਮੀ ਦਾ (੧੯੫੧ ਈ.). ਹੋਲਾ ਸ੍ਰੀ ਭੈਣੀ ਸਾਹਿਬ ਹੀ ਹੋਇਆ। ਇਸ ਹੋਲੇ ਵਿਚ ਕਈ ਸਾਲਾਂ ਬਾਦ ਭਾਰੀ ਗਿਣਤੀ ਵਿਚ ਨਾਮਧਾਰੀ ਸੰਗਤਾਂ ਸ਼ਾਮਲ ਹੋਈਆਂ ਅਤੇ ਚਿਰੀਂ-ਵਿਛੁੰਨੇ ਸਾਧਾਂ-ਸੰਤਾਂ, ਮਿੱਤਰ-ਪਿਆਰਿਆਂ ਨੇ ਇਕ ਦੂਜੇ ਦੇ ਦਰਸ਼ਨ ਦੀਦਾਰੇ ਕਰ ਰੂਹ ਦਾ ਰੱਜ ਪ੍ਰਾਪਤ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸੰਬੋਧਨ ਵਿਚ ਸੰਗਤਾਂ ਨੂੰ ਕਈ ਇਤਿਹਾਸਕ ਬਚਨ ਸੁਣਾਏ। ਦੱਸਿਆ ਗਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਗ੍ਰਿਹਸਤੀ ਸਿੰਘਾਂ ਨੂੰ ਇਕ ਸਮੇਂ ਇਕ ਹੀ ਰੁਪਏਆ ਮੱਥਾ ਟੇਕਣ ਦਾ ਹੁਕਮ ਸੀ। ਬਿਹੰਗਮ ਸਾਧਾਂ ਨੂੰ ਇਹ ਮਨਾਹ ਸੀ। ਅਨੰਦਪੁਰ ਸਾਹਿਬ ਦੇ ੧੯੨੧ ਈ. ਦੇ ਹੋਲੇ ਮਹੱਲੇ ਸਮੇਂ ਬਾਈ ਹਜਾਰ ਰੁਪੈ ਦੀ ਰਕਮ ਭੇਟਾ ਹੋਈ ਸੀ। ਹੋਲੇ ਦੇ ਪ੍ਰਬੰਧ ਸਮੇਂ ਜਥੇਦਾਰ ਗੁਰਮੁਖ ਸਿੰਘ ਝੱਬਰ ਦੀ ਚੌਕਸੀ ਦਾ ਜ਼ਿਕਰ ਕਰਦਿਆਂ ਹੀ ਬਚਨ ਹੋਇਆ "ਜਿਵੇਂ ਇਸ ਹੋਲੇ ਤੇ ਕੁਝ ਖਰੂਦੀ ਉਪਾਧੀ ਕਰਨ ਲੱਗੇ ਸੀ ਤੇ ਗੁਰਮੁਖ ਸਿੰਘ ਝੱਬਰ ਸਾਧ ਲਏ ਸੀ ਸਿਰ ਤੇ ਪੁੱਜ ਜ਼ੋਰ ਦੇ, ਤਿਵੇਂ ਉਸ ਹੋਲੇ ਤੇ ਭੀ ਆਇਆਂ ਉਪਾਧੀ ਖੋਰਾਂ ਨੂੰ ਦਬਾਇਆ ਗਿਆ ਸੀ।"੯੬ ਪ੍ਰਸਿੱਧ ਨਾਮਧਾਰੀ ਜਥੇਦਾਰ ਸੰਤ ਅਤਰ ਸਿੰਘ ਜੀ ਸੰਭੜਿਆਲ (ਸਿਆਲਕੋਟ) ਵੰਡ ਤੋਂ ਬਾਅਦ


Namdhari Elibrary NamdhariElibrary@gmail.com

ਦਸੂਹੇ ਆ ਟਿਕੇ ਸਨ ਉਨ੍ਹਾਂ ਦਾ ਦੇਹਾਂਤ ੨ ਹਾੜ੍ਹ ੨੦੦੯ ਬਿਕ੍ਰਮੀ ਨੂੰ ਹੋਇਆ। ਵਹਿਮੀ ਜੀ ਲਿਖਦੇ ਹਨ "ਘਸੀਟਪੁਰ ਲੱਗੇ ਦੀਵਾਨ ਵਿਚ ਸ਼ਬਦ ਪੜ੍ਹਦੇ" ਲੱਗੀਆਂ ਵਾਲੇ ਜਾਣਦੇ, ਬੇਦਰਦਾਂ ਨੂੰ ਕੀ" ਤੜਾਂ ਦੇਂਦੇ ਲੇਟੇ ਚੜ੍ਹਾਈ ਕਰ ਗਏ। ਸੁਣ, ਸਤਿਗੁਰੂ ਜੀ ਬਚਨ ਕੀਤਾ ਅਤਰ ਸਿੰਘ ਠੀਕ ਅਤਰ ਹੀ ਸੀ। ਇਹੋ ਜਿਹਾ ਪੱਕਾ ਨਿਤਨੇਮੀ, ਸ਼ਬਦ ਦਾ ਪ੍ਰੇਮੀ, ਸਰੂਪ ਦਾ ਸੋਹਣਾ ਤੇ ਸਰੋਤਿਆਂ ਨੂੰ ਮੋਹਣ ਵਾਲਾ ਵਿਰਲਾ ਹੀ ਅਗੋਂ ਹੋਵੇਗਾ। ਹੱਲੇ ਦਾ ਸ਼ਬਦ ਹੁਣ ਜਾਣੋ ਬੰਤਾ ਸਿੰਘ ਜੀ ਬੂੜੇ ਡੱਲੀਆਂ ਤੇ ਬੇਲਾ ਸਿੰਘ ਜੀ ਸੂਜੋਵਾਲੀਆਂ ਤੋਂ ਪਿਛੋਂ ਇਸ ਅਤਰ ਸਿੰਘ ਤੇ ਆ ਵੱਸਿਆ। ਜਾਣੋ ਹੁਣ ਸੁਣਨ ਵਿਚ ਘੱਟ ਹੀ ਆਵੇਗਾ ਅਤਰ ਸਿੰਘ ਵਾਂਗ ਸਭ ਨੂੰ ਮੋਹਣ ਵਾਲਾ।"[੮੭]

ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਬਹੁਤ ਸਾਰੇ ਸਿੱਖਾਂ ਦੀ ਕੀਰਤੀ ਨੂੰ ਆਪਣੀ ਰਚਨਾ ਵਿਚ ਸਜਾ ਕੇ ਸੰਭਾਲ ਲਿਆ ਹੈ। ਨਾਮਧਾਰੀ ਪੰਥ ਵਿਚ ਦਾਨੇ ਵੀ ਸਨ ਤੇ ਮਸਤਾਨੇ ਵੀ। ਦਾਨਿਆਂ ਨਾਲੋਂ ਬਹੁਤੀ ਮਹਿਮਾ ਮਸਤਾਨਿਆਂ ਦੀ ਹੁੰਦੀ। ਜਿਹੜੇ ਅੰਦਰੋਂ ਬਾਹਰੋਂ ਇਕੋ ਜਿਹੇ ਸਨ। ਅੰਮ੍ਰਿਤਸਰ ਦਾ ਮਹਿਤਾਬ ਸਿੰਘ ਪਕੌੜੀਆ ਸੀ। ਜਿਸ ਦਾਂ ੧੯੮੧ ਈ. ਵਾਲੀ ਅੰਗਰੇਜ਼ ਸਰਕਾਰ ਦੀ ਮਹੱਤਵਪੂਰਨ ਕੂਕਿਆਂ ਵਾਲੀ ਲਿਸਟ ਵਿਚ ਵੀ ਜ਼ਿਕਰ ਹੈ। ਉਹ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਉਹਨੀਂ ਦਿਨੀਂ ਜਦੋਂ ਕੂਕਾ ਹੋਣਾ ਜੁਰਮ ਸਮਝਿਆ ਜਾਂਦਾ ਸੀ ਸਤਿਗੁਰੂ ਰਾਮ ਸਿੰਘ ਦੇ ਨਾਂ ਦੇ ਨਾਅਰੇ ਮਾਰਦਾ ਫਿਰਦਾ ਸੀ। ਉਸ ਆਪਣੀ ਪਕੌੜਿਆਂ ਵਾਲੀ ਹੱਟੀ ਦੇ ਮੱਥੇ ਤੇ ਲਿਖ ਕੇ ਲਾਇਆ ਸੀ "ਮਹਿਤਾਬ ਸਿੰਘ ਨਾਮਧਾਰੀਆ, ਪੂਰਾ ਤੋਲ ਤੇ ਸੱਚਾ ਬੋਲ। ਜੇ ਪੁੱਗਦਾ ਈ ਖਲੋ ਮੇਰੇ ਕੋਲ, ਨਹੀਂ ਤਾਂ ਹੋਰ ਹੱਟੀ ਕੋਈ ਟੋਲ।" ਇਹ ਇਸ ਲਈ ਲਿਖਿਆ ਸੀ ਕਿ ਉਦੋਂ ਜਣੇ ਖਣੇ ਨੂੰ ਸਰਕਾਰ ਦੇ ਕਿਸੇ ਬਾਗ਼ੀ ਨਾਮਧਾਰੀ ਕੋਲ ਖਲੋਣਾ ਵੀ ਪੁੱਗਦਾ ਨਹੀਂ ਸੀ। ਇਹ ਬਦੇਸ਼ ਵਿਚ ਗੁਰੂ ਦਰਸ਼ਨ ਕਰਕੇ ਵੀ ਆਏ ਸਨ। ਇਨ੍ਹਾਂ ਦਾ ਇਕ ਭਾਈ ਕਲਕੱਤੇ ਰਹਿ ਕੇ ਦਰਸ਼ਨ ਅਭਿਲਾਖੀ ਸਿੰਘਾਂ ਦੀ ਮਦਦ ਕਰਿਆ ਕਰਦਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਮਸਤਾਂ ਦੇ ਬਚਨ ਕਰ ਰਹੇ ਹਨ "ਉਦੂੰ ਪਿੱਛੋਂ ਹਰੀ ਸਿੰਘ ਮਸਤਾਨਾ ਖਾਨਗਾਹ ਡੋਗਰਾਂ ਵਾਲਾ, ਜੋ ਮਸਤ ਹੋ ਪੈਰੀਂ ਪਊਏ ਰੱਖ ਹੱਥ ਵਿਚ ਕੁਹਾੜੀ ਲੈ ਫੇਰਦਾ, ਦੀਵਾਨ ਦੇ ਦੁਆਲੇ ਗੇੜੇ ਲਾਂਦਾ ਤੇ ਕਹਿੰਦਾ ਸੀ "ਜਾਗ ਓਏ ਲਹੌਰੀਆ ਮੁੰਡਿਆ" ਤੇ ਅਕਾਲੀਆਂ ਦੇ ਜੋਰ ਵੇਲੇ ਮਸਤ ਹੋ ਅੰਮ੍ਰਿਤ ਵੇਲੇ, ਰਾਮ ਸਰੋਵਰ ਦੀਆਂ ਪ੍ਰਕਰਮਾਂ ਵਿਚ ਮਸਤ ਹੋਇਆ ਕੁਹਾੜੀ ਫੇਰਦਾ ਪਊਇਆਂ ਸਮੇਤ ਦੌੜਦਾ ਕਹਿੰਦਾ ਸੀ : "ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ, ਸੱਚਾ ਪਾਤਸ਼ਾਹ, ਓਏ ਦੁਨੀਆਂ ਦੇ ਲੋਕੋ ਆਇਆ ਹੋਇਆ ਏ ਦਰਸ਼ਨ ਕਰ ਲਓ।"[੮੮]

ਕੁਝ ਸਿੰਘਾਂ ਨਾਲ ਅਣਬਣ ਸੀ। ਮਹਾਰਾਜ ਨਿਹਾਲ ਸਿੰਘ ਹੋਰੀਂ ਉਹਨਾਂ ਨੂੰ ਲੈ ਕੇ ਆਏ ਅਤੇ ਸ. ਅਰਵੇਲ ਸਿੰਘ ਜੀ ਕਿਹਾ, "ਸਾਡਾ ਤੇ ਸਦਾ ਭੁਲਣਾ ਤੇ ਬਖਸ਼ਾਉਣਾ ਕੰਮ ਹੈ। ਆਪਦਾ ਬਖਸ਼ਣਾ ਹੀ ਬਿਰਦ ਹੈ।" ....ਤਾਂ ਕਿਹੋ ਨੇ ਮੈਨੂੰ ਭੀ ਸਿੱਖਾਂ ਜਿਹਾ ਕੋਈ ਨਹੀਂ। ਰਾਜਿਆਂ ਵਜ਼ੀਰਾਂ ਅਮੀਰਾਂ ਦੇ ਸਦੇ ਸੱਦੇ ਦੇ ਗਿਆਂ ਉਹਨਾਂ ਦਾ ਕੁਝ ਮੂੰਹ ਨਹੀਂ ਪਾਂਦਾ। ਸਿੱਖਾਂ ਦੇ ਘਰੋਂ ਮੰਗ ਜਾ ਛਕਦਾ ਹਾਂ।"[੮੯]

ਨਾਰਲੀ ਜ਼ਿਲ੍ਹਾ ਲਹੌਰ ਦੇ ਬੇਜ਼ਮੀਨੇ ਕਿਸਾਨ ਸੰਧੂ ਜੱਟ ਬੋਦੂ ਅਤੇ ਉਸਦੀ ਘਰ ਦੀ ਭਾਗਭਰੀ ਵਿਚੋਂ ਦਾਰਾ ਪੁੱਤਰ ਜੰਮਿਆ ਮਹੰਤ ਲੱਧਾ ਸਿੰਘ ਖਿਆਲੇ ਵਾਲੇ ਦੀ ਪ੍ਰੇਰਣਾ ਤੋਂ ਕੂਕਾ ਬਣ ਗਿਆ ੧੧ ਸਾਲ ਦੀ ਉਮਰ ਵਿਚ। ਸ. ਬਘੇਲ ਸਿੰਘ ਨਾਰਲੀ ਦੇ ਪੁੱਤਰ ਸ. ਸ਼ਾਮ ਸਿੰਘ ਨੇ ਆਪਣੀ ਪੈਲੀ ਵਿਚੋਂ ਨਾ ਸਿਰਫ ਇਹਦੇ ਤੋਂ ਨਾ-ਹਿੱਸਾ ਹੀ ਲਿਆ ਸਗੋਂ ਪਿਤਾ ਵਲੋਂ ਇਸਨੂੰ ਆਇਆ ਕਰਜ਼ਾ ਭੀ ਲਾਹ ਦਿੱਤਾ। ਇਹ ਦੀਦਾਰ ਸਿੰਘ ਨਾਂ ਹੇਠ ਗੁਰੂ ਕੇ ਜਥੇ ਵਿਚ ਸ਼ਾਮਲ ਹੋ ਗਿਆ। ਫਿਰ ਮਾਲਾ ਬਣਾ ਕੇ ਵੇਚਦਾ ਤੇ ਇਸ ਦਾ ਦਸਵੰਧ ਵੀ ਦੇਂਦਾ। ਦੇਸ਼ ਵੰਡ ਤੋਂ ਬਾਅਦ ਹੋਰ ਸਿੱਖ ਪਰਿਵਾਰਾਂ ਨਾਲ ਏਧਰ ਹੀ ਆ ਗਿਆ ਤੇ ਸੰਤ ਨਗਰ ਡਿੱਘੀ ਤੋਂ ਪਾਣੀ ਭਰ ਜੀਵਨ ਨਗਰ ਲਿਆ ਕੇ ਗੁਰੂ ਕੇ ਘੋੜਿਆਂ ਨੂੰ ਪਿਆਉਂਦਾ ਵੇਖਕੇ ਵਹਿਮੀ ਜੀ ਨੇ ਇਸਦੀ ਵਾਰਤਾ ਵੀ ਸਾਂਭਣ ਵਾਸਤੇ ਲਿਖ ਦਿੱਤੀ। ਉਸ ਦਾ ਕਹਿਣਾ ਸੀ ਜਿਵੇਂ ਲੱਗੀ ਨੇ ਮਜ਼੍ਹਬ ਤੇ ਕੁਟੰਬ ਛੁਡਾ ਏਧਰ ਲਾਇਆ ਹੈ। ਨਿਭ ਗਈ ਤਾਂ ਗੁਣ ਨਹੀਂ ਤੇ ਭੌਂਦੂ ਹੀ ਹੋਇਆ ਮੈਂ।"[੯੦]

੧੦ ਕੱਤਕ ੨੦੦੯ ਬਿਕ੍ਰਮੀ ਨੂੰ ਬਾਬਾ ਬੀਰ ਸਿੰਘ ਜੀ ਦੇ ਅਨੰਦ ਕਾਰਜ ਸਮੇਂ ਸ. ਸਾਹਿਬ ਸਿੰਘ, ਅਵਤਾਰ ਸਿੰਘ ਹੋਰਾਂ ਅਰਜ਼ ਕੀਤੀ ਕਿ ਹਵਾਈ ਜਹਾਜ਼ ਤੋਂ ਫੁੱਲਾਂ ਦੀ ਵਰਖਾ ਕਰੀਏ ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ, "ਮੈਂ ਸਾਦਗੀ ਸਿਖਾਣੀ ਹੈ ਕਿ ਸਗੋਂ ਸ਼ੋਅ ਕਰ ਵਿਖਾਉਣਾ ਹੈ ? ਜੇ ਆਪ ਹੀ ਏਦਾਂ ਕਰੀਏ ਤਾਂ ਕਿਸ ਨੂੰ ਕਿਵੇਂ ਕਹੀਏ ਸਾਦਗੀ ਵਰਤੋ।"[੯੧]

**ਫੁੱਟ ਨੋਟ**

੭੪. (੪-੧੮੯, ੧੯੦), ੭੫. (੪-੧੯੩), ੭੬. (੪-੧੯੭), ੭੭. (ਜਿਲਦ ੫-੪੩), ੭੮. (੫-੪੬), ੭੯. (੫-੫੯), ੮੦. (੫-੭੫), ੮੧. (੫-੯੩), ੮੨. (੫-੧੬੦), ੮੩. (੫-੧੬੭), ੮੪. (੫-੧੭੪), ੮੫. (੫-੨੨੧), ੮੬. (੫-੨੩੩), ੮੭. (੫-੨੫੨), ੮੮. (੫-੨੫੭-੨੫੮), ੮੯. (੫-੨੬੧), ੯੦. (੫-੨੮੪) ੯੧. (੫-੨੯੭)

ਚਲਦਾ.....



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

Balvinder Pal Singh, *Manging Director* — Lakhbir Singh Muchhal, *Director* — Bakhshish Singh Muchhal, *Director*





Namdhari Elibrary NamdhariElibrary@gmail.com

# ਮਸਲਾ ਸਹਿਜਧਾਰੀਆਂ ਦੀ ਵੋਟ ਦਾ

*—ਡਾ. ਜਸਪਾਲ ਸਿੰਘ*
*(ਸਾਬਕਾ ਭਾਰਤੀ ਰਾਜਦੂਤ)*

ਸਹਿਜਧਾਰੀਆਂ ਨੂੰ ਗੁਰਦੁਆਰਾ ਚੋਣਾਂ ਤੋਂ ਬੇਦਖਲ ਕਰਨ ਦਾ ਫ਼ੈਸਲਾ ਲੈ ਲਿਆ ਗਿਆ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਥ ਦੀ ਵੱਡੀ ਜਿੱਤ ਹੋਈ ਹੈ, ਪ੍ਰਬੰਧ ਹੁਣ ਨਿਰੋਲ ਪੰਥ-ਪ੍ਰਸਤਾਂ ਦੇ ਹੱਥ ਆ ਜਾਵੇਗਾ। ਸਹਿਜਧਾਰੀਆਂ ਦੀ ਭਾਗੀਦਾਰੀ ਮੁਕਾ ਦੇਣਾ ਦਾ ਕੌਮੀ ਪੱਧਰ 'ਤੇ ਕਿੰਨਾ ਕੁ ਲਾਭ ਹੋਵੇਗਾ, ਪ੍ਰਬੰਧ 'ਚ ਕਿੰਨੀ ਕੁ ਬਿਹਤਰੀ ਹੋਵੇਗੀ ਇਹ ਤਾਂ ਸਮਾਂ ਹੀ ਦੱਸੇਗਾ, ਪਰ ਏਨਾ ਸਾਫ਼ ਹੈ ਕਿ ਸਿੱਖ ਪਰਿਵਾਰ ਦਾ ਇਕ ਬਹੁਤ ਵੱਡਾ ਪ੍ਰੰਪਰਕ ਹਿੱਸਾ ਇਸ ਫ਼ੈਸਲੇ ਨਾਲ ਸਾਡੇ ਪਾਸੋਂ ਹਮੇਸ਼ਾ ਲਈ ਜੁਦਾ ਹੋ ਗਿਆ ਹੈ। ਸਹਿਜਧਾਰੀਆਂ ਕੋਲ ਸਿੱਖੀ ਤੋਂ ਪੂਰੀ ਤਰ੍ਹਾਂ ਮੁਨਕਰ ਹੋਣ ਤੋਂ ਇਲਾਵਾ ਕੋਈ ਹੋਰ ਰਾਹ, ਬਾਕੀ ਨਹੀਂ ਰਿਹਾ। ਵੈਸੇ, ਪਹਿਲਾਂ ਵੀ ਅਸੀਂ ਬਹੁਤ ਸਾਰੇ ਪੰਥ ਦੇ ਹਿੱਸੇ ਆਪਣੇ ਤੋਂ ਵੱਖ ਕਰਕੇ ਦੂਰ ਕੀਤੇ ਹਨ, ਦੂਜਿਆਂ ਦੀ ਝੋਲੀ ਪਾਏ ਹਨ। ਨਿਰਮਲੇ ਤੇ ਉਦਾਸੀ ਪ੍ਰੰਪਰਾ ਨਾਲ ਜੁੜੇ ਸਿੱਖ ਇਸ ਦੀ ਵੱਡੀ ਮਿਸਾਲ ਹਨ। ਹੁਣ ਸਹਿਜਧਾਰੀਆਂ ਦੀ ਵਾਰੀ ਆਈ ਹੈ ਅਤੇ ਅੱਗੋਂ ਕੀ-ਕੀ ਵਾਪਰਨਾ ਹੈ, ਕੋਈ ਨਹੀਂ ਜਾਣਦਾ । ਇਹ ਵੀ ਸਪੱਸ਼ਟ ਹੈ ਇਸ ਫ਼ੈਸਲੇ ਦਾ ਸਬੰਧ ਵੋਟਾਂ ਨਾਲ ਤੇ ਉਸ ਦੀ ਰਾਜਨੀਤੀ ਨਾਲ ਹੈ, ਧਰਮ ਤੇ ਧਰਮ ਦੀ ਪ੍ਰੰਪਰਾ ਨਾਲ ਬਿਲਕੁਲ ਨਹੀਂ।

ਮੁੱਦੇ 'ਤੇ ਗੱਲ ਕਰਦਿਆਂ ਪਹਿਲਾਂ ਦੋ ਅਹਿਮ ਸੁਆਲ ਮੇਰੇ ਜ਼ਿਹਨ 'ਚ ਆਉਂਦੇ ਹਨ। ਪਹਿਲਾ, ਕੀ ਸਹਿਜਧਾਰੀਆਂ ਨਾਲੋਂ ਤੋੜ-ਵਿਛੋੜੇ ਦੇ ਇਸ ਵੱਡੇ ਫ਼ੈਸਲੇ ਤੋਂ ਪਹਿਲਾਂ ਪੰਥ ਵਿਚ ਕੋਈ ਸਾਂਝੀ ਆਮ-ਰਾਇ ਬਣਾਈ ਗਈ ਹੈ, ਵਸੀਹ ਪੈਮਾਨੇ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਹੈ ? ਦੂਜਾ, ਪਿਛਲੇ ਅੱਸੀਆਂ ਸਾਲਾਂ ਵਿਚ ਸਹਿਜਧਾਰੀਆਂ ਦੀ ਸ਼ਮੂਲੀਅਤ ਨੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਕਿੰਨਾ ਕੁ ਅਸਰ ਅੰਦਾਜ਼ ਕੀਤਾ ਹੈ, ਕਿੰਨੇ ਕੁ ਸਹਿਜਧਾਰੀ ਖੁਦ ਜਾਂ ਉਨ੍ਹਾਂ ਦੇ ਸਮਰਥਕ ਕਮੇਟੀ ਦੇ ਅਹੁਦੇਦਾਰ ਬਣੇ ਹਨ ? ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਸੰਤ ਚੰਨਣ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਧੁਰੰਧਰ ਅਕਾਲੀ ਲੀਡਰਾਂ ਦੇ ਹੱਥ ਹੀ ਸ਼੍ਰੋਮਣੀ ਕਮੇਟੀ ਰਹੀ ਹੈ, ਸਹਿਜਧਾਰੀਆਂ ਦੀ ਸ਼ਮੂਲੀਅਤ ਦੇ ਬਾਵਜੂਦ ਇਹ ਕਿੱਦਾਂ ਹੋ ਗਿਆ ? ਸ਼ਾਇਦ ਮਸਲਾ ਤਾਂ ਇਹ ਸੀ ਕਿ ਸਹਿਜਧਾਰੀ ਸਿੱਖਾਂ ਦੀ ਆੜ ਵਿਚ ਗ਼ੈਰ ਸਿੱਖ, ਵੋਟਾਂ ਦੁਆਰਾ ਕਮੇਟੀ ਉਪਰ ਆਪਣਾ ਗ਼ਲਬਾ ਸਥਾਪਤ ਨਾ ਕਰ ਲੈਣ। ਪਰ ਅਸਾਂ ਮੁੱਢੋਂ ਹੀ ਗੱਲ ਮੁਕਾ ਦਿੱਤੀ। ਨਾ ਰਹੇ ਬਾਂਸ ਨਾ ਬੱਜੇ ਬਾਂਸਰੀ। ਇਕ ਲੀਡਰ ਪਿਛਲੇ ਦਿਨੀਂ ਮੈਨੂੰ ਸਿੱਖਿਆ ਦੇ ਰਿਹਾ ਸੀ ਕਿ ਅਸੀਂ ਤਾਂ ਸਿਰਫ ਉਨ੍ਹਾਂ ਨੂੰ ਵੋਟਾਂ ਤੋਂ ਰੋਕਿਆ ਹੈ ਕੋਈ ਮੱਥਾ ਟੇਕਣੋਂ ਤਾਂ ਨਹੀਂ ਰੋਕ ਰਹੇ। ਮੈਨੂੰ ਸਮਝ ਆ ਗਈ—ਅਗਲਾ ਅਜੰਡਾ ਕੀ ਹੈ।

ਸਾਰੀ ਗੱਲ ਨੂੰ ਜੇ ਕਾਨੂੰਨੀ ਨੁਕਤੇ-ਨਿਗਾਹ ਤੋਂ ਵੇਖੀਏ ਤਾਂ ਜਿਹੜੀ ਤਸਵੀਰ ਉਘੜਦੀ ਹੈ ਉਹ ਇੱਦਾਂ ਹੈ—ਸ਼੍ਰੋਮਣੀ ਕਮੇਟੀ ਦੇ ਐਕਟ ਮੁਤਾਬਕ ਸਿੱਖ ਘਰ ਵਿਚ ਪੈਦਾ ਹੋ ਕੇ ਕੇਸਾਂ ਦੀ ਬੇਅਦਬੀ ਕਰਨ ਵਾਲੇ ਸਿੱਖ ਲਈ ਇਕ ਵੋਟਰ ਦੇ ਰੂਪ ਵਿਚ ਰਜਿਸਟਰ ਹੋਣ ਦੀ ਮਨਾਹੀ ਹੈ। ਐਸੇ ਸਿੱਖ ਨੂੰ ਪਤਿਤ ਦਾ ਨਾਂਅ ਦਿੱਤਾ ਗਿਆ ਹੈ ਅਤੇ ਉਸ ਨੂੰ ਵੋਟ ਪਾਉਣ ਦਾ ਹੱਕ ਨਹੀਂ ਦਿੱਤਾ ਗਿਆ, ਪਰ ਸਹਿਜਧਾਰੀ ਸਿੱਖਾਂ ਦੇ ਹੱਕ ੧੯੨੫ ਤੋਂ ਹੀ ਐਕਟ ਰਾਹੀਂ ਨਿਸ਼ਚਤ ਹਨ ਅਤੇ ਇਹ ਹੱਕ ਰਾਜਸੀ ਨਹੀਂ, ਧਾਰਮਿਕ ਆਧਾਰ 'ਤੇ ਨਿਰਧਾਰਤ ਹਨ। ਸਹਿਜਧਾਰੀ ਉਹ ਹਨ ਜਿਹੜੇ ਪੈਦਾ ਤਾਂ ਗ਼ੈਰ ਸਿੱਖ ਘਰ 'ਚ ਹੋਏ ਹਨ ਪਰ ਆਪਣੀ ਸਾਰੀ ਕਾਰ-ਵਿਹਾਰ ਸਿੱਖ ਤੌਰ-ਤਰੀਕੇ ਨਾਲ ਕਰਦੇ ਹਨ, ਤੰਬਾਕੂ ਤੇ ਕੁੱਠਾ ਆਦਿ ਦਾ ਇਸਤੇਮਾਲ ਨਹੀਂ ਕਰਦੇ, ਮੂਲ ਮੰਤਰ ਦਾ ਜਾਪ ਕਰ ਸਕਦੇ ਹਨ ਅਤੇ ਪਤਿਤ ਨਹੀਂ ਹਨ। ਇੱਦਾਂ ਸਪੱਸ਼ਟ ਹੈ ਕਿ ਕੇਸਾਂ ਦੀ ਬੇਅਦਬੀ ਕਰਨ ਵਾਲੇ 'ਪਤਿਤ' ਤੇ 'ਸਹਿਜਧਾਰੀ' ਦੋ ਵੱਖਰੇ ਵਰਗ ਹਨ ਅਤੇ ਇਨ੍ਹਾਂ ਦੋਵਾਂ ਨੂੰ ਇਕੋ ਤਰ੍ਹਾਂ ਅਤੇ ਇਕੋ ਪੈਮਾਨੇ 'ਤੇ ਰੱਖ ਕੇ ਵਰਤਣਾ ਸਰਾਸਰ ਗ਼ਲਤ ਹੈ। ਧਰਮ ਦੇ ਰਿਵਾਇਤੀ ਇਤਿਹਾਸ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ ਅਤੇ ਸਹਿਜਧਾਰੀਆਂ ਦੀ ਰਿਵਾਇਤ ਨੂੰ ਇੱਦਾਂ ਆਪਣੀ ਨਾਸਮਝੀ ਕਰਕੇ ਜਾਂ ਆਪਣੇ ਰਾਜਸੀ ਮੁਫ਼ਾਦ ਲਈ ਮਾੜਾ ਕਹਿਕੇ ਨਹੀਂ ਤ੍ਰਿਸਕਾਰਨਾ ਚਾਹੀਦਾ। ਕੋਈ ਲੁਕੀ ਛਿਪੀ ਗੱਲ ਨਹੀਂ ਕਿ ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਮੈਂਬਰਾਂ ਦੇ ਬੱਚੇ ਪਤਿਤ ਹਨ। ਅਕਾਲੀ ਵਜ਼ੀਰਾਂ ਦੇ ਘਰਾਂ ਵਿਚ ਖੁਲ੍ਹੇਆਮ ਪਤਿਤਪੁਣਾ ਵਰਤ ਰਿਹਾ ਹੈ। ਮੈਨੂੰ ਕੋਈ ਸ਼ੱਕ ਨਹੀਂ ਕੇਸਾਧਾਰੀ ਸਿੱਖਾਂ ਦੇ ਇਨ੍ਹਾਂ ਪਤਿਤ ਪੁੱਤਰਾਂ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਸਾਰਾ ਬੰਦੋਬਸਤ ਕਰਨਾ



Namdhari Elibrary NamdhariElibrary@gmail.com

ਹੈ ਅਤੇ ਵਧ-ਚੜ੍ਹ ਕੇ ਵੋਟਾਂ ਪਾਉਣੀਆਂ ਤੇ ਪੁਆਉਣੀਆਂ ਹਨ। ਇਕ ਪਤਿਤ ਸਿੱਖ, ਸਹਿਜਧਾਰੀਆਂ ਤੋਂ ਚੰਗੇ ਸਿੱਖ ਕਿੰਦਾਂ ਹੈ- ਇਹ ਸੁਆਲ ਮੈਨੂੰ ਪ੍ਰੇਸ਼ਾਨ ਕਰਦਾ ਹੈ।

ਪਿਛੇ ਜਿਹੇ 'ਅਜੀਤ' ਅਖ਼ਬਾਰ ਨੇ ਇਕ ਸਰਵੇ ਛਾਪਿਆ ਸੀ ਕਿ ਪੰਜਾਬ ਦੇ ਸਕੂਲਾਂ ਵਿਚ ਪੜ੍ਹਦੇ ਵੱਡੀ ਗਿਣਤੀ ਵਿਚ ਸਿੱਖ ਬੱਚੇ, ਕੇਸਾਂ ਨੂੰ ਤਿਲਾਂਜਲੀ ਦੇ ਗਏ ਹਨ। ਟਾਂਵੀਂ-ਟਾਂਵੀਂ ਪੱਗ ਨਜ਼ਰ ਆਉਂਦੀ ਹੈ। ਨੌਜੁਆਨੀ ਕੇਸਹੀਣ ਹੁੰਦੀ ਚਲੀ ਜਾ ਰਹੀ ਹੈ। ਮੁੱਦਾ ਤਾਂ ਇਹ ਸੀ ਜਿਸ ਉਪਰ ਸਾਰੀ ਕੌਮ ਦਾ ਧਿਆਨ ਕੇਂਦਰਿਤ ਹੋਣਾ ਚਾਹੀਦਾ ਸੀ। ਕਿੰਦਾਂ ਵਧਦੇ ਪਤਿਤਪੁਣੇ ਨੂੰ ਠੱਲ੍ਹ ਪਾਈ ਜਾਵੇ। ਅੰਮ੍ਰਿਤਧਾਰੀ ਤੇ ਕੇਸਾਧਾਰੀ ਸਿੱਖਾਂ ਦੇ ਘਰ ਪੈਦਾ ਹੋਏ ਨੌਜਵਾਨ ਕਿਉਂ ਪਤਿਤ ਹੋ ਰਹੇ ਹਨ ? ਇਨ੍ਹਾਂ ਸੁਆਲਾਂ ਦਾ ਜੁਆਬ ਲੱਭਣਾ ਸੀ। ਇਸ ਬਾਰੇ ਗਹਿਨ ਚਿੰਤਨ ਕਰਨਾ ਸੀ ਪਰ ਗਾਜ ਕਿਧਰੇ ਹੋਰ ਡਿੱਗ ਪਈ। ਹਵਾ ਵਿਚ ਤੀਰ ਕਿਧਰੇ ਹੋਰ ਚੱਲ ਗਿਆ।

ਇਤਿਹਾਸ ਵਿਚ ਇਹੋ ਜਿਹੇ ਕਈ ਮੁਕਾਮ ਆਏ ਹਨ ਜਦੋਂ ਫੈਸਲਾ ਲੈਣ ਲੱਗਿਆਂ ਅਸੀ ਆਪਣੇ ਸੁਆਰਥ ਨੂੰ ਆਮ ਪੰਥਕ ਹਿਤ ਤੋਂ ਵੱਧ ਮਹੱਤਵ ਦਿੱਤਾ ਹੈ। ਰਾਜਨੀਤਕ ਮੁਫ਼ਾਦ ਨੂੰ ਧਾਰਮਿਕ ਹਿਤਾਂ ਤੋਂ ਵੱਧ ਸ੍ਰੇਸ਼ਠਤਾ ਦਿੱਤੀ ਹੈ। ਆਪਣੇ ਛੋਟੇ ਰਾਜਸੀ ਟੀਚੇ ਲਈ ਧਰਮ ਦੇ ਪ੍ਰਸਾਰ ਦੇ ਵੱਡੇ ਮੌਕੇ ਗੁਆਏ ਹਨ। ਸਰਦਾਰ ਕਪੂਰ ਸਿੰਘ ਦੀ ਪੁਸਤਕ 'ਸਾਚੀ ਸਾਖੀ' ਵਿਚ ਦਰਜ ਇਕ ਪੁਰਾਣੀ ਘਟਨਾ ਦਾ ਜ਼ਿਕਰ ਇਥੇ ਇਸ ਸੰਦਰਭ ਵਿਚ ਕਰਨਾ ਚਾਹੁੰਦੇ ਹਾਂ। ਪੁਸਤਕ ਵਿਚ ਲਿਖਿਆ ਹੈ : '੧੯੩੫-੩੬' ਦੀ ਗੱਲ ਹੈ ਕਿ ਡਾਕਟਰ ਅੰਬੇਡਕਰ, ਹਿੰਦੁਸਤਾਨ ਦੇ ਛੇ ਕਰੋੜ ਅਛੂਤਾਂ ਦੇ ਪ੍ਰਮਾਣੀਕ ਨੇਤਾ ਨੇ, ਇਹ ਸਪੱਸ਼ਟ ਤੇ ਖੁੱਲ੍ਹੀ ਇੱਛਾ ਪ੍ਰਗਟ ਕੀਤੀ ਕਿ ਦੇਸ਼ ਦੇ ਸਾਰੇ ਅਛੂਤ ਸਿੱਖ ਬਣ ਜਾਣ ਤਾਂ ਜੋ ਜਾਤ-ਪਾਤ ਦੀ, ਹਜ਼ਾਰਾਂ ਵਰ੍ਹਿਆਂ ਦੀ ਗ਼ੁਲਾਮੀ ਵਿਚੋਂ ਉਨ੍ਹਾਂ ਦਾ ਛੁਟਕਾਰਾ ਹੋ ਜਾਵੇ। ਇਸ ਵਿਚਾਰ ਨਾਲ ਹਿੰਦੂ ਮਹਾਂਸਭਾ ਦੇ ਪ੍ਰਧਾਨ, ਡਾਕਟਰ ਮੂੰਜੇ ਅਤੇ ਸਨਾਤਨ ਹਿੰਦੂ ਜਗਤ ਦੇ ਪ੍ਰਸਿੱਧ ਨੇਤਾ, ਪੰਡਿਤ ਮਾਲਵੀਯ, ਪੂਰਨ ਤੌਰ 'ਤੇ ਸਹਿਮਤ ਸਨ। ਡਾਕਟਰ ਅੰਬੇਡਕਰ ਅਤੇ ਇਨ੍ਹਾਂ ਹਿੰਦੂ ਲੀਡਰਾਂ ਵਿਚਕਾਰ ਜੋ ਚਿੱਠੀ ਪੱਤਰ ਇਸ ਸਮੱਸਿਆ ਦੀ ਪੂਰਤੀ ਬਾਰੇ ਚੱਲ ਰਿਹਾ ਸੀ, ਉਸ ਦੀਆਂ ਨਕਲਾਂ ਗਾਂਧੀ ਜੀ ਨੂੰ ਗਿਆਤ ਵਜੋਂ ਭੇਜੀਆਂ ਜਾ ਰਹੀਆਂ ਸਨ। ਜਦੋਂ ਤੌਂਕਿਓ ਕਿ ਇਹ ਸਭ ਕਾਰਜ ਹੁਣ ਸਿਰੇ ਹੀ ਚੜ੍ਹਨ ਵਾਲਾ ਹੈ, ਤਾਂ ਗਾਂਧੀ ਜੀ ਨੇ ਭ੍ਰਿਸ਼ਟਾਚਾਰ ਦੇ ਸਭ ਨਿਯਮਾਂ ਦੇ ਵਿਰੁੱਧ, ਦੋਵਾਂ ਧਿਰਾਂ ਦੀ ਆਗਿਆ ਲਏ ਤੋਂ ਬਿਨਾਂ, ਇਹ ਚਿੱਠੀ-ਪੱਤਰ ਆਪਣੇ ਅਖ਼ਬਾਰ 'ਯੰਗ-ਇੰਡੀਆ' ਵਿਚ ਛਾਪ ਦਿੱਤਾ ਅਤੇ ਲਿਖਿਆ ਕਿ 'ਅਛੂਤਾਂ ਦਾ ਸਿੱਖੀ ਵਿਚ ਪ੍ਰਵੇਸ਼ ਹਿੰਦੂ ਧਰਮ ਤੋਂ ਪਤਿਤ ਹੋਣ ਦੇ ਤੁਲ ਹੈ।' ਇਸ ਤੋਂ ਪਿੱਛੋਂ ਡਾਕਟਰ ਅੰਬੇਡਕਰ ਨੇ ਸਿੱਖ ਲੀਡਰਾਂ ਨਾਲ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਲਈ ਸਿੱਧੀ ਗੱਲਬਾਤ ਆਰੰਭ ਦਿੱਤੀ ਅਤੇ ਇਹ ਗੱਲ ਦੇਸ਼ ਭਰ ਵਿਚ ਧੁੰਮ ਗਈ ਕਿ ਹੁਣ ਸਾਰੇ ਹਿੰਦੁਸਤਾਨ ਦੇ ਅਛੂਤ ਸਿੱਖ ਮੱਤ ਗ੍ਰਹਿਣ ਕਰਨ ਹੀ ਵਾਲੇ ਹਨ। ਇਹੋ ਸਮਾਂ ਹੈ ਜਦੋਂ ਕਿ ਬੰਬਈ ਵਿਚ ਖਾਲਸਾ ਕਾਲਜ ਦੀ ਨੀਂਹ ਰੱਖੀ ਗਈ ਤਾਂ ਜੋ ਦੱਖਣੀ ਭਾਰਤ ਦੇ ਅਛੂਤਾਂ ਦਾ ਇਹ ਵਿੱਦਿਆ-ਕੇਂਦਰ ਬਣ ਸਕੇ। ਇਸ ਸਮੇਂ ਮਹਾਰਾਜਾ ਭੁਪਿੰਦਰ ਸਿੰਘ ਮਹਾਰਾਜਾ ਪਟਿਆਲਾ ਨੇ ਡਾਕਟਰ ਅੰਬੇਡਕਰ ਦੇ ਘਰ ਆਪਣੀ ਭੈਣ ਦਾ ਡੋਲ ਦੇਣਾ ਤੱਕ ਸਵੀਕਾਰ ਕਰ ਲਿਆ ਤਾਂ ਜੋ ਨਵੇਂ ਬਣਨ ਵਾਲੇ ਅਛੂਤ ਜਾਤੀਆਂ ਦੇ ਸਿੱਖਾਂ ਦਾ ਸਮਾਜੀ ਗੌਰਵ ਵਧ ਜਾਵੇ। ਪਰ ਕੁਝ ਸਮੇਂ ਪਿੱਛੋਂ ਡਾਕਟਰ ਅੰਬੇਡਕਰ ਅਤੇ ਅਕਾਲੀ ਲੀਡਰਾਂ ਵਿਚਕਾਰ ਕੁਝ ਅਜਿਹੇ ਮਤਭੇਦ ਹੋ ਗਏ ਕਿ ਡਾਕਟਰ ਅੰਬੇਡਕਰ ਅਤੇ ਉਸ ਦੇ ਸਾਥੀਆਂ ਨੇ ਸਿੱਖੀ ਤੋਂ ਉਪਰਾਮਤਾ ਧਾਰਨ ਕਰ ਲਈ ਅਤੇ ਪਿਛੋਂ ਜਾ ਕੇ ਬੁੱਧ ਮਤ ਵਿਚ ਪ੍ਰਵੇਸ਼ ਕਰ ਲਿਆ।' ਇਸ ਘਟਨਾ ਨੂੰ ਬਹੁਤ ਸਮਾਂ ਹੋ ਗਿਆ ਹੈ ਪਰ ਹਕੀਕਤ ਬਹੁਤ ਸਪੱਸ਼ਟ ਹੈ। ਪੰਥਕ ਲੀਡਰਸ਼ਿਪ ਦਾ ਸਿਰਫ਼ ਤੇ ਸਿਰਫ਼ ਨਜ਼ਰੀਆ ਰਾਜਸੀ ਸੱਤਾ ਹੈ। ਭਾਵੇਂ ਹਜ਼ਾਰਾਂ ਲੱਖਾਂ ਲੋਕੀਂ ਸਿੱਖੀ ਤੋਂ ਦੂਰ ਹੋ ਜਾਣ। ਬੜੇ ਅਜੀਬ ਕਿਸਮ ਦੇ ਆਪਸੀ ਵਿਰੋਧ ਵਿਚ ਜੀਅ ਰਹੇ ਹਾਂ ਅਸੀਂ। ਸਾਰੇ ਦਰਵਾਜ਼ੇ ਬੰਦ ਕਰ ਦੇਣਾ ਚਾਹੁੰਦੇ ਹਾਂ ਅਤੇ ਫਿਰ ਸਾਰੇ ਵਿਸ਼ਵ ਵਿਚ ਫੈਲ ਜਾਣ ਦੇ ਸੁਪਨੇ ਲੈਂਦੇ ਹਾਂ।

ਸਹਿਜਧਾਰੀ ਪ੍ਰੰਪਰਾ ਬਾਰੇ ਬਹੁਤ ਸਾਫ ਹੈ ਕਿ ਇਹ ਪ੍ਰੰਪਰਾ ਬਹੁਤ ਪੁਰਾਣੀ ਹੈ ਅਤੇ ਬਹੁਤ ਪੁਰਾਣੇ ਸਮੇਂ ਤੋਂ ਸਹਿਜਧਾਰੀ, ਸਿੱਖੀ ਦੇ ਘੇਰੇ ਵਿਚ ਸ਼ਾਮਲ ਮੰਨੇ ਜਾਂਦੇ ਰਹੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਸਹਿਜਧਾਰੀ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ- 'ਸਹਿਜਧਾਰੀ ਸਿੱਖਾਂ ਦਾ ਇਕ ਅੰਗ, ਜੋ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਨਹੀਂ ਕਰਦਾ ਅਤੇ ਕੱਛ ਕ੍ਰਿਪਾਨ ਦੀ ਰਹਿਤ ਨਹੀਂ ਰਖਦਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਆਪਣੀ ਹੋਰ ਧਰਮ ਪੁਸਤਕ ਨਹੀਂ ਮੰਨਦਾ।' ਫਿਰ ਭਾਈ ਸਾਹਿਬ ਤਾਕੀਦ ਕਰਦਿਆਂ ਲਿਖਦੇ ਹਨ- 'ਪੰਜਾਬ ਅਤੇ ਸਿੰਧ ਵਿਚ ਸਹਿਜਧਾਰੀ ਬਹੁਤ ਗਿਣਤੀ ਦੇ ਹਨ, ਖਾਸ ਕਰਕੇ ਸਿੰਧ ਦੇ ਸਹਿਜਧਾਰੀ ਵੱਡੇ ਪ੍ਰੇਮੀ ਅਤੇ ਸ਼ਰਧਾਵਾਨ ਹਨ, ਜੋ ਸਿੰਘ ਸਹਿਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿੱਖ ਧਰਮ ਤੋਂ ਅੰਞਾਣ


Namdhari Elibrary NamdhariElibrary@gmail.com

ਹਨ।' ਅਸਲ ਵਿਚ ਸਹਿਜਧਾਰੀ ਪ੍ਰੰਪਰਾ ਬਾਰੇ ਵਿਰੋਧੀ ਨਜ਼ਰੀਆ ਰੱਖਣ ਵਾਲੇ ਹਕੀਕਤ ਤੋਂ ਨਾਵਾਕਫ਼ ਹਨ ਜਾਂ ਫਿਰ ਘੱਟ-ਘੱਟ ਏਨਾ ਜ਼ਰੂਰ ਹੈ ਕਿ ਉਨ੍ਹਾਂ ਦੀ ਸੋਚ ਉਪਰ ਵਕਤੀ ਦਬਾਅ ਹਾਵੀ ਹੈ। ਐਸੇ ਲੋਕਾਂ ਨੇ ਸ਼ਾਇਦ ਸਿੰਧੀ ਸਮਾਜ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਵੰਨਗੀ ਦਾ ਨਜ਼ਾਰਾ ਕਦੇ ਨਹੀਂ ਵੇਖਿਆ। ਕਿੰਦਾਂ ਘੰਟਿਆਂ ਬੱਧੀ, ਵਾਰੀ ਬੰਨ੍ਹ ਕੇ ਗੁਰੂ ਗ੍ਰੰਥ ਦੇ ਪਾਵਨ ਸਰੂਪ ਨੂੰ ਝੂਲਾ ਝੁਲਾਇਆ ਜਾਂਦਾ ਹੈ, ਸਿੰਧੀਆਂ ਦੇ ਗੁਰਦੁਆਰੇ ਵਿਚ, ਵੇਖਦਿਆਂ ਹੀ ਬਣਦਾ ਹੈ। ਗੁਰਮਤ ਦੀ ਮੁੱਖ ਧਾਰਾ ਦਾ ਕਿੰਤੂ-ਪ੍ਰੰਤੂ ਜਾਇਜ਼ ਹੋ ਸਕਦਾ ਹੈ, ਪਰ ਸ਼ਰਧਾ ਦੇ ਆਪਣੇ ਅਸੂਲ ਹੁੰਦੇ ਹਨ।

ਇਹ ਗੱਲ ਵੀ ਜ਼ਿਹਨ ਵਿਚ ਨਹੀਂ ਬੈਠ ਪਾ ਰਹੀ ਕਿ ਸਹਿਜਧਾਰੀ ਪ੍ਰੰਪਰਾ ਨੂੰ ਨਕਾਰਨ ਅਤੇ ਉਨ੍ਹਾਂ ਪ੍ਰਤੀ ਤ੍ਰਿਸਕਾਰ ਦਾ ਵਤੀਰਾ ਰੱਖਣ ਦਾ ਸਾਨੂੰ ਕੀ ਲਾਭ ਹੈ। ਜਿਹੜੇ ਸਿੱਖੀ ਸਰੂਪ ਦੇ ਧਾਰਣੀ ਹੋ ਸਕਦੇ ਹਨ—ਸਹੀ ਪ੍ਰਚਾਰ ਨਾਲ ਅਤੇ ਸੁਚੱਜੇ ਯਤਨਾਂ ਨਾਲ, ਉਨ੍ਹਾਂ ਲਈ ਦਰਵਾਜ਼ੇ ਬੰਦ ਕਰਨ ਦਾ ਕੌਮ ਨੂੰ ਕੀ ਫਾਇਦਾ ਹੋਣਾ ਹੈ। ਅਫਸੋਸ ਇਸ ਗੱਲ ਦਾ ਹੈ ਕਿ ਜਿਨ੍ਹਾਂ ਦੀ ਜ਼ਿੰਮੇਵਾਰੀ ਧਰਮ ਪ੍ਰਚਾਰ ਦੀ ਹੈ ਅਤੇ ਧਰਮ ਪ੍ਰਚਾਰ ਦੇ ਨਵੇਂ ਖੇਤਰ ਲੱਭਣ ਦੀ ਹੈ, ਨਵੀਆਂ ਸੰਭਾਵਨਾਵਾਂ ਖੋਲ੍ਹਣ ਦੀ ਹੈ, ਉਹ ਆ ਰਹੇ ਪ੍ਰੰਪਰਾਗਤ ਵਸੀਲਿਆਂ ਨੂੰ ਬੰਦ ਕਰਨ ਵਿਚ ਲੱਗੇ ਹੋਏ ਹਨ। ਅੱਵਲ ਤਾਂ ਉਨ੍ਹਾਂ ਕੋਲ ਫੁਰਸਤ ਹੀ ਨਹੀਂ ਧਰਮ ਦੇ ਪ੍ਰਚਾਰ ਬਾਰੇ ਸੋਚਣ ਦੀ, ਪਰ ਜੇ ਕਦੇ ਮੌਕਾ ਮਿਲ ਜਾਵੇ ਤਾਂ ਉਨ੍ਹਾਂ ਦੀ ਸੋਚ 'ਤੇ ਫੋਕੀ ਰਾਜਨੀਤੀ ਭਾਰੂ ਰਹਿੰਦੀ ਹੈ, ਦੂਰ ਤੱਕ ਦੇਖਣ ਦੀ ਨਾ ਉਨ੍ਹਾਂ ਪਾਸ ਸਮਰੱਥਾ ਹੈ ਨਾ ਨੀਅਤ।

ਇਹ ਕਹਿਣਾ ਵੀ ਬਿਲਕੁਲ ਗ਼ਲਤ ਹੈ ਕਿ ਸਹਿਜਧਾਰੀਆਂ ਨੂੰ ਕਿਸੇ ਤਰ੍ਹਾਂ ਦੀ ਮਾਨਤਾ ਦੇਣ ਨਾਲ ਪਤਿੱਤਪੁਣੇ ਨੂੰ ਉਤਸ਼ਾਹ ਮਿਲੇਗਾ। ਪਤਿੱਤਪੁਣੇ ਦਾ ਮਸਲਾ ਬਿਲਕੁਲ ਵੱਖਰੀ ਕਿਸਮ ਦਾ ਹੈ ਅਤੇ ਉਸ ਨੂੰ ਸਹਿਜਧਾਰੀ ਪ੍ਰੰਪਰਾ ਨਾਲ ਜੋੜਨਾ ਬਿਲਕੁਲ ਵਾਜਬ ਨਹੀਂ। ਸਹਿਜਧਾਰੀ ਹੋਣਾ ਸਿੱਖੀ ਸਰੂਪ ਵੱਲ ਆਮਦ ਦਾ ਪ੍ਰਤੀਕ ਹੈ ਜਦਕਿ ਪਤਿਤ ਹੋਣਾ ਸਿੱਖੀ ਸਰੂਪ ਤੋਂ ਮੁਨਕਰ ਹੋਣਾ, ਵਾਪਸੀ ਵੱਲ ਸੰਕੇਤ ਕਰਦਾ ਹੈ। ਸਹਿਜਧਾਰੀਆਂ ਨੂੰ ਸਿੱਖੀ ਸਰੂਪ ਤੋਂ ਪਹਿਲਾਂ ਹੀ ਮੁਨਕਰ ਮੰਨਕੇ, ਉਨ੍ਹਾਂ ਦੇ ਸਿੱਖੀ ਸਰੂਪ ਵੱਲ ਆਉਣ ਦੀਆਂ ਸਾਰੀਆਂ ਸੰਭਾਵਨਾਵਾਂ ਹੀ ਮੁਕਾਅ ਦੇਣਾ ਕਿਥੋਂ ਦੀ ਸਿਆਣਪ ਹੈ। ਅੱਜ ਕਲ੍ਹ ਇਕ ਹੋਰ ਗੱਲ ਪ੍ਰਚਲਿਤ ਕਰ ਦਿੱਤੀ ਗਈ ਹੈ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਸਹਿਜਧਾਰੀ ਪ੍ਰੰਪਰਾ ਹੁੰਦੀ ਸੀ ਜਦੋਂ ਕਿਸੇ ਸਹਿਜਧਾਰੀ ਜਾਂ ਉਨ੍ਹਾਂ ਦੀ ਸੰਤਾਨ ਦੀ ਸਿੱਖੀ ਸਰੂਪ ਵੱਲ ਆਉਣ ਦੀ ਆਸ ਹੁੰਦੀ ਸੀ। ਹੁਣ ਕਿਉਂਕਿ ਇਹੋ ਜਿਹੀ ਕੋਈ ਆਸ ਨਹੀਂ, ਇਸ ਲਈ ਸਹਿਜਧਾਰੀ ਪ੍ਰੰਪਰਾ ਤੋਂ ਮੁੱਢੋਂ-ਸੁੱਢੋਂ ਮੁਨਕਰ ਹੋ ਜਾਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਇਹ ਤੱਥ ਹਕੀਕੀ ਤੌਰ 'ਤੇ ਗ਼ਲਤ ਹੈ। ਅੱਜ ਵੀ ਲੱਖਾਂ ਸਹਿਜਧਾਰੀ, ਗੁਰੂ ਨਾਨਕ ਨਾਮ ਲੇਵਾ, ਮੌਜੂਦ ਹਨ ਜਿਹੜੇ ਆਪਣਾ ਪੂਰਾ ਅਕੀਦਾ ਗੁਰੂ ਗ੍ਰੰਥ ਸਾਹਿਬ 'ਤੇ ਰੱਖਦੇ ਹਨ। ਦੂਜੀ ਗੱਲ ਜੇ ਕੋਈ ਕਮੀ-ਪੇਸ਼ੀ ਆਈ ਹੈ ਤਾਂ ਉਸ ਦੇ ਦੋਸ਼ੀ ਲੱਭੀਏ। ਉਨ੍ਹਾਂ ਊਣਤਾਈਆਂ ਨੂੰ ਦੂਰ ਕਰੀਏ ਜਿਸ ਕਰਕੇ ਸਹਿਜਧਾਰੀ ਤਬਕਾ ਸਿੱਖੀ ਦੀ ਮੁੱਖ ਧਾਰਾ ਤੋਂ ਦੂਰ ਹੋਇਆ ਹੈ, ਨਾ ਕਿ ਫਤਵਾ ਦੇਈਏ ਕਿ ਹੁਣ ਸਹਿਜਧਾਰੀ ਰਿਹਾ ਹੀ ਕੋਈ ਨਹੀਂ।

ਗੱਲ ਸਹਿਜਧਾਰੀਆਂ ਨੂੰ ਕੋਈ ਅਧਿਕਾਰ ਦੇਣ ਜਾਂ ਨਾ ਦੇਣ ਦੀ ਨਹੀਂ, ਉਸ ਬਹਿਸ ਦੀ ਹੈ ਜਿਹੜੀ ਸਹਿਜਧਾਰੀ ਪ੍ਰੰਪਰਾ ਬਾਰੇ ਛੇੜ ਦਿੱਤੀ ਗਈ ਹੈ, ਉਨ੍ਹਾਂ ਪ੍ਰਤੀ ਤ੍ਰਿਸਕਾਰੀ ਨਜ਼ਰੀਏ ਦੀ ਹੈ। ਸਾਡੀ ਜਾਚੇ ਇਹ ਬੜੀ ਸੋਚੀ-ਸਮਝੀ ਸਾਜ਼ਿਸ਼ ਅਧੀਨ ਸਿੱਖੀ ਸਰੂਪ ਧਾਰਨ ਕਰਨ ਦੀ ਸੰਭਾਵਨਾ ਰੱਖਣ ਵਾਲੇ, ਲੱਖਾਂ ਭਵਿੱਖਤ ਸਿੱਖਾਂ ਨੂੰ, ਸਿੱਖੀ ਦੇ ਮਾਰਗ 'ਤੇ ਆਉਣ ਤੋਂ ਰੋਕਣ ਦੀ ਚਾਲ ਹੈ ਅਤੇ ਅਸੀਂ ਇਸ ਵਿਚ ਪੂਰੀ ਤਰ੍ਹਾਂ ਫਸ ਗਏ ਤਾਂ ਹੋ ਸਕਦਾ ਹੈ ਕਿ ਅੱਜ ਦੇ ਹਾਲਾਤ ਸਹਿਜਧਾਰੀਆਂ ਦੇ ਸਿੱਖੀ ਸਰੂਪ ਨੂੰ ਅਪਣਾਉਣ ਲਈ ਪੂਰੀ ਤਰ੍ਹਾਂ ਮੁਫੀਦ ਨਾ ਹੋਣ। ਪਰ ਕੀ ਪਤਾ ਭਵਿੱਖ ਵਿਚ ਸਿੰਧ ਦੇ ਸਿੰਧੀਆਂ ਤੋਂ ਲੈਕੇ ਧੁਰ ਦੱਖਣ ਵਿਚ ਬੈਠੇ ਹਜ਼ਾਰਾਂ ਗੁਰੂ-ਘਰ ਨਾਲ ਸਹਿਜਧਾਰੀ ਸਿੱਖੀ ਦੀ ਮੁੱਖ ਧਾਰਾ ਵਿਚ ਆ ਜਾਣ। ਸਿੱਖੀ ਨੇ ਜੇ ਸਾਰੀ ਦੁਨੀਆ ਵਿਚ ਫੈਲਣਾ ਹੈ ਤਾਂ ਫਾਰਮੂਲਾ ਇਕੋ ਹੈ—ਗੈਰ-ਸਿੱਖ ਨੇ ਪਹਿਲਾਂ ਸਹਿਜਧਾਰੀ ਸਿੱਖ ਬਣਨਾ ਹੈ, ਫਿਰ ਸਹਿਜਧਾਰੀ ਸਿੱਖ ਨੇ ਕੇਸਾਧਾਰੀ ਸਿੱਖ, ਤੇ ਫਿਰ ਉਸ ਨੇ ਅੰਮ੍ਰਿਤਧਾਰੀ ਸਿੱਖ।

*(ਰੋਜ਼ਾਨਾ 'ਅਜੀਤ'*
*੧੧ ਨਵੰਬਰ, ੨੦੦੩ ਵਿਚੋਂ)*

**ਨਦੀਆਂ ਨੀਰ ਰਹਿਣ ਨਿਤ ਤਾਰੂ**
**ਇਹ ਕਦੀ ਨ ਹੋਵਣ ਹਲਕੇ**
**ਜੋ ਜਲ ਅੱਜ ਗਿਆ ਇਸ ਰਾਹੀਂ**
**ਸੋ ਫੇਰ ਨ ਆਵੇ ਭਲਕੇ**
**ਏਵੇਂ ਰਹਿਗੁ ਜਹਾਨ ਵਸੇਂਦਾ**
**ਪਰ ਅਸੀਂ ਨ ਬਹਿਸਾਂ ਰਲਕੇ**
**ਹਾਸ਼ਮ ਕੌਣ ਕਰਗੁ ਦਿਲਬਰੀਆਂ**
**ਇਸ ਖ਼ਾਕ ਮਿਟੀ ਵਿਚ ਰਲਕੇ**

*—ਹਾਸ਼ਮ*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

OPP. : INDUSTRIAL ESATE,

JAMMU CANTT.



Namdhari Elibrary NamdhariElibrary@gmail.com

# ਸਿੱਖ ਨੌਜਵਾਨ ਕਿਸ ਦੋਰਾਹੇ ਤੇ ?

*—ਤਰਲੋਚਨ ਸਿੰਘ, ਚੇਅਰਮੈਨ*

***ਕੌਮੀ ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ***

ਅੱਜ ਮੇਰੇ ਵਾਸਤੇ ਮਾਣ ਅਤੇ ਫ਼ਖਰ ਦਾ ਦਿਨ ਹੈ ਕਿ ਮੈਨੂੰ "ਆਤਮ ਸਾਇੰਸ" ਦੇ ਐਡੀਟਰ ਸ. ਜਸਬੀਰ ਸਿੰਘ ਬੀਰ ਨੇ ਆਪਣੇ ਪਿਤਾ ਸਵ. ਸ੍ਰ. ਰਘਬੀਰ ਸਿੰਘ ਬੀਰ ਦੀ ਯਾਦ ਵਿਚ "ਬੀਰ ਮੈਮੋਰੀਅਲ ਲੈਕਚਰ" ਦੇਣ ਲਈ ਆਮੰਤ੍ਰਿਤ ਕੀਤਾ ਹੈ। ਮੈਨੂੰ ਅਜੀਬ ਜਿਹਾ ਲਗਦਾ ਹੈ ਕਿ ਲੈਕਚਰ ਦੇਣ ਵਾਸਤੇ ਮੈਨੂੰ ਕਿਉਂ ਬੁਲਾਇਆ ਗਿਆ ਹੈ। ਮੈਂ ਤਾਂ ਕੋਈ ਵਿਦਵਾਨ ਨਹੀਂ। ਏਥੇ ਉੱਚ ਕੋਟੀ ਦੇ ਵਿਦਵਾਨ ਆਉਂਦੇ ਰਹੇ ਹਨ ਜਿਨ੍ਹਾਂ ਦੇ ਮੈਂ ਆਪ ਲੈਕਚਰ ਸੁਣਦਾ ਰਿਹਾ ਹਾਂ। ਪਰ ਕਿਉਂਕਿ ਮੈਨੂੰ ਹੁਕਮ ਸਰਦਾਰ ਸਰਨ ਸਿੰਘ, 'ਸਿੱਖ ਰਵਿਊ' ਨੇ ਕੀਤਾ ਹੈ, ਜਿਨ੍ਹਾਂ ਨੂੰ ਮੈਂ ਇਨਕਾਰ ਨਹੀਂ ਕਰ ਸਕਦਾ। ਸ. ਸਰਨ ਸਿੰਘ ਬਹੁਤ ਹੀ ਆਦਰਯੋਗ ਹਨ। ਮੇਰੀ ਉਹਨਾਂ ਨਾਲ ਬਹੁਤ ਪੁਰਾਣੀ ਸਾਂਝ ਹੈ। ਮੈਂ ਪਹਿਲੀ ਵਾਰੀ ਉਹਨਾਂ ਨੂੰ ੧੯੮੦ ਵਿਚ ਉਦੋਂ ਮਿਲਿਆ ਸਾਂ ਜਦੋਂ ਉਹ ਭਾਰਤ ਸਰਕਾਰ ਵਿਚ ਸਕੱਤਰ ਸਨ। ਉਦੋਂ ਗਿਆਨੀ ਜ਼ੈਲ ਸਿੰਘ ਜੀ ਭਾਰਤ ਦੇ ਗ੍ਰਹਿ ਮੰਤਰੀ ਬਣੇ ਸਨ। ਸਰਦਾਰ ਸਰਨ ਸਿੰਘ ਜੀ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹਨਾਂ ਨੇ ਆਪਣੀ ਨੌਕਰੀ ਦੇ ਦੌਰਾਨ ਹਰ ਥਾਂ ਤੇ ਕਾਮਯਾਬੀ ਹਾਸਲ ਕੀਤੀ ਹੈ ਉਹ ਆਈ.ਏਸ. ਅਧਿਕਾਰੀ ਹੁੰਦੇ ਹੋਏ ਬਹੁਤ ਉੱਚੀਆਂ ਪਦਵੀਆਂ ਤੇ ਸੁਸ਼ੋਭਿਤ ਰਹੇ ਹਨ, ਉਹਨਾਂ ਸਿਖਰਾਂ ਛੋਹੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹਨਾਂ ਨੇ ਨੌਕਰੀ ਕਰਦਿਆਂ ਹੋਇਆਂ ਵੀ ਸਿੱਖੀ ਦਾ ਪੱਲਾ ਨਹੀਂ ਛੱਡਿਆ। ਆਮ ਲੋਕਾਂ 'ਚ ਇਹ ਆਦਤ ਹੈ ਕਿ ਉਹ hesitate ਕਰਦੇ ਹਨ, ਝਿਜਕਦੇ ਰਹਿੰਦੇ ਹਨ ਕਿ ਅਸੀਂ ਸਿੱਖ ਅਖਵਾਈਏ। ਪਰ ਸਰਦਾਰ ਸਰਨ ਸਿੰਘ ਨੇ ਕਦੀ ਵੀ ਅਜਿਹੀ ਹੀਣ ਭਾਵਨਾ ਮਹਿਸੂਸ ਨਹੀਂ ਕੀਤੀ, ਸਗੋਂ ਸਿੱਖ ਹੋਣ ਤੇ ਫ਼ਖਰ ਮਹਿਸੂਸ ਕੀਤਾ ਅਤੇ ਹਮੇਸ਼ਾ ਸਿੱਖੀ ਜੀਵਨ ਜੀਵਿਆ। ਰਿਟਾਇਰਡ ਹੋਣ ਤੋਂ ਬਾਅਦ ਲੋਕੀਂ ਮੌਜਾਂ ਮਾਣਦੇ ਹਨ, ਨੌਕਰੀਆਂ ਲੱਭਦੇ ਹਨ, ਪਰ ਸਰਦਾਰ ਸਰਨ ਸਿੰਘ ਨੇ ਆਪਣਾ ਜੀਵਨ ਸਿੱਖੀ ਦੇ ਲੇਖੇ ਲਾ ਦਿੱਤਾ। ਇਹਨਾਂ ਨੇ "ਸਿੱਖ ਰਵਿਊ" ਦਾ ਐਡੀਟਰ ਬਣਨਾ ਕਬੂਲ ਕੀਤਾ। ਇਸ ਨੂੰ ਸਭ ਤੋਂ ਪਹਿਲਾਂ ਕੈਪਟਨ ਭਾਗ ਸਿੰਘ ਨੇ ਸ਼ੁਰੂ ਕੀਤਾ ਸੀ। "ਸਿੱਖ ਰਵਿਊ" ਹੀ ਦੁਨੀਆਂ ਦਾ ਇਕੋ ਇਕ ਸਿੱਖ ਮੈਗਜ਼ੀਨ ਹੈ ਜਿਹੜਾ ਏਨਾ popular ਹੈ। ਉਸ ਵਿਚ ਸਿੱਖ ਧਰਮ, ਸਿੱਖ ਸਿਧਾਂਤਾਂ ਤੇ ਗੁਰਬਾਣੀ ਨਾਲ ਸਬੰਧਤ ਗਿਆਨ ਭਰਪੂਰ ਜਾਣਕਾਰੀ ਮਿਲਦੀ ਹੈ। ਅੰਗਰੇਜ਼ੀ ਵਿਚ ਹੋਣ ਕਰਕੇ, ਇਸ ਦੇ ਪਾਠਕਾਂ ਦਾ ਘੇਰਾ ਵੀ ਵਸੀਹ ਹੈ ਅਤੇ ਵਿਦੇਸ਼ਾਂ ਵਿਚ ਜਿਹੜੇ ਪੰਜਾਬੀ ਨਹੀਂ ਜਾਣਦੇ ਅਤੇ ਦੂਜੇ ਧਰਮਾਂ ਦੇ ਲੋਕਾਂ ਵਿਚ ਸਿੱਖ ਧਰਮ ਦਾ ਇਹ ਸਭ ਤੋਂ ਵੱਡਾ ਸਪੋਕਸਮੈਨ ਹੈ ਜਿਹੜਾ ਪਾਠਕਾਂ ਨੂੰ ਸਿੱਖ ਧਰਮ ਸੰਬੰਧੀ ਸਹੀ ਤੇ ਠੋਸ ਜਾਣਕਾਰੀ ਦੇਂਦਾ ਹੈ। ਸਰਦਾਰ ਸਰਨ ਸਿੰਘ ਜੀ ਦਾ ਕਲਕੱਤੇ ਵਿਚ ਬੰਗਾਲੀਆਂ ਵਿਚ ਏਨਾ ਮਾਣ ਤੇ ਸਤਿਕਾਰ ਹੈ ਕਿ ਇਸ ਦਾ ਫਾਇਦਾ ਸਿੱਖ ਕੌਮ ਨੂੰ ਹੀ ਹੋਵੇਗਾ।

ਸਵਰਗਵਾਸੀ ਸਰਦਾਰ ਰਘਬੀਰ ਸਿੰਘ ਜੀ, ਜਿਨ੍ਹਾਂ ਦੀ ਯਾਦ ਵਿਚ ਅਜ ਦਾ ਮੈਮੋਰੀਅਲ ਲੈਕਚਰ ਕਰਾਇਆ ਜਾ ਰਿਹਾ ਹੈ, ਪੰਥ ਦੀ ਇਕ ਮਹਾਨ ਹਸਤੀ ਸਨ। ਉਹਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਿੱਖ-ਧਰਮ, ਸਿੱਖ ਸਿਧਾਂਤਾਂ ਅਤੇ ਸਿੱਖੀ ਜੀਵਨ ਬਾਰੇ ਲੋਕਾਂ ਨੂੰ ਗਿਆਨ ਦਿੱਤਾ ਹੈ ਅਤੇ ਸਿੱਖੀ ਦਾ ਰਾਹ ਦਿਖਾਇਆ ਹੈ। ਜਿਸ ਤਰ੍ਹਾਂ "ਸਿੱਖ ਰਵੀਊ" ਸਿੱਖੀ ਦੀ ਸੇਵਾ ਕਰ ਰਿਹਾ ਹੈ, ਓਸੇ ਤਰ੍ਹਾਂ ਉਹਨਾਂ ਵਲੋਂ ਪ੍ਰਕਾਸ਼ਤ "ਆਤਮ-ਸਾਇੰਸ" ਰਸਾਲੇ ਨੇ ਵੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਕਰਨ ਦਾ ਬੀੜਾ ਚੁੱਕਿਆ ਸੀ। "ਆਤਮ-ਸਾਇੰਸ" ਮੈਗਜ਼ੀਨ ਦੋ ਭਾਸ਼ਾਵਾਂ—ਪੰਜਾਬੀ ਅਤੇ ਅੰਗਰੇਜ਼ੀ ਵਿਚ ਛਪਦਾ ਹੈ ਜਿਸ ਵਿਚ ਗੁਰਬਾਣੀ ਦੀ ਵਿਆਖਿਆ ਤੋਂ ਇਲਾਵਾ ਸਿੱਖ ਧਰਮ ਸਬੰਧੀ ਜਾਣਕਾਰੀ ਭਰਪੂਰ ਸਮੱਗਰੀ ਪ੍ਰਕਾਸ਼ਿਤ ਹੁੰਦੀ ਹੈ।

ਸਰਦਾਰ ਰਘਬੀਰ ਸਿੰਘ ਦਾ ਜੀਵਨ ਸਿੱਖੀ ਨੂੰ ਸਮਰਪਤ ਸੀ। ਉਹ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਸਲੇ ਦੇ ਇੰਚਾਰਜ, ਚੀਫ ਇੰਜੀਨੀਅਰ ਸ੍ਰੀ ਜਵਾਹਰ ਮਲ੍ਹ ਆਹਲੂਵਾਲੀਆ ਦੇ ਉੱਘੇ ਘਰਾਣੇ ਵਿਚੋਂ ਸਨ। ਉਹਨਾਂ ਦਾ ਜਨਮ ੭ ਅਕਤੂਬਰ ੧੯੯੬ ਨੂੰ ਹੋਇਆ ਸੀ। ਉਹਨਾਂ ਦਾ ਛੋਟੀ ਉਮਰ ਤੋਂ ਹੀ ਗੁਰਬਾਣੀ ਵੱਲ ਝੁਕਾਅ ਹੋ ਗਿਆ ਸੀ। ਉਹਨਾਂ ਨੇ ਦੇਸ਼ ਭਗਤੀ ਦੇ ਗੀਤ ਲਿਖੇ ਤੇ ਇਸ ਤਰ੍ਹਾਂ ਉਹ ਲੋਕਾਂ ਦੇ ਕਵੀ ਬਣ ਗਏ। ਉਹਨਾਂ ਦਾ ਇਕ ਗੀਤ "ਬਾਜਾਂ ਵਾਲਿਆ ਤੇਰੇ ਸਕੂਲ ਅੰਦਰ, ਅਸਾਂ ਸੁਣਿਆਂ ਲਗਦੀ ਫੀਸ ਕੋਈ ਨਾ" ਜਿਹੜਾ ਉਹਨਾਂ ਲਾਹੌਰ ਵਿਚ ਹੋਈ ਸਿੱਖ ਐਜੂਕੇਸ਼ਨ ਕਾਨਫਰੰਸ ਵਿਚ ਗਾ ਕੇ ਸੁਣਾਇਆ ਸੀ, ਬਹੁਤ ਮਕਬੂਲ ਹੋਇਆ ਸੀ। ਉਹਨਾਂ ਦੀ ਪਹਿਲੀ ਕਿਤਾਬ "ਬੀਰ ਦੇ ਤੀਰ" ਉੱਤੇ ਅੰਗਰੇਜ਼ ਸਰਕਾਰ ਨੇ ਪਾਬੰਦੀ ਲਾ ਦਿੱਤੀ ਸੀ, "ਕਿ ਇਹ ਨੌਜਵਾਨ ਮਨਾਂ ਉੱਤੇ ਗਹਿਰਾ ਅਸਰ ਪਾਉਂਦੀ



Namdhari Elibrary NamdhariElibrary@gmail.com

ਹੈ।" ਉਹਨਾਂ ਨੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਤੇ ਉਹਨਾਂ ਨੂੰ ਅੰਗਰੇਜ਼ ਹਕੂਮਤ ਵਿਰੁੱਧ ਕੰਮ ਕਰਨ ਬਦਲੇ ਕਈ ਵਾਰ ਰੂ-ਪੋਸ਼ ਵੀ ਹੋਣਾ ਪਿਆ। ਉਹ ੧੯੨੨ ਵਿਚ ਕਲਕੱਤੇ ਚਲੇ ਗਏ। ੧੯੪੦ ਵਿਚ ਉਹਨਾਂ ਨੇ ਇਕ ਮਾਸਿਕ (Monthly) ਮੈਗਜ਼ੀਨ 'ਆਤਮ ਸਾਇੰਸ' ਕਢਣਾ ਸ਼ੁਰੂ ਕੀਤਾ। ਉਹਨਾਂ ਨੇ ਗੁਰਬਾਣੀ ਅਤੇ ਕੀਰਤਨ ਦੇ ਪ੍ਰਚਾਰ ਲਈ ੧੯੪੦ ਵਿਚ ਇਕ ਗੁਰਮਤ ਪ੍ਰਚਾਰ ਕਮੇਟੀ ਵੀ ਬਣਾਈ ਜਿਹੜੀ ਅਜ ਕਲ੍ਹ ਵੀ ਚਲ ਰਹੀ ਹੈ। ਉਦੋਂ ਹੀ ਉਹਨਾਂ ਨੇ ਆਤਮ ਸਾਇੰਸ ਟਰੱਸਟ ਦੀ ਵੀ ਸਥਾਪਨਾ ਕੀਤੀ ਤਾਂ ਕਿ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਜਾਰੀ ਰੱਖਿਆ ਜਾ ਸਕੇ।

ਏਥੇ ਹੀ ਬਸ ਨਹੀਂ, ਉਹਨਾਂ ਨੇ ੧੯੫੭ ਵਿਚ ਡਿਗਸ਼ਾਈ ਵਿਖੇ ਸਭ ਤੋਂ ਪਹਿਲਾ ਸਿੱਖ ਪਬਲਿਕ ਸਕੂਲ ਸ਼ੁਰੂ ਕੀਤਾ। ਬਾਅਦ ਵਿਚ ਉਹਨਾਂ ਨੇ ਦਿੱਲੀ ਵਿਚ ੧੯੬੯ ਵਿਚ 'ਗੁਰਮਤ ਪ੍ਰਚਾਰ ਟਰੱਸਟ' ਕਾਇਮ ਕੀਤਾ ਤਾਂ ਕਿ ਸਿੱਖ ਧਰਮ ਤੇ ਗੁਰਬਾਣੀ ਦਾ ਪ੍ਰਚਾਰ ਪ੍ਰਸਾਰ ਕੀਤਾ ਜਾ ਸਕੇ। ਉਹਨਾਂ ਨੇ ਆਦਰਸ਼ ਜੀਵਨ ਜੀਉਣ ਬਾਰੇ ਪੰਜਾਬੀ ਵਿਚ ਦਰਜਨਾਂ ਕਿਤਾਬਾਂ ਲਿਖੀਆਂ ਹਨ ਜਿਹੜੀਆਂ ਸਹੀ ਸਿੱਖੀ ਜੀਵਨ ਜੀਉਣ ਦਾ ਸਲੀਕਾ ਸਿਖਾਉਂਦੀਆਂ ਹਨ। ਉਹ ਮਹਾਨ ਹਸਤੀ ਸਾਥੋਂ ੧੪ ਅਪ੍ਰੈਲ ੧੯੭੪ ਨੂੰ ਵਿਛੜ ਗਈ।

ਮੈਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਸਵ. ਸ. ਮਹਿਤਾਬ ਸਿੰਘ ਨੇ ਇਸ ਸੰਸਥਾ ਨੂੰ ਦਿੱਲੀ ਵਿਚ ਸਥਾਪਤ ਕਰਨ ਵਿਚ ਬਹੁਤ ਯੋਗਦਾਨ ਪਾਇਆ ਸੀ। ਸ. ਮਹਿਤਾਬ ਸਿੰਘ ਸਿੱਖ ਕੌਮ ਦੇ ਇਕ ਉੱਚ ਕੋਟੀ ਦੇ ਚਿੰਤਕ ਸਨ ਜਿਨ੍ਹਾਂ ਨੇ ੧੯੬੯ ਵਿਚ Guru Nanak 5th Century School ਮਸੂਰੀ ਵਿਚ ਖੋਲ੍ਹ ਕੇ ਸਾਰੀ ਦੁਨੀਆਂ ਦੇ ਸਿੱਖ ਬੱਚਿਆਂ ਨੂੰ ਉਥੇ ਦਾਖਿਲ ਕਰਨ ਦੀ ਸੇਵਾ ਦਾ ਸ਼ੁੱਭ ਆਰੰਭ ਕੀਤਾ। ਉਹਨਾਂ ਦੇ ਲੜਕੇ ਸ. ਜਸਪਾਲ ਸਿੰਘ ਸਿੱਖੀ ਸੇਵਾ ਵਿਚ ਲਗੇ ਹੋਏ ਹਨ ਤੇ ਉਹਨਾਂ ਦਾ ਹਰ ਯਤਨ ਨਿਰੋਲ ਧਰਮ ਦੇ ਕੰਮ ਵਿਚ ਹਿੱਸਾ ਪਾਉਣਾ ਤੇ ਹਰ ਚੰਗੇ ਉੱਦਮ ਦੀ ਹਰ ਪੱਖੋਂ ਮਦਦ ਕਰਨਾ ਹੈ।

ਅੱਜ ਉਸ ਮਹਾਨ ਹਸਤੀ ਦੀ ਯਾਦ ਵਿਚ ਅਸੀਂ ਇਥੇ ਸਾਰੇ ਇਕੱਠੇ ਹੋਏ ਹਾਂ। ਉਹਨਾਂ ਨੇ ਸਾਰੀ ਉਮਰ ਸਿੱਖ ਧਰਮ ਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਕੀਤਾ ਤੇ ਸਿੱਖ ਨੌਜਵਾਨਾਂ ਨੂੰ ਸਹੀ ਜੀਵਨ ਜੀਉਣ ਦੀ ਰਾਹ ਦੱਸੀ। ਇਸੇ ਕਰਕੇ ਹੀ ਮੈਂ ਅੱਜ ਦੇ ਲੈਕਚਰ ਦਾ ਵਿਸ਼ਾ ਚੁਣਿਆ ਹੈ—

**Sikh Youth at the Cross-Roads !** ਭਾਵ ਸਿੱਖ ਨੌਜਵਾਨ ਕਿਸ ਦੋਰਾਹੇ ਤੇ ? – ਸਾਡਾ ਅੱਜ ਦਾ ਸਭ ਤੋਂ ਵੱਡਾ ਸਰੋਕਾਰ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲਣ ਦਾ ਹੈ, ਜਿਹੜੀ ਸਾਡੀ ਕਲ੍ਹ ਦੀ ਵਾਰਸ ਹੈ, ਜਿਸ ਨੇ ਕੌਮ ਤੇ ਦੇਸ਼ ਦੀ ਵਾਗ-ਡੋਰ ਸੰਭਾਲਣੀ ਹੈ।

**ਪਿਛੋਕੜ-ਅਮੀਰ ਵਿਰਸਾ-ਸਿੱਖ ਗੁਰੂ ਸਾਹਿਬਾਨ ਦੀ ਦੇਣ**

ਸਭ ਤੋਂ ਪਹਿਲਾਂ ਜਦੋਂ ਅਸੀਂ ਆਪਣੇ ਵਿਰਸੇ ਉੱਤੇ ਝਾਤ ਮਾਰਦੇ ਹਾਂ ਤਾਂ ਮੈਨੂੰ ਇਹ ਜਾਣ ਕੇ ਬੜਾ ਫ਼ਖਰ ਮਹਿਸੂਸ ਹੁੰਦਾ ਹੈ ਕਿ ਸਾਡਾ ਨੌਜਵਾਨ ਵਿਰਸਾ ਕਿੰਨਾ ਅਮੀਰ ਤੇ ਅਨਮੋਲ ਰਿਹਾ ਹੈ। ਸਿੱਖ ਧਰਮ ਦੀ ਨੀਂਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ। ਗੁਰੂ ਨਾਨਕ ਦੇਵ ਜੀ ਨੇ ਬਚਪਨ ਤੋਂ ਹੀ ਵੱਡੇ ਕਾਰਨਾਮੇ ਕੀਤੇ। ਜੇ ਉਹ ਸਕੂਲ ਗਏ ਤਾਂ ਪਾਂਧੇ ਨੂੰ ਹੀ ਸਬਕ ਪੜ੍ਹਾ ਆਏ। ਜੇ ਪਿਤਾ ਮਹਿਤਾ ਕਾਲੂ ਨੇ ਸੱਚਾ ਸੌਦਾ ਕਰਨ ਲਈ ਭੇਜਿਆ ਤਾਂ ਸਾਧੂਆਂ ਨੂੰ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ। ਜੇ ਉਹ ਉਦਾਸੀਆਂ ਤੇ ਗਏ ਤਾਂ ਗੋਸ਼ਟਾਂ ਰਾਹੀਂ ਆਪਣੇ ਗਿਆਨ ਤੇ ਵਿਦਵਤਾ ਦਾ ਲੋਹਾ ਮੰਨਵਾਇਆ ਤੇ ਲੋਕਾਂ ਨੂੰ ਸੱਚ ਦਾ ਰਾਹ ਦਿਖਾਇਆ। ਗੁਰੂ ਨਾਨਕ ਦੇਵ ਜੀ ਦੇ ਇਹ ਕ੍ਰਿਸ਼ਮੇ ਫੁੱਟਦੀ ਜਵਾਨੀ ਦੇ ਸਮੇਂ ਵਿਚ ਸਨ।

ਗੁਰੂ ਕਾਲ 'ਚ ਬਾਬਾ ਅਟੱਲ ਜੀ ਨੇ ਛੋਟੀ ਅਵਸਥਾ ਵਿਚ ਹੀ ਸਿੱਖ ਸਿਧਾਂਤਾਂ ਨੂੰ ਮੰਨਦਿਆਂ ਹੋਇਆਂ ਆਪਣਾ ਸਰੀਰ ਤਿਆਗ ਦਿੱਤਾ ਸੀ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ੭ ਸਾਲ ਦੀ ਉਮਰ ਵਿਚ ਗੁਰੂ ਬਣ ਗਏ ਸਨ। ਦੁਨੀਆਂ ਵਿਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਜਦੋਂ ਇਤਨੀ ਛੋਟੀ ਉਮਰ ਵਿਚ ਕੋਈ ਰੱਬੀ ਆਗੂ ਬਣਿਆ ਹੋਵੇ, ਉਹ ਵੀ ਇਤਨੀ ਵੱਡੀ ਸਿੱਖ ਪਰੰਪਰਾ ਦਾ। ਏਥੇ ਹੀ ਬਸ ਨਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਵਲ ੯ ਸਾਲ ਦੇ ਸਨ ਜਦੋਂ ਉਹਨਾਂ ਨੇ ਗੁਰ-ਗੱਦੀ ਸੰਭਾਲੀ ਸੀ। ਇਤਨੇ ਬਿਖਮ ਹਾਲਾਤ ਵਿਚ ਉਹਨਾਂ ਨੇ ਵਾਗ-ਡੋਰ ਸੰਭਾਲੀ ਅਤੇ ਨਾ ਸਿਰਫ ਮੁਗ਼ਲਾਂ ਵਿਰੁੱਧ ਯੁੱਧ ਹੀ ਕੀਤੇ ਸਗੋਂ ਆਪਣਾ ਰਾਜ ਵੀ ਕਾਇਮ ਕੀਤਾ ਤੇ ਖਾਲਸੇ ਦੀ ਸਥਾਪਨਾ ਕਰਕੇ ਇਕ ਨਵਾਂ ਧਰਮ ਸਿਰਜਿਆ, ਜਿਸ ਦਾ ਆਧਾਰ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਤੇ ਆਧਾਰਤ ਕੀਤਾ। ਲੇਖਕ ਤੇ ਕਵੀ ਗੁਰੂ ਜੀ ਦੇ ਜਵਾਨੀ ਦੇ ਸਮੇਂ ਕੀਤੇ ਕਰਤੱਬ ਵੱਖਰੇ ਤੌਰ ਤੇ ਲਿਖ ਜਾਣ ਦੀ ਲੋੜ ਹੈ।

ਸ੍ਰੀ ਗੁਰੂ ਗੋਬਿੰਦ ਜੀ ਦੇ ਬੇਟੇ ਵੀ ਅਮਰ ਕਥਾ ਲਿਖ ਗਏ। ਸਾਹਿਬਜ਼ਾਦਾ ਅਜੀਤ ਸਿੰਘ ੧੫ ਸਾਲ, ਅਤੇ ਜੁਝਾਰ ਸਿੰਘ ੧੩ ਸਾਲ, ਨੇ ਮੁਗਲਾਂ ਵਿਰੁੱਧ ਚਮਕੌਰ ਦੇ ਯੁੱਧ ਵਿਚ ਆਪਣੇ ਜੌਹਰ ਵਿਖਾਏ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਦੁਨੀਆਂ ਭਰ ਵਿਚ ਇਸ ਬਹਾਦਰੀ ਦੀ ਕੋਈ ਮਿਸਾਲ ਨਹੀਂ ਮਿਲਦੀ। ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ੯ ਸਾਲ, ਅਤੇ ਫ਼ਤਹਿ ਸਿੰਘ ੬ ਸਾਲ ਨੇ ਨੀਹਾਂ 'ਚ ਚਿਣਨਾ ਕਬੂਲ ਕੀਤਾ ਪਰ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ। ਕਦੇ ਸੋਚੋ ੯ ਤੇ ੬ ਸਾਲ ਦੇ ਬੱਚਿਆਂ ਨੇ ਕਿਵੇਂ ਆਪਣੇ ਧਰਮ ਦੀ ਦ੍ਰਿੜਤਾ ਲਈ



Namdhari Elibrary NamdhariElibrary@gmail.com

ਅਡੋਲ ਰਹਿ ਕੇ ਜਾਨ ਵਾਰ ਦਿੱਤੀ ਪਰ ਧਰਮ ਵਲੋਂ ਮੂੰਹ ਨਹੀਂ ਮੋੜਿਆ।

**ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ**

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਉਹਨਾਂ ਵਲੋਂ ਲਾਇਆ ਸਿੱਖੀ ਦਾ ਬੂਟਾ ਮੌਲਿਆ ਤੇ ਉਹਨਾਂ ਦੇ ਹੀ ਪਾਏ ਪੂਰਨਿਆਂ ਤੇ ਚਲ ਕੇ ਨੌਜਵਾਨ ਰਣਜੀਤ ਸਿੰਘ ਨੇ ੧੯ ਸਾਲ ਦੀ ਉਮਰ ਵਿਚ ਲਾਹੌਰ ਤੇ ਕਬਜ਼ਾ ਕੀਤਾ ਤੇ ਸਿੱਖ ਰਾਜ ਦੀ ਸਥਾਪਨਾ ਕੀਤੀ। ਉਹ ੨੧ ਸਾਲ ਦੀ ਉਮਰ ਵਿਚ ਰਾਜਾ ਬਣ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ੪੦ ਵਰ੍ਹੇ ਰਾਜ ਕੀਤਾ ਤੇ ਪੰਜਾਬ ਨੂੰ ਕਾਬੁਲ, ਕੰਧਾਰ, ਅਫਗਾਨਿਸਤਾਨ ਤੋਂ ਲੈ ਕੇ ਕਸ਼ਮੀਰ ਤਕ ਅਤੇ ਗੁਜਰਾਤ ਤੋਂ ਸਤਲੁਜ ਤੱਕ ਫੈਲਾਇਆ। ਅੰਗਰੇਜ਼ ਜਿਹੜੇ ਸਾਰੇ ਹਿੰਦੁਸਤਾਨ ਤੇ ਕਬਜ਼ਾ ਕਰੀ ਬੈਠੇ ਸਨ ਉਹਨਾਂ ਦੀ ਪੰਜਾਬ ਵੱਲ ਮੂੰਹ ਕਰਨ ਦੀ ਹਿੰਮਤ ਨਹੀਂ ਸੀ। ਸਾਡੀਆਂ ਸਾਰੀਆਂ ਪੁਸਤਕਾਂ ਤੇ ਤਸਵੀਰਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਫੇਦ ਦਾੜ੍ਹੀ ਦਿਖਾਈ ਗਈ ਹੈ, ਪਰ ਵੇਖਣ ਵਾਲੀ ਗੱਲ ਇਹ ਹੈ ਕਿ ਉਹ ਰਾਜਾ ਕਦੋਂ ਬਣਿਆ ਸੀ ਤੇ ਉਹਨੇ ਆਪਣੇ ਰਾਜ ਨੂੰ ਕਿੰਨੀ ਉਮਰ ਵਿਚ ਕਾਇਮ ਕਰ ਲਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਜਵਾਨੀ ਦੀ ਸਖਸ਼ੀਅਤ ਨੌਜਵਾਨਾਂ ਸਾਹਮਣੇ ਰੱਖਣ ਦੀ ਲੋੜ ਹੈ।

**ਨੌਜਵਾਨ ਆਜ਼ਾਦੀ ਸੰਗਰਾਮੀਏ**

ਇਸ ਤੋਂ ਬਾਅਦ ਵਾਰੀ ਆਉਂਦੀ ਹੈ ਸਾਡੇ ਨੌਜਵਾਨ ਆਜ਼ਾਦੀ ਸੰਗਰਾਮੀਆਂ ਦੀ ਜਿਨ੍ਹਾਂ ਨੇ ਹੱਸ ਹੱਸ ਫਾਂਸੀ ਦੇ ਤਖ਼ਤਿਆਂ ਨੂੰ ਚੁੰਮਿਆ ਪਰ ਆਜ਼ਾਦੀ ਹਾਸਲ ਕਰਕੇ ਹੀ ਸਾਹ ਲਿਆ। ਆਜ਼ਾਦੀ ਦੀ ਲੜਾਈ ਵਿਚ ਵੀ ਪੰਜਾਬੀ ਨੌਜਵਾਨ ਹਮੇਸ਼ਾ ਮੋਹਰੀ ਰਿਹਾ। ਸ. ਕਰਤਾਰ ਸਿੰਘ ਸਰਾਭਾ, ਸ. ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਨੇ ਅੰਗਰੇਜ਼ੀ ਰਾਜ ਦੀਆਂ ਨੀਹਾਂ ਨੂੰ ਹਿਲਾ ਕੇ ਰੱਖ ਦਿੱਤਾ।

ਕਰਤਾਰ ਸਿੰਘ ਸਰਾਭੇ ਦੀ ਕਿੰਨੀ ਉਮਰ ਸੀ ਜਦੋਂ ਉਸ ਨੂੰ ਫ਼ਾਂਸੀ ਦਿੱਤੀ ਗਈ-ਕੇਵਲ ੨੧ ਸਾਲ ਦੀ। ਕਰਤਾਰ ਸਿੰਘ ਸਰਾਭਾ ੧੮੯੬ ਵਿਚ ਪੈਦਾ ਹੋਇਆ ਸੀ। ਉਹ ੧੯੧੨ ਵਿਚ ਕੇਵਲ ੧੬ ਵਰ੍ਹਿਆਂ ਦਾ ਸੀ ਜਦੋਂ ਉਹ ਸਾਨਫਰਾਂਸਿਸਕੋ ਚਲਾ ਗਿਆ ਤੇ ਬਾਰਕਲੇ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ ਸੀ। ਇਥੇ ਹੀ ਉਹਨੂੰ ਦੇਸ਼ ਭਗਤੀ ਦੀ ਜਾਗ ਲੱਗੀ। ੧੯੧੩ ਵਿਚ ਜਦੋਂ ਸੋਹਣ ਸਿੰਘ ਭਕਨਾ ਨੇ ਗ਼ਦਰ ਪਾਰਟੀ ਦੀ ਸਥਾਪਨਾ ਕੀਤੀ ਤਾਂ ਕਰਤਾਰ ਸਿੰਘ ਸਰਾਭਾ ਪੜ੍ਹਾਈ ਵਿਚੇ ਹੀ ਛੱਡ ਕੇ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ ਤੇ ਭਾਰਤ ਆ ਕੇ ਅੰਗਰੇਜ਼ਾਂ ਵਿਰੁੱਧ ਜਹਾਦ ਕਰਨ ਲਗ ਪਿਆ। ਫਰਵਰੀ ੧੯੧੫ ਵਿਚ ਉਹਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ੧੬ ਨਵੰਬਰ ੧੯੧੫ ਨੂੰ ਉਹਨੂੰ ਫਾਂਸੀ ਲੱਗ ਦਿੱਤੀ ਗਈ।

ਸ਼ਹੀਦ ਭਗਤ ਸਿੰਘ ਨੂੰ ਕੌਣ ਨਹੀਂ ਜਾਣਦਾ ? ਸ. ਭਗਤ ਸਿੰਘ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਬਚਪਨ ਵਿਚ ਹੀ ਉਹਦੇ ਚਾਚੇ ਅਜੀਤ ਸਿੰਘ ਕੋਲੋਂ ਮਿਲੀ ਸੀ। ਲਾਹੌਰ ਨੈਸ਼ਨਲ ਕਾਲਜ ਵਿਚ ਪੜ੍ਹਾਈ ਵਿਚੇ ਹੀ ਛੱਡ ਕੇ ਉਹ ਆਜ਼ਾਦੀ ਦੀ ਲੜਾਈ 'ਚ ਕੁੱਦ ਪਿਆ ਸੀ। ੧੯੦੭ ਵਿਚ ਪੈਦਾ ਹੋਏ ਭਗਤ ਸਿੰਘ ਨੇ ਛੋਟੀ ਉਮਰ ਵਿਚ ਹੀ ਆਜ਼ਾਦੀ ਦੀਆਂ ਕਈ ਲਹਿਰਾਂ ਵਿਚ ਵੀ ਹਿੱਸਾ ਲਿਆ। ਮਾਰਚ ੧੯੨੬ ਵਿਚ ਲਾਲ ਲਾਜਪਤ ਰਾਏ ਦੀ ਮੌਤ ਤੋਂ ਬਾਅਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਜੇ.ਪੀ. ਸਾਂਡਰਸ ਨੂੰ ਆਪਣੀ ਗੋਲੀਆਂ ਦਾ ਨਿਸ਼ਾਨਾ ਬਣਾਇਆ। ਉਹਨੇ ਸੈਂਟਰਲ ਅਸੈਂਬਲੀ ਹਾਲ ਦੀ ਗੈਲਰੀ ਵਿਚ ਨਕਲੀ ਬੰਬ ਸੁਟਿਆ। ਉਹਨਾਂ ਉੱਤੇ ਮੁਕੱਦਮਾ ਚਲਿਆ ਤੇ ਉਸ ਨੇ ੨੯ ਸਾਲ ਦੀ ਚੜ੍ਹਦੀ ਉਮਰ 'ਚ ਹੀ ਸ਼ਹਾਦਤ ਦਾ ਜਾਮ ਪੀਤਾ ਜਦੋਂ ਉਸ ਨੂੰ ਅੰਗਰੇਜ਼ ਸਰਕਾਰ ਨੇ ੨੩ ਮਾਰਚ ੧੯੩੧ ਨੂੰ ਫਾਂਸੀ ਲਗਾ ਦਿੱਤੀ ਸੀ।

ਏਸੇ ਤਰ੍ਹਾਂ ਹੀ ਸ. ਊਧਮ ਸਿੰਘ ਨੇ ਆਜ਼ਾਦੀ ਦੇ ਸੰਗਰਾਮ ਵਿਚ ਆਪਣਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਵਾਇਆ। ਸ਼ਹੀਦ ਊਧਮ ਸਿੰਘ ਦਾ ਜਨਮ ੨੬ ਦਸੰਬਰ ੧੮੯੯ ਨੂੰ ਸੁਨਾਮ ਵਿਖੇ ਹੋਇਆ ਸੀ। ੧੩ ਅਪ੍ਰੈਲ, ੧੯੧੯ ਦੀ ਦੁਖਦਾਈ ਘਟਨਾ ਨੇ ਉਸ ਉੱਤੇ ਡੂੰਘਾ ਅਸਰ ਪਾਇਆ ਜਦੋਂ ਜਨਰਲ ਓਡਵਾਇਰ ਨੇ ਜਲ੍ਹਿਆਂ ਵਾਲੇ ਬਾਗ ਵਿਚ ਸ਼ਾਂਤਮਈ ਜਲਸਾ ਕਰ ਰਹੇ ਲੋਕਾਂ ਉੱਤੇ ਅੰਨ੍ਹੇ-ਵਾਹ ਗੋਲੀਆਂ ਚਲਵਾ ਦਿੱਤੀਆਂ ਸੀ, ਜਿਸ ਵਿਚ ਇਕ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ। ਉਹਨੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦਾ ਬਦਲਾ ਲੈਣ ਦੀ ਕਸਮ ਖਾਧੀ। ਉਹ ਘੁੰਮਦਾ-ਘੁੰਮਾਉਂਦਾ ਇੰਗਲੈਂਡ ਪਹੁੰਚ ਗਿਆ ਤੇ ਮੌਕੇ ਤੇ ਤਲਾਸ਼ ਕਰਨ ਲਗਾ। ਲੰਡਨ ਜਾ ਕੇ ਊਧਮ ਸਿੰਘ ਨੇ ਮਾਈਕਲ ਓਡਵਾਇਰ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। ਉਸ ਉੱਤੇ ਮੁਕੱਦਮਾ ਚਲਿਆ ਤੇ ਉਹਨੂੰ ੩੧ ਜੁਲਾਈ ੧੯੪੦ ਨੂੰ ਫ਼ਾਂਸੀ ਲਗਾ ਦਿੱਤੀ ਗਈ।

ਸਿੱਖ ਨੌਜਵਾਨਾਂ ਦੇ ਨਾਲ-ਨਾਲ ਨਾਮਧਾਰੀਆਂ ਨੇ ਇਸ ਲੜਾਈ ਵਿਚ ਆਪਣਾ ਯੋਗਦਾਨ ਦਿੱਤਾ। ਬਾਬਾ ਬਿਸ਼ਨ ਸਿੰਘ ਨੂੰ ਕੌਣ ਭੁਲਾ ਸਕਦਾ ਹੈ, ਜਿਸ ਨੇ ਅੰਗਰੇਜ਼ ਡਿਪਟੀ ਕਮਿਸ਼ਨਰ ਦੀ ਦਾੜ੍ਹੀ ਫੜ ਲਈ ਸੀ, ਉਸਦੇ ਹੱਥ ਵੱਢ ਦਿੱਤੇ ਗਏ ਸਨ ਜਦ ਉਸਨੇ ਦਾੜ੍ਹੀ ਨਹੀਂ ਛੱਡੀ ਸੀ। ੧੯੪੨ ਵਿਚ ਮਾਸਟਰ ਤਾਰਾ ਸਿੰਘ ਨੇ ਪਾਕਿਸਤਾਨ ਦੇ ਖਤਰੇ ਨੂੰ ਭਾਂਪਦਿਆਂ ਪੰਜਾਬ ਵਿਚ ਸ਼ਾਂਤੀ ਕਾਇਮ ਰੱਖਣ ਲਈ "ਅਕਾਲ ਸੈਨਾ" ਦੀ ਸਥਾਪਨਾ ਕੀਤੀ। ਇਸ ਫੌਜ ਦੇ ਕਾਰਕੁੰਨਾਂ ਨੇ ਜਿਹੜੇ



Namdhari Elibrary NamdhariElibrary@gmail.com

ਸਾਰੇ ਹੀ ਨੌਜਵਾਨ ਸਨ, ਬੜਾ ਕੰਮ ਕੀਤਾ ਅਤੇ ੧੯੪੭ ਵਿਚ ਭਾਰਤ ਦੀ ਵੰਡ ਦੌਰਾਨ ਲੋਕਾਂ ਦੀ ਹਿਫਾਜ਼ਤ ਵਿਚ ਉੱਘਾ ਰੋਲ ਅਦਾ ਕੀਤਾ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਹਜ਼ਾਰਾਂ ਨੌਜਵਾਨਾਂ ਨੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ। ਪੁਲਿਸ ਦੀ ਤਸ਼ੱਦਦ ਦਾ ਸ਼ਿਕਾਰ ਹੋਏ, ਜੇਲ੍ਹਾਂ ਕੱਟੀਆਂ, ਫਾਂਸੀਆਂ ਉੱਤੇ ਚੜ੍ਹੇ, ਪਰ ਦੇਸ਼ ਨੂੰ ਆਜ਼ਾਦ ਕਰਾਕੇ ਹੀ ਸਾਹ ਲਿਆ।

ਗਿਆਨੀ ਕਰਤਾਰ ਸਿੰਘ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਨੀਂਹ ੧੯੪੩ ਵਿਚ ਰੱਖ ਕੇ ਸਾਰੇ ਨੌਜਵਾਨ ਸਿੱਖ ਵਿਦਿਆਰਥੀਆਂ ਨੂੰ ਲਾਮਬੰਦ ਕੀਤਾ। ਸਿੱਖੀ ਤੋਂ ਲਾਂਭੇ ਜਾ ਰਹੀ ਨੌਜਵਾਨ ਪੀੜ੍ਹੀ ਨੂੰ ਸਹੀ ਰਾਹ ਦਿਖਾਇਆ ਅਤੇ ਉਸ ਨੂੰ ਮੁੱਖ-ਧਾਰਾ ਵਿਚ ਸ਼ਾਮਲ ਕੀਤਾ। ਡਾਕਟਰ ਸੰਤੋਖ ਸਿੰਘ, ਸ. ਅਮਰ ਸਿੰਘ ਅੰਬਾਲਵੀ, ਸ. ਸਰੂਪ ਸਿੰਘ, ਡਾ. ਜਸਵੰਤ ਸਿੰਘ ਨੇਕੀ, ਸ. ਭਾਨ ਸਿੰਘ, ਸ. ਗੰਗਾ ਸਿੰਘ ਢਿਲੋਂ, ਡਾ. ਸ਼ਮਸ਼ੇਰ ਸਿੰਘ ਇਸ ਦੇ ਮੋਢੀ ਸਨ।

ਪਰ ਜੇ ਹੁਣ ਅਸੀਂ ਇਹ ਸੋਚੀਏ ਕਿ ਹੁਣ ਅਸੀਂ ਕਿਸ ਦੋਰਾਹੇ ਤੇ ਖੜ੍ਹੇ ਹਾਂ ਸਾਨੂੰ ਪਤਾ ਲਗੇਗਾ ਕਿ ਸਿੱਖ ਧਰਮ ਨੂੰ ਕਾਇਮ ਕਰਨ ਅਤੇ ਇਥੋਂ ਤਕ ਪਹੁੰਚਾਣ ਵਿਚ ਕਿੰਨਾਂ ਲਹੂ ਡੁੱਲ੍ਹਿਆ, ਕਿੰਨੀਆਂ ਕੁਰਬਾਨੀਆਂ ਦਿੱਤੀਆਂ, ਕਿੰਨੇ ਸ਼ਹੀਦ ਹੋਏ, ਘਰੋਂ ਬੇਘਰ ਹੋਏ, ਸੂਲੀਆਂ ਦੇ ਚੜ੍ਹੇ, ਚਰਖੜੀਆਂ ਤੇ ਚੜ੍ਹੇ ਆਰਿਆਂ ਨਾਲ ਚਿਰਾਏ ਗਏ, ਬੰਦ-ਬੰਦ ਕਟਵਾਏ, ਤੱਤੀਆਂ ਲੋਹਾਂ ਤੇ ਬੈਠੇ, ਉਬਲਦੀਆਂ ਦੇਗਾਂ ਵਿਚ ਉਬਾਲੇ ਗਏ ਪਰ ਸਿੱਖੀ ਤੇ ਆਨ ਨਹੀਂ ਆਉਣ ਦਿੱਤੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣਾ ਸਾਰਾ ਸਰਬੰਸ ਵਾਰ ਦਿੱਤਾ। ਐਨੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਜਿਸ ਧਰਮ ਨੂੰ ਕਾਇਮ ਕੀਤਾ ਗਿਆ ਹੋਵੇ, ਉਸ ਧਰਮ ਵਲ ਸਾਡਾ ਨੌਜਵਾਨ ਹੁਣ ਕਿਥੇ ਖੜ੍ਹਾ ਹੈ, ਇਹ ਬੜੀ ਸੋਚਣ ਵਾਲੀ ਗੱਲ ਹੈ।

**ਲੇਖਾ-ਜੋਖਾ**

ਜੇ ਅੱਜ ਅਸੀਂ ਆਪਣੇ ਸਿੱਖ ਨੌਜਵਾਨ ਦਾ ਲੇਖਾ-ਜੋਖਾ ਕਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਸਾਡੇ ਨੌਜਵਾਨ ਪਤਿੱਤ ਹੋ ਰਹੇ ਹਨ ਭਾਵੇਂ ਉਹ ਕਿਸੇ ਵੀ ਖੇਤਰ ਵਿਚ ਹਨ, ਸਿੱਖੀ ਤੋਂ ਮੂੰਹ ਮੋੜ ਚੁੱਕੇ ਹਨ। ਪੰਜਾਬ ਜਾਂ ਭਾਰਤ ਵਿਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਇਹੋ ਹੀ ਹਾਲ ਹੈ। ਦਾੜ੍ਹੀ ਰਖਣਾ ਤੇ ਪੱਗ ਬੰਨ੍ਹਣਾ ਤਾਂ ਜਿਵੇਂ ਇਹਨਾਂ ਦੀ ਸ਼ਾਨ ਦੇ ਵਿਰੁੱਧ ਹੋਵੇ। ਦਾੜ੍ਹੀ ਕਤਰਨਾ ਤੇ ਵਾਲ ਕਟਾਉਣਾ ਤੇ,ਪਟਕਾ ਬੰਨਣਾ, ਸਿਨਮੇ ਵੇਖਣਾ, ਕਲੱਬਾਂ 'ਚ ਜਾਣਾ, ਸ਼ਰਾਬ ਤੇ ਹੋਰ ਨਸ਼ੇ ਕਰਨੇ, ਗੋਲੀਆਂ ਖਾਣੀਆਂ ਇਹਨਾਂ ਦਾ ਪੇਸ਼ਾ ਬਣ ਚੁੱਕਾ ਹੈ। ਗੁਰਦੁਆਰੇ ਜਾਣਾ ਤਾਂ ਜਿਵੇਂ ਇਹ ਆਪਣੀ ਹੱਤਕ ਸਮਝਦੇ ਹੋਣ।

ਅੱਜ ਤੁਸੀਂ ਕੋਈ ਅਖਬਾਰ ਚੁੱਕ ਕੇ ਦੇਖੋ ਅਖਬਾਰ ਦੇ ਮੈਟਰੀਮੋਨੀਅਲ ਵਾਲੇ ਪੰਨੇ ਇਨ੍ਹਾਂ ਇਸ਼ਤਿਹਾਰਾਂ ਨਾਲ ਭਰੇ ਪਏ ਹਨ ਕਿ ਸਾਨੂੰ ਮੁੰਡਾ ਕਲੀਨ ਸ਼ੇਵਨ ਚਾਹੀਦਾ ਹੈ। ਇਹ ਇਸ਼ਤਿਹਾਰ ਸ਼ਰੇਆਮ (openly) ਛਪ ਰਹੇ ਹਨ ਅਤੇ ਸਿੱਖ ਪਰਿਵਾਰ ਇਹਨਾਂ ਇਸ਼ਤਿਹਾਰਾਂ ਦੀ ਵਰਤੋਂ ਕਰ ਰਹੇ ਹਨ। ਜਦੋਂ ਸਿੱਖ ਮੁੰਡੇ ਲਭਣਗੇ ਨਹੀਂ ਤਾਂ ਮਜਬੂਰਨ ਵਸ ਮਾਂ ਪਿਓ ਨੂੰ ਗੈਰ ਸਿੱਖ ਮੁੰਡਿਆਂ ਨਾਲ ਹੀ ਵਿਆਹ ਕਰਨੇ ਪੈ ਰਹੇ ਹਨ ਜਿਸ ਨਾਲ ਸਿੱਖੀ ਨੂੰ ਹੋਰ ਢਾਹ ਲਗ ਰਹੀ ਹੈ।

ਖੇਡਾਂ ਵਿਚ ਵੀ ਸਾਡੇ ਨੌਜਵਾਨਾਂ ਦਾ ਇਹੋ ਹੀ ਹਾਲ ਹੈ। ਸਾਡੇ ਖਿਡਾਰੀ ਸਾਬਤ ਸੂਰਤ ਰਖਣ ਨਾਲੋਂ ਕਲੀਨ ਸ਼ੇਵਨ ਹੋਣ ਜਾਂ ਵਾਲ ਕਟਵਾਉਣ ਨੂੰ ਤਰਜੀਹ ਦੇ ਰਹੇ ਹਨ। ਉਡਣਾ ਸਿੱਖ ਸ. ਮਿਲਖਾ ਸਿੰਘ ਦਾ ਪੁੱਤਰ ਸ. ਚਿਰਨਜੀਵ ਸਿੰਘ ਜਿਹੜਾ ਗਾਲਫ ਦਾ ਪ੍ਰਸਿੱਧ ਖਿਡਾਰੀ ਹੈ, ਮੋਨਾ ਹੈ। ਭਾਰਤ ਦੀ ਹਾਕੀ ਦੀ ਟੀਮ ਦੇ ਸੱਤ ਸਿੱਖ ਨੌਜਵਾਨ ਮੁੰਡਿਆਂ ਵਿਚੋਂ ੨ ਨੇ ਹੀ ਸਿਰਫ ਵਾਲ ਰਖੇ ਹਨ ਬਾਕੀ ਪੰਜੇ ਮੋਨੇ ਹਨ। ਪ੍ਰਭਜੋਤ ਸਿੰਘ, ਗਗਨਜੀਤ ਸਿੰਘ ਅਤੇ ਜੁਗਰਾਜ ਸਿੰਘ ਆਦਿ ਹਾਕੀ ਦੇ ਉੱਘੇ ਖਿਡਾਰੀ ਜਿਹਨਾਂ ਦੀ ਅੱਜ ਚੜ੍ਹਤ ਹੈ ਪਰ ਉਹ ਸਿੱਖੀ ਸਰੂਪ ਵਿਚ ਨਹੀਂ ਹਨ। ਪੰਜਾਬ ਦੀਆਂ ਖੇਡ ਟੀਮਾਂ ਵਿਚ ੯੦ ਫੀਸਦੀ ਸਿੱਖ ਹਨ ਪਰ ਕੋਈ ਵੀ ਪੱਗ ਨਹੀਂ ਬੰਨ੍ਹਦਾ। ਪੰਜਾਬ ਦੀ ਕਬੱਡੀ ਦੀ ਉੱਘੀ ਟੀਮ ਹੋਇਆ ਕਰਦੀ ਸੀ ਜਿਸ ਵਿਚ ਤਕਰੀਬਨ ਸਾਰੇ ਹੀ ਖਿਡਾਰੀ ਸਿੱਖ ਹੋਇਆ ਕਰਦੇ ਸਨ ਅਤੇ ਜਦੋਂ ਉਹ ਭਾਰਤ ਦੇ ਦੂਜਿਆਂ ਸੂਬਿਆਂ ਵਿਚ ਜਾਂ ਬਾਹਰਲੇ ਮੁਲਕਾਂ ਵਿਚ ਖੇਡਣ ਜਾਂਦੇ ਸਨ ਤਾਂ ਪੰਜਾਬ ਦਾ ਨਾਂ ਉੱਚਾ ਹੁੰਦਾ ਸੀ ਅਤੇ ਲੋਕ ਫ਼ਖਰ ਮਹਿਸੂਸ ਕਰਿਆ ਕਰਦੇ ਸਨ। ਪਰ ਹੁਣ ਉਹ ਹੀ ਨੌਜਵਾਨ ਵਾਲਾਂ ਤੇ ਪੱਗਾਂ ਤੋਂ ਬਗੈਰ ਨਜ਼ਰ ਆਉਂਦੇ ਹਨ ਤੇ ਕੋਈ ਉਹਨਾਂ ਨੂੰ ਗੌਲਦਾ ਵੀ ਨਹੀਂ। ਭਾਵੇਂ ਉਹ ਕਿਤਨੀਆਂ ਹੀ ਮੱਲਾਂ ਮਾਰ ਲੈਣ। ਮੈਂ ਇਥੇ ਇਹ ਗੱਲ ਵੀ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਧਾਰਮਿਕ ਆਗੂ ਅਤੇ ਸੰਤ ਮਹਾਤਮਾ ਪਿੰਡਾਂ ਅਤੇ ਸ਼ਹਿਰਾਂ ਵਿਚ ਹੋਣ ਵਾਲੇ ਖੇਡ ਮੁਕਾਬਲਿਆਂ ਵਿਚ ਇਨਾਮ ਤਾਂ ਵੰਡਦੇ ਹਨ ਪਰ ਉਹਨਾਂ ਨੂੰ ਸਿੱਖ ਸਰੂਪ ਕ਼ਾਇਮ ਰੱਖਣ ਦੀ ਸਿੱਖਿਆ ਨਹੀਂ ਦਿੰਦੇ। ਇਕ ਸਮਾਂ ਸੀ ਜਦੋਂ ਫਗਵਾੜੇ ਵਾਲੀ ਜੇ.ਸੀ.ਟੀ. ਫੁਟਬਾਲ ਟੀਮ ਪੂਰੇ ਭਾਰਤ ਵਿਚੋਂ ਅੱਵਲ ਨੰਬਰ ਤੇ ਆਉਂਦੀ ਸੀ। ਇੰਦਰ ਸਿੰਘ ਅਤੇ ਜਰਨੈਲ ਸਿੰਘ ਹਿੰਦੁਸਤਾਨ ਦੇ ਸਭ ਤੋਂ ਵੱਡੇ ਫੁੱਟਬਾਲ ਦੇ ਖਿਡਾਰੀ ਮੰਨੇ ਜਾਂਦੇ ਸੀ। ਉਹ ਪੱਕੇ ਸਿੱਖ ਸਨ ਪਰ ਅੱਜ



Namdhari Elibrary NamdhariElibrary@gmail.com

ਵੇਖੀਏ ਤਾਂ ਸਾਰੀ ਟੀਮ ਹੀ ਪਤਿੱਤ ਹੋ ਚੁੱਕੀ ਹੈ। ਹਰਭਜਨ ਸਿੰਘ ਕ੍ਰਿਕਟ ਦਾ ਜਗਤ ਪ੍ਰਸਿੱਧ ਗੇਂਦਬਾਜ਼ ਹੈ ਪਰ ਪਗੜੀ ਬੰਨ੍ਹਣ ਤੋਂ ਇਨਕਾਰੀ ਹੈ।

ਮੈਂ ਏਥੇ ਇਕ ਪ੍ਰਸ਼ਨ ਪੁਛਣਾ ਚਾਹੁੰਦਾ ਹਾਂ ਕਿ ਅਸੀਂ ਸ਼ਤਾਬਦੀਆਂ ਮਨਾ ਰਹੇ ਹਾਂ, ਹੁਣੇ ਪਿਛੇ ਜਿਹੇ ਹੀ ਅਸੀਂ ਖਾਲਸਾ ਪੰਥ ਦੀ ਸਥਾਪਨਾ ਦਾ ੩੦੦ਵਾਂ ਦਿਵਸ ਮਨਾਇਆ ਹੈ। ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪੰਜ ਸੌ ਸਾਲਾ ਜਨਮ ਮਨਾਇਆ ਸੀ। ਏਸੇ ਤਰ੍ਹਾਂ ਅਸੀਂ ਆਏ ਦਿਨ ਗੁਰਪੁਰਬ ਤੇ ਦਿਨ ਮਨਾਉਂਦੇ ਰਹਿੰਦੇ ਹਾਂ, ਆਪਣੇ ਇਤਿਹਾਸ ਤੇ ਮਾਣ ਕਰਦੇ ਹਾਂ। ਇੰਜ ਕਰਨਾ ਵੀ ਚਾਹੀਦਾ ਹੈ, ਦਿਨ ਮਨਾਉਣੇ ਚਾਹੀਦੇ ਹਨ, ਪਰ ਕੀ ਅਸੀਂ ਕਦੀ ਆਪਣੇ ਅੰਦਰ ਝਾਤੀ ਮਾਰੀ ਹੈ ਕਿ ਕਿਥੇ ਅੱਜ ਤੋਂ ਸੌ ਸਾਲ ਪਹਿਲਾਂ ਦਾ ਸਿੱਖ ਨੌਜਵਾਨ ਤੇ ਕਿਥੇ ਅੱਜ ਦਾ ਸਿੱਖ ਨੌਜਵਾਨ ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਭਾਵਾਂ ਗੁਰਦੁਆਰਿਆਂ ਦੀ ਉਸਾਰੀ ਤੇ ਜ਼ੋਰ ਦੇ ਰਹੀਆਂ ਹਨ। ਸਕੂਲਾਂ, ਕਾਲਜਾਂ ਤੇ ਹੋਰ ਬਿਲਡਿੰਗਾਂ ਤਾਂ ਬਣ ਰਹੀਆਂ ਹਨ ਪਰ ਉਹਨਾਂ ਨੂੰ ਇਸ ਗੱਲ ਨਾਲ ਸਰੋਕਾਰ ਨਹੀਂ ਕਿ ਉਹਨਾਂ ਬਿਲਡਿੰਗਾਂ ਵਿਚ ਪੜ੍ਹ ਰਹੇ ਸਾਡੇ ਨੌਜਵਾਨ ਕਿਥੇ ਜਾ ਰਹੇ ਹਨ ? ਸਾਡਾ ਸਿੱਖ ਨੌਜਵਾਨ ਨਿਰਾਸ਼ ਕਿਉਂ ਹੈ ? ਸਿੱਖੀ ਤੋਂ ਬੇਮੁਖ ਕਿਉਂ ਹੈ ? ਸਾਡੇ ਸਿੱਖੀ ਦੇ ਪ੍ਰਚਾਰਕ, ਕਥਾਵਾਚਕ ਤੇ ਕੀਰਤਨੀਏ ਸਿੱਖੀ ਦਾ ਪ੍ਰਚਾਰ ਕਰਨ ਤੋਂ ਅਸਫਲ ਕਿਉਂ ਰਹੇ ਹਨ ? ਇਹ ਪਤਾ ਲਾਉਣ ਦੀ ਲੋੜ ਹੈ ਕਿ ਅੱਜ ਸਾਡਾ ਨੌਜਵਾਨ ਭਟਕ ਕਿਉਂ ਗਿਆ ਹੈ ? ਸਾਡੇ ਅਦਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਉਹਨਾਂ ਕਾਰਨਾਂ ਦਾ ਪਤਾ ਲੱਭੀਏ, ਜਿਨ੍ਹਾਂ ਤੋਂ ਸਿੱਖੀ ਨੂੰ ਢਾਹ ਲਗ ਰਹੀ ਹੈ। ਸਾਨੂੰ ਮਨੋਵਿਗਿਆਨਕਾਂ ਦੀ ਮਦਦ ਲੈ ਕੇ ਨੌਜਵਾਨ ਪੀੜ੍ਹੀ ਨੂੰ ਘੋਖਣ ਦੀ ਲੋੜ ਹੈ। ਇਥੇ ਇਹ ਵੀ ਵੇਖਣ ਦੀ ਲੋੜ ਹੈ ਕਿ ਅਮਰੀਕਾ ਵਿਚ ਇਕੱਲੇ ਹਰਭਜਨ ਸਿੰਘ ਯੋਗੀ ਨੇ ਹਜ਼ਾਰਾਂ ਸਿੱਖ ਬਣਾਏ ਹਨ ਜਿਹੜੇ ਅਗੋਂ ਯੂਥ ਕੈਂਪ ਲਗਾ ਕੇ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ। ਜੇ ਬਾਹਰਲੇ ਮੁਲਕਾਂ ਦੇ ਲੋਕ ਚੰਗੇਰੇ ਪ੍ਰਚਾਰ ਰਾਹੀਂ ਸਿੱਖ ਧਰਮ ਵੱਲ ਆਕਰਸ਼ਤ ਹੋ ਸਕਦੇ ਹਨ ਤਾਂ ਆਪਣੀ ਹੀ ਧਰਤੀ ਤੇ ਆਪਣੇ ਹੀ ਲੋਕ ਇਸ ਤੋਂ ਬੇਮੁਖ ਕਿਉਂ ਹੋ ਰਹੇ ਹਨ ? ਅਸੀਂ ਆਪ ਇਸ ਵਿਚ ਪਛੜ ਕੇ ਘਰ ਬੈਠ ਗਏ ਹਾਂ—ਸੋਚੋ ਕਿਉਂ ?

**ਨਸ਼ਿਆਂ ਦੇ ਸ਼ਿਕਾਰ ਨੌਜਵਾਨ**

ਪੰਜਾਬ ਵਿਚ ਨਸ਼ਿਆਂ ਦਾ ਏਨਾ ਜ਼ੋਰ ਹੈ, ਜਿੰਨਾ ਇਸ ਤੋਂ ਪਹਿਲਾਂ ਕਦੀ ਨਹੀਂ ਸੀ। ਅਫੀਮ, ਸਮੈਕ, ਚਰਸ, ਪੋਸਤ, ਸ਼ਰਾਬ, ਗਾਂਜਾ ਤੇ ਨਸ਼ੀਲੀਆਂ ਦੁਆਈਆਂ ਅਤੇ ਟੀਕਿਆਂ ਦੀ ਖੁਲ੍ਹ ਕੇ ਵਰਤੋਂ ਕੀਤੀ ਜਾ ਰਹੀ ਹੈ। ਸਿਰਫ ਮੁੰਡੇ ਹੀ ਨਹੀਂ ਕੁੜੀਆਂ ਵੀ ਇਹਨਾਂ ਨਸ਼ਿਆਂ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਆਪਣੀ ਜ਼ਿੰਦਗੀ ਤੇ ਸੁਨਹਿਰੇ ਭਵਿੱਖ ਨੂੰ ਤਬਾਹ ਕਰ ਰਹੀਆਂ ਹਨ। ਪੰਜਾਬ ਵਿਚ ਸ਼ਰਾਬ ਦੇ ਤਾਂ ਜਿਵੇਂ ਦਰਿਆ ਵਗ ਰਹੇ ਹੋਣ। ਇਕ ਅਨੁਮਾਨ ਮੁਤਾਬਕ ਪੰਜਾਬ ਵਿਚ ੧੮ ਕਰੋੜ ਬੋਤਲ ਸ਼ਰਾਬ ਦੀ ਸਲਾਨਾ ਵਿਕਰੀ ਹੁੰਦੀ ਹੈ ਤੇ ਪਿੰਡ ਦੀ ਦੇਸੀ ਜਾਂ ਰੂੜ੍ਹੀ ਮਾਰਕਾ ਸ਼ਰਾਬ ਇਸ ਤੋਂ ਅਲੱਗ ਹੈ। ਇਕ ਅਨੁਮਾਨ ਮੁਤਾਬਕ ਪੰਜਾਬ ਵਿਚ ੭੫ ਫੀਸਦੀ ਮੁੰਡੇ ਕਿਸੇ ਨਾ ਕਿਸੇ ਨਸ਼ੇ ਦੇ ਸ਼ਿਕਾਰ ਹਨ।

ਸ਼ਰਾਬ ਤੋਂ ਬਿਨਾਂ ਬਾਕੀ ਦੇ ਸਾਰੇ ਨਸ਼ਿਆਂ ਉੱਤੇ ਪਾਬੰਦੀ ਹੈ। ਇਸ ਦੇ ਬਾਵਜੂਦ ਅਫੀਮ, ਸਮੈਕ, ਗਾਂਜਾ ਅਤੇ ਨਸ਼ੀਲੀਆਂ ਦਵਾਈਆਂ ਆਮ ਮਿਲਦੀਆਂ ਹਨ। ਹਰ ਕੈਮਿਸਟ ਦੀ ਦੁਕਾਨ ਨਸ਼ੀਲੀਆਂ ਗੋਲੀਆਂ, ਕੈਪਸੂਲ ਤੇ ਇੰਜੈਕਸ਼ਨ ਵੇਚਦੀ ਹੈ। ਉਹਨਾਂ ਨੂੰ ਕੋਈ ਪੁੱਛਣ ਵਾਲਾ ਨਹੀਂ। ਨਸ਼ਾ-ਛੁਡਾਊ ਕੈਂਪਾਂ ਦਾ ਕੋਈ ਅਸਰ ਨਹੀਂ ਹੋ ਰਿਹਾ। ਸਾਡੀ ਸਰਕਾਰ ਤੇ ਸਾਡਾ ਸਮਾਜ ਮੂਕ ਦਰਸ਼ਕ ਬਣ ਕੇ ਵੇਖ ਰਹੇ ਹਨ।

ਕੀ ਕਦੀ ਅਸੀਂ ਸੋਚਿਆ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਦਾ ਸ਼ਿਕਾਰ ਕਿਉਂ ਹੋ ਰਹੀ ਹੈ ?

**ਆਰਥਕ ਮੰਦਹਾਲੀ**

ਜੇ ਅਸੀਂ ਪੰਜਾਬ ਦੀ ਆਰਥਿਕ ਹਾਲਤ ਉੱਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲਗੇਗਾ ਕਿ ਉਪਰੋਂ ਵੇਖਣ ਨੂੰ ਤਾਂ ਪੰਜਾਬ ਬੜਾ ਖੁਸ਼ਹਾਲ ਨਜ਼ਰ ਆਉਂਦਾ ਹੈ ਪਰ ਅੰਦਰੋਂ ਇਸ ਦੀ ਹਾਲਤ ਬਿਲਕੁਲ ਖੋਖਲੀ ਹੋ ਚੁੱਕੀ ਹੈ। ਪਹਿਲੀ ਗੱਲ ਤਾਂ ਇਹ ਕਿ ਪੰਜਾਬ ਦੀ ਖੇਤੀ-ਬਾੜੀ ਯੋਗ ਜ਼ਮੀਨ ਏਨੀ ਨਹੀਂ ਕਿ ਸਾਰੇ ਲੋਕੀਂ ਇਸ 'ਤੇ ਨਿਰਬਾਹ ਕਰ ਸਕਣ। ਅੱਜ ਤੋਂ ਤੀਹ ਸਾਲ ਪਹਿਲਾਂ ਤੀਹ ਏਕੜ ਦੀ ਸੀਲਿੰਗ ਕਾਰਨ ਆਮ ਕਿਸਾਨਾਂ ਕੋਲ ਤਾਂ ਜ਼ਮੀਨ ਰਹੀ ਹੀ ਨਹੀਂ। ਜਿਨ੍ਹਾਂ ਕੋਲ ਥੋੜ੍ਹੀ ਜ਼ਮੀਨ ਸੀ, ਉਹ ਵੀ ਪਰਿਵਾਰਕ ਵੰਡੀਆਂ ਕਾਰਨ ਇਕ-ਇਕ ਦੋ-ਦੋ ਏਕੜ ਰਹਿ ਗਈ ਹੈ ਜਿਸ ਤੇ ਖੇਤੀ ਕਰਨੀ ਤੇ ਗੁਜ਼ਾਰਾ ਕਰਨਾ ਮੁਸ਼ਕਿਲ ਹੈ। ਕੁਝ ਗਿਣਤੀ ਦੇ ਵੱਡੇ ਜ਼ਿਮੀਂਦਾਰਾਂ ਨੂੰ ਛੱਡ ਕੇ ਆਮ ਕਿਸਾਨਾਂ ਦਾ ਇਹੋ ਹਾਲ ਹੈ। ---ਦੂਜਾ ਉਦਯੋਗਿਕ ਤਰੱਕੀ ਵੀ ਉਸ ਪੱਧਰ ਤਕ ਨਹੀਂ ਹੋਈ ਜਿਸ ਨੂੰ ਖੇਤੀ-ਬਾੜੀ ਦਾ ਬਦਲ ਕਿਹਾ ਜਾ ਸਕੇ। ਨੌਜਵਾਨ ਪੀੜ੍ਹੀ ਫੈਕਟਰੀਆਂ ਵਿਚ ਕੰਮ ਕਰਨਾ ਆਪਣੀ ਹੱਤਕ ਸਮਝਦੀ ਹੈ। ਹਾਲਤ ਇਹ ਹੈ ਕਿ ਬਾਕੀ ਪ੍ਰਾਂਤਾਂ ਵਿਚੋਂ ਲੇਬਰ ਆ ਕੇ ਪੰਜਾਬ ਦੇ ਖੇਤਾਂ ਤੇ ਫੈਕਟਰੀਆਂ ਵਿਚ ਤਾਂ ਕੰਮ ਕਰ ਰਹੇ ਹਨ ਪਰ ਆਪਣੇ ਨੌਜਵਾਨ ਕੰਮ ਤੋਂ ਜੀ ਚੁਰਾਉਂਦੇ ਹਨ। ਨਤੀਜਾ ਬੇਰੁਜ਼ਗਾਰੀ, ਭਟਕਣ ਤੇ ਨਿਰਾਸ਼ਾ। ਵਿਹਲਾ



Namdhari Elibrary NamdhariElibrary@gmail.com

ਆਦਮੀ ਝੂਰਨ ਤੋਂ ਬਿਨਾਂ ਕੀ ਕਰੇਗਾ ਤੇ ਫਿਰ ਉਹ ਆਪਣਾ ਦੁੱਖ ਘਟਾਉਣ ਲਈ ਨਸ਼ਿਆਂ ਦੀ ਓਟ ਲੈਂਦਾ ਹੈ।

**ਬੇਰੁਜ਼ਗਾਰੀ**

ਇਕ ਅਨੁਮਾਨ ਮੁਤਾਬਕ ਪੰਜਾਬ ਦੇ ੧੭ ਲੱਖ ਨੌਜਵਾਨ ਬੇਰੁਜ਼ਗਾਰ ਹਨ। ਸ੍ਵੈ-ਰੁਜ਼ਗਾਰ ਦੇ ਵੀ ਸੀਮਤ ਵਸੀਲੇ ਹਨ। ਬਹੁਤ ਸਾਰੇ ਧੰਦੇ ਅਜਿਹੇ ਹਨ ਜਿਨ੍ਹਾਂ ਤੋਂ ਪੈਸਾ ਕਮਾਇਆ ਜਾ ਸਕਦਾ ਹੈ। ਭਾਵੇਂ ਇਹ ਧੰਦੇ ਘਾਟੇ ਵਾਲੇ ਤਾਂ ਨਹੀਂ ਪਰ ਜੇ ਇਹਨਾਂ ਨੂੰ ਸਹੀ ਢੰਗ ਨਾਲ ਨਾ ਚਲਾਇਆ ਜਾਵੇ ਤਾਂ ਇਹਨਾਂ ਵਿਚੋਂ ਵਧੇਰੇ ਕ੍ਰਮਾਈ ਦੀ ਵੀ ਗੁੰਜਾਇਸ਼ ਨਹੀਂ। ਇਸੇ ਕਰਕੇ ਬੇਰੁਜ਼ਗਾਰੀ ਵੱਧ ਰਹੀ ਹੈ। ਸਰਕਾਰੀ ਨੌਕਰੀਆਂ ਦੀ ਉਮੀਦ ਵਿਚ ਜਵਾਨੀ ਉਂਜ ਹੀ ਰੁਲ ਰਹੀ ਹੈ।

**ਵਰਕ ਕਲਚਰ (Work Culture)**

ਇਕ ਸਮਾਂ ਸੀ ਜਦੋਂ ਸਿੱਖਾਂ ਦੀ ਬਹਾਦਰੀ 'ਤੇ ਲੋਕਾਂ ਨੂੰ ਫ਼ਖਰ ਹੋਇਆ ਕਰਦਾ ਸੀ। ਸਾਰੀਆਂ ਕੌਮਾਂ ਪੰਜਾਬੀ ਲੋਕਾਂ ਦੀ ਬਹਾਦਰੀ ਅਤੇ ਮਿਹਨਤ ਕਰਨ ਦੇ ਜਜ਼ਬੇ ਦੀ ਕਦਰ ਕਰਦੀਆਂ ਸਨ। ਹੱਥੀ ਕਿਰਤ ਕਰਨ ਨੂੰ ਇਕ ਗੁਣ ਸਮਝਿਆ ਜਾਂਦਾ ਸੀ। ਅੰਗਰੇਜ਼ ਵੀ ਇਸੇ ਕਰਕੇ ਪੰਜਾਬੀਆਂ ਦੀ ਕਦਰ ਕਰਦੇ ਸਨ ਕਿ ਇਹ ਜਿਥੇ ਵੀ ਗਏ ਉਹਨਾਂ ਆਪਣੀ ਮਿਹਨਤ ਨਾਲ ਪੈਸਾ ਕਮਾਇਆ ਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਇਹੋ ਹੀ ਕਾਰਨ ਹੈ ਕਿ ਪੰਜਾਬੀ ਦੁਨੀਆਂ ਦੇ ਤਕਰੀਬਨ ਸਾਰੇ ਮੁਲਕਾਂ ਵਿਚ ਗਏ ਹਨ ਅਤੇ ਯੂਰੋਪੀਅਨ ਮੁਲਕਾਂ ਵਿਚ ਤਾਂ ਉਹਨਾਂ ਨੇ ਮਿਹਨਤ ਨਾਲ ਏਨਾ ਪੈਸਾ ਕਮਾਇਆ ਹੈ ਕਿ ਉਹ ਵੱਡੇ ਧਨਾਢਾਂ ਵਿਚੋਂ ਗਿਣੇ ਜਾਂਦੇ ਹਨ। ਕਈਆਂ ਪੰਜਾਬੀਆਂ ਕੋਲ ਤਾਂ ਇਤਨੀ ਜ਼ਮੀਨ ਜਾਇਦਾਦ ਤੇ ਕਾਰੋਬਾਰ ਹੈ ਕਿ ਉਹਨਾਂ ਨੂੰ ਆਪ ਨੂੰ ਵੀ ਪਤਾ ਨਹੀਂ ਹੋਏਗਾ ਕਿ ਉਹਨਾਂ ਕੋਲ ਕਿੰਨਾ ਪੈਸਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਅਜਿਹੇ ਅਮੀਰ ਵਿਰਸੇ ਦੀ ਜਾਨਸ਼ੀਨ ਪੀੜ੍ਹੀ ਅੱਜ ਹੱਥੀਂ ਕੰਮ ਕਰਨ ਨੂੰ ਆਪਣੀ ਹੱਤਕ ਸਮਝਦੀ ਹੈ। ਸਾਡਾ ਨੌਜਵਾਨ ਐਬਸੈਂਟੀ ਲੈਂਡਲਾਰਡ (Absentee Landlord) ਬਣਦਾ ਜਾ ਰਿਹਾ ਹੈ। ਇਕ ਸਮਾਂ ਸੀ ਜਦੋਂ ਸਾਡੇ ਲੋਹਾਰ, ਤਰਖਾਣ ਮਕੈਨਿਕ ਤੇ ਹੋਰ ਤਕਨੀਕੀ ਕੰਮ ਕਰਨ ਵਾਲੇ ਵਿਅਕਤੀਆਂ ਦੀ ਧਾਂਕ ਹੁੰਦੀ ਸੀ। ਬਾਹਰਲੇ ਮੁਲਕਾਂ ਵਿਚ ਇਹਨਾਂ ਨੂੰ ਹੱਸ ਕੇ ਰੁਜ਼ਗਾਰ ਮਿਲ ਜਾਂਦਾ ਸੀ ਪਰ ਅੱਜ ਉਹ ਵੀ ਨਹੀਂ ਰਹੇ। ਇਸ ਦਾ ਕਾਰਨ ਵੀ ਹੱਥੀਂ ਨਾ ਕੰਮ ਕਰਨ ਦੀ ਰੁਚੀ ਹੈ। ਉਹਨਾਂ ਦੀ ਥਾਂ ਹੁਣ ਬਿਹਾਰ ਦੇ ਭਈਆਂ ਨੇ ਲੈ ਲਈ ਹੈ। ਇਕ ਪਾਸੇ ਜਿਥੇ ਪੰਜਾਬ ਵਿਚ ੧੭ ਲੱਖ ਨੌਜਵਾਨ ਬੇਰੁਜ਼ਗਾਰ ਹਨ ਉਥੇ ੧੫ ਲੱਖ ਭਈਏ ਪੰਜਾਬ ਵਿਚ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ। ਜੇ ਅਸੀਂ ਜ਼ਰਾ ਗੌਰ ਨਾਲ ਦੇਖੀਏ ਤਾਂ ਇਹ ਗੱਲ ਏਨੀ ਸਹਿਜ ਨਹੀਂ। ਇਸਦੇ ਭਵਿੱਖ ਵਿਚ ਖਤਰਨਾਕ ਸਿੱਟੇ ਨਿਕਲ ਸਕਦੇ ਹਨ ਜਿਨ੍ਹਾਂ ਵੱਲ ਅਸੀਂ ਅਵੇਸਲੇ ਹਾਂ ਅਤੇ ਸਾਨੂੰ ਧਿਆਨ ਦੇਣ ਦੀ ਲੋੜ ਹੈ। ਇਹ ਖਤਰੇ ਹਨ—

**੧. ਪੰਜਾਬ ਦੀ ਡੈਮੋਗਰਾਫੀ (Demography) ਬਦਲ ਰਹੀ ਹੈ**—ਪੰਜਾਬੀ ਸੂਬੇ ਦੇ ਬਣਨ ਨਾਲ ਸਿੱਖਾਂ ਦੀ ਬਹੁ ਗਿਣਤੀ ਇਕ ਧਰਾਸਾ ਸੀ ਕਿ ਸਿੱਖ ਬਹੁ ਗਿਣਤੀ ਵਿਚ ਹਨ। ਇਸਨੂੰ ਪ੍ਰਾਪਤ ਕਰਨ ਵਿਚ ਕਿੰਨੇ ਮੋਰਚੇ ਲੱਗੇ, ਕਿੰਨੀਆਂ ਕੁਰਬਾਨੀਆਂ ਦੇਣੀਆਂ ਪਈਆਂ ਤਾਂ ਜਾ ਕੇ ੧੯੬੬ ਵਿਚ ਪੰਜਾਬੀ ਸੂਬਾ ਬਣਿਆ। ਪਰ ਅਜੋਕੇ ਵਰਕ ਕਲਚਰ ਦੇ ਸਿੱਟੇ ਵਜੋਂ ਜਿਸ ਸਪੀਡ ਨਾਲ ਲੇਬਰ ਦਾ ਇਨਫਲੱਕਸ (Influx) ਵੱਧ ਰਿਹਾ ਹੈ ਉਸ ਨਾਲ ਆਬਾਦੀ ਦਾ ਬੈਲੇਂਸ ਖਤਮ ਹੋਣ ਦਾ ਡਰ ਹੈ ਤੇ ਨਾਲ ਹੀ ਇਸਦੇ ਰਾਜਨੀਤਕ ਰਿਪਰਕਸ਼ਨ ਹੋਣ ਦਾ ਵੀ ਡਰ ਹੈ। ਇੰਜ ਨਜ਼ਰ ਆ ਰਿਹਾ ਹੈ ਕਿ ਲੁਧਿਆਣਾ ਬਿਹਾਰੀਆਂ ਦੀ ਕਾਂਸਟੀਟਿਊਂਸੀ (Constituency) ਬਣ ਜਾਏਗੀ।

**੨. ਦੂਜਾ ਰਿਪਰਕਸ਼ਨ ਹੈ ਬੇਰੁਜ਼ਗਾਰੀ ਦਾ**—ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਮਿਡਲ-ਈਸਟ ਤੇ ਬਾਕੀ ਦੇਸ਼ਾਂ ਵਿਚ ਹੱਥੀਂ ਕਰਨ ਵਾਲੇ ਸੈਮੀਟਰੇਂਡ (Semi-trained) ਵਿਅਕਤੀਆਂ ਦੀ ਲੋੜ ਹੈ ਪਰ ਹਾਲਤ ਇਹ ਹੈ ਕਿ ਪੰਜਾਬ ਵਿਚ ਉਹ ਇਹ ਸਾਰੇ ਕਿੱਤੇ ਛੱਡ ਚੁੱਕੇ ਹਨ, ਜਿਨ੍ਹਾਂ ਦੀ ਦੂਜੇ ਮੁਲਕਾਂ ਵਿਚ ਤੇ ਆਪਣੇ ਪੰਜਾਬ ਵਿਚ ਵੀ ਵਧੇਰੇ ਲੋੜ ਹੈ। ਜੋ ਕਿੱਤੇ earning profession ਮੰਨੇ ਜਾਂਦੇ ਸਨ ਉਹਨਾਂ ਦੀ ਹੁਣ ਘਾਟ ਹੈ ਤੇ ਇਸ ਲਈ ਅਸੀਂ ਹੋਰ ਪਛੜ ਰਹੇ ਹਾਂ।

**ਸਿੱਖ ਵਿਦਿਅਕ ਅਦਾਰਿਆਂ ਦਾ ਮਿਆਰ**

ਸਿੱਖ ਸਕੂਲ ਅਤੇ ਕਾਲਜ ਖੁੰਭਾਂ ਵਾਂਗੂੰ ਵਧ ਰਹੇ ਹਨ। ਪਰ ਜੇ ਇਹਨਾਂ ਦੇ ਮਿਆਰ ਵਲ ਧਿਆਨ ਮਾਰੀਏ ਤਾਂ ਬਹੁਤ ਹੀ ਮੰਦਾ ਹਾਲ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਹੁਣ ਕਿੰਨੇ ਸਿੱਖ ਵਿਦਿਆਰਥੀ ਇੰਜੀਨੀਅਰਿੰਗ, ਮੈਡੀਕਲ ਅਤੇ ਹੋਰ ਤਕਨੀਕੀ ਸੰਸਥਾਵਾਂ ਵਿਚ ਜਾ ਰਹੇ ਹਨ। ਸਿੱਖ ਵਿਦਿਆਰਥੀਆਂ ਨੂੰ ਟੈਕਨੀਕਲ ਅਦਾਰਿਆਂ ਵਿਚ ਦਾਖਲਾ ਨਾ ਮਿਲਣ ਦਾ ਕਾਰਨ ਸਾਡੇ ਸਕੂਲਾਂ ਕਾਲਜਾਂ ਦੀ ਮਾੜੀ ਕਾਰਗੁਜ਼ਾਰੀ (poor performance) ਹੈ। ਕਿਤਨੀ ਮਾੜੀ ਗੱਲ ਹੈ ਕਿ ਸਿੱਖ ਆਈ.ਏ.ਐਸ. ਤੇ ਹੋਰ ਸਿਵਿਲ ਇਮਤਿਹਾਨਾਂ ਵਿਚੋਂ ਬਾਹਰ ਹੁੰਦੇ ਜਾ ਰਹੇ ਹਨ। ਮੈਨੂੰ ਯਾਦ ਹੈ ਭਾਰਤ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਘੱਟੋ-ਘੱਟ ਚਾਰ-ਪੰਜ ਸਿੱਖ ਸੈਕਟਰੀ ਹੋਇਆ ਕਰਦੇ ਸੀ। ਦੂਸਰੇ ਪ੍ਰਾਂਤਾਂ ਵਿਚ ਵੀ ਜਿਵੇਂ ਬਿਹਾਰ, ਬੰਗਾਲ, ਯੂ.ਪੀ. ਆਦਿ ਵਿਚ ਵੀ ਕਈ ਸਿੱਖ ਚੀਫ ਸੈਕਟਰੀ, ਡਾਇਰੈਕਟਰ ਜਨਰਲ ਪੁਲਿਸ ਜਾਂ ਹੋਰ ਉੱਚ



Namdhari Elibrary NamdhariElibrary@gmail.com

ਅਹੁਦਿਆਂ ਉੱਤੇ ਤਾਇਨਾਤ ਹੁੰਦੇ ਸੀ। ਅੱਜ ਹਾਲ ਇਹ ਹੈ ਕਿ ਪੂਰੇ ਭਾਰਤ ਸਰਕਾਰ ਦੇ ਕਿਸੇ ਵੀ ਵਿਭਾਗ ਵਿਚ ਕੋਈ ਸਿੱਖ ਸੈਕਟਰੀ ਨਹੀਂ ਹੈ। ਹਰ ਸਾਲ ਆਈ.ਏ.ਐਸ. ਅਤੇ ਅਲਾਈਡ ਸੇਵਾਵਾਂ ਵਿਚ ਘੱਟੋ-ਘੱਟ ੨੦੦-੨੫੦ ਉਮੀਦਵਾਰ ਪਾਸ ਹੁੰਦੇ ਹਨ। ਪਰ ਉਹਨਾਂ ਵਿਚ ਸਿੱਖ ਇੱਕਾ-ਦੁੱਕਾ ਹੀ ਮੁਸ਼ਕਿਲ ਨਾਲ ਹੁੰਦਾ ਹੈ। ਸਭ ਤੋਂ ਮਾੜੀ ਹਾਲਤ ਬਿਹਾਰ ਦੀ ਹੁੰਦੀ ਸੀ। ਉਹਨਾਂ ਨੂੰ ਗਰੀਬੀ ਦਾ ਅਹਿਸਾਸ ਹੋਇਆ ਹੈ ਤੇ ਹੁਣ ਸਭ ਤੋਂ ਵੱਧ ਆਈ.ਏ.ਐਸ. ਅਤੇ ਅਲਾਈਡ ਸੇਵਾਵਾਂ ਵਿਚ ਬਿਹਾਰ ਦੇ ਅਫਸਰ ਆ ਰਹੇ ਹਨ। ਇਕ ਸਮਾਂ ਸੀ ਜਦੋਂ ਡਿਫੈਂਸ ਵਿਚ ਸਿੱਖ ਅਫਸਰਾਂ ਦੀ ਭਰਮਾਰ ਸੀ। ਡੇਹਰਾਦੂਨ ਤੇ ਖੜਕਵਾਸਲਾ ਵਿਚ ਜੂੜਿਆਂ ਅਤੇ ਪੱਗਾਂ ਦੀ ਚਹਿਲ ਪਹਿਲ ਸੀ ਪਰ ਹੁਣ ਕੋਈ ਵਿਰਲੇ ਹੀ ਨਜ਼ਰ ਆਉਂਦੇ ਹਨ। ਉਹ ਫਿਜ਼ੀਕਲ ਟੈਸਟ ਤਾਂ ਆਸਾਨੀ ਨਾਲ ਪਾਸ ਕਰ ਲੈਂਦੇ ਹਨ ਪਰ ਐਜੂਕੇਸ਼ਨਲੀ ਲੋ ਹੋਣ ਕਰਕੇ ਲਿਖਤੀ ਟੈਸਟ ਵਿਚੋਂ ਫੇਲ੍ਹ ਹੋ ਜਾਂਦੇ ਹਨ। ਅੱਜ ਡਿਫੈਂਸ ਵਿਚ ੧੦ ਹਜ਼ਾਰ ਅਫਸਰਾਂ ਦੀਆਂ ਅਸਾਮੀਆਂ ਖਾਲੀ ਹਨ ਜਿਹੜੀਆਂ ਪੂਰੀ qualification ਯੋਗਤਾ ਰੱਖਣ ਵਾਲੇ ਉਮੀਦਵਾਰਾਂ ਦੀ ਘਾਟ ਹੋਣ ਕਰਕੇ ਖਾਲੀ ਪਈਆਂ ਹਨ। ਕੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮਟੀ ਦੇ ੩੬ ਵਿਦਿਅਕ ਅਦਾਰਿਆਂ ਵਿਚੋਂ ਇਕ ਵੀ ਵਿਦਿਆਰਥੀ ਕਿਸੇ ਉੱਚੇ ਅਹੁਦੇ ਤੇ ਗਿਆ ਹੈ ? ਕਿੰਨੇ ਸਿੱਖ ਨੌਜਵਾਨ ਫੌਜ ਵਿਚ ਅਫਸਰ ਭਰਤੀ ਹੋ ਰਹੇ ਹਨ ? ਦਿੱਲੀ ਪੜ੍ਹੇ ਲਿਖੇ ਸਿੱਖਾਂ ਦਾ ਸ਼ਹਿਰ ਹੈ ਪਰ ਸਾਡੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਰਾ ਮਾਰੂ ਜੰਗ ਵਿਚ ਲੱਗੀ ਹੈ। ਮੈਂਬਰ ਮੰਡੀ ਵਿਚ ਵਿਕਦੇ ਹਨ।

**ਤਕਨੀਕੀ ਸਿੱਖਿਆ ਦੀ ਘਾਟ**

ਸਾਡੇ ਦੇਸ਼ ਵਿਚ ਤੇ ਖਾਸ ਕਰਕੇ ਪੰਜਾਬ ਤੇ ਸਿੱਖ ਅਦਾਰਿਆਂ ਵਿਚ ਤਕਨੀਕੀ ਸਿੱਖਿਆ ਦੀ ਘਾਟ ਹੈ। ਇਸ ਦੇ ਪਿਛੋਕੜ ਵਿਚ ਹੋਰ ਜਾਈਏ ਤਾਂ ਅਸੀਂ ਵੇਖਾਂਗੇ ਕਿ ਸਾਡੇ ਨੌਜਵਾਨਾਂ ਨੂੰ ਸਿੱਖਿਆ ਕਿਸ ਪੱਧਰ ਤਕ ਦਿੱਤੀ ਜਾਂਦੀ ਹੈ। ਇਕ ਤਾਂ ਮਾਪੇ ਬੜੀ ਮੁਸ਼ਕਿਲ ਨਾਲ ਆਪਣੇ ਬੱਚਿਆਂ ਨੂੰ ਸਕੂਲ ਭੇਜਦੇ ਹਨ, ਦੂਜਾ ਸਕੂਲਾਂ ਵਿਚ ਉਹ ਸਹੂਲਤਾਂ ਨਹੀਂ ਹਨ ਜਿਨ੍ਹਾਂ ਰਾਹੀਂ ਬੱਚਿਆਂ ਨੂੰ ਬਦਲਦੇ ਸਮੇਂ ਦੇ ਹਾਣ ਦੀ ਸਿੱਖਿਆ ਦਿੱਤੀ ਜਾ ਸਕੇ। ਇਹੋ ਹਾਲ ਕਾਲਜਾਂ ਦਾ ਹੈ। ਸਾਡੇ ਸਕੂਲਾਂ-ਕਾਲਜਾਂ ਵਿਚ ਸਿਵਾ 'ਕਲਰਕ' ਬਨਾਉਣ ਦੇ ਹੋਰ ਸਿੱਖਿਆ ਦੀ ਬੜੀ ਘਾਟ ਹੈ। ਲੋੜ ਇਸ ਗੱਲ ਦੀ ਹੈ ਕਿ ਅਸੀਂ ਦਫਤਰਾਂ ਵਿਚ ਰੁਜ਼ਗਾਰ ਨਹੀਂ ਦੇ ਸਕਦੇ ਤਾਂ ਸਕੂਲਾਂ ਕਾਲਜਾਂ ਵਿਚ ਵੋਕੇਸ਼ਨਲ ਟਰੇਨਿੰਗ ਦਿੱਤੀ ਜਾਵੇ ਤਾਂ ਕਿ ਜੇ ਬੱਚੇ ਨੌਕਰੀ ਨਾ ਕਰ ਸਕੇ ਤਾਂ ਆਪਣਾ ਕੋਈ ਕਾਰੋਬਾਰ ਤਾਂ ਚਲਾ ਸਕੇ। ਵਿਦੇਸ਼ਾਂ ਵਿਚ ਇਹੀ ਵਾਧਾ ਹੈ। ਉਹਨਾਂ ਦਾ ਸਾਰਾ ਜ਼ੋਰ ਵੋਕੇਸ਼ਨਲ ਪੜ੍ਹਾਈ ਤੇ ਹੁੰਦਾ ਹੈ। ਜੇ ਕੋਈ ਬੱਚਾ ਸਾਹਿਤ ਵੀ ਪੜ੍ਹਦਾ ਹੈ ਤਾਂ ਉਹਦੇ ਨਾਲ ਤਕਨੀਕੀ ਵਿਸ਼ਾ ਲਾਜ਼ਮੀ ਹੁੰਦਾ ਹੈ। ਇਹੋ ਕਾਰਨ ਹੈ ਕਿ ਪੱਛਮੀ ਦੇਸ਼ ਵਧੇਰੇ ਵਿਕਸਤ ਹੋ ਗਏ ਹਨ, ਉਥੇ ਉਦਯੋਗਿਕ ਤਰੱਕੀ ਵਧੇਰੇ ਹੈ। ਉਹ ਖੇਤੀ ਵੀ ਆਧੁਨਿਕ ਢੰਗ ਨਾਲ ਕਰਕੇ ਚਾਰ-ਚਾਰ ਫਸਲਾਂ ਲੈਂਦੇ ਹਨ ਤੇ ਫਸਲਾਂ ਵੀ ਉਹ ਉਗਾਉਂਦੇ ਹਨ ਜਿਸ ਦਾ ਵਧੇਰੇ ਭਾੜ ਹੋਵੇ ਤੇ ਉਹੀ ਮਹਿੰਗੀ ਵਿਕੇ ਤਾਂ ਕਿ ਵਧੇਰੇ ਮੁਨਾਫਾ ਹੋਵੇ। ਪਰ ਏਥੇ ਤਾਂ ਆਵਾ ਹੀ ਊਤਿਆ ਪਿਆ ਹੈ। ਨਾ ਪੜ੍ਹਾਈ ਚੰਗੀ, ਨਾ ਬੱਚਿਆਂ ਨੂੰ ਦਿਲਚਸਪੀ, ਨਾ ਮਾਪਿਆਂ ਨੂੰ ਪ੍ਰਵਾਹ ਤੇ ਨਾ ਹੀ ਅਧਿਆਪਕਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ। ਸਾਡੇ ਰਹਿਨੁਮਾ ਵੀ ਵੈਸੇ ਹੀ ਹਨ ਜਿਨ੍ਹਾਂ ਨੂੰ ਆਪਣੀਆਂ ਕੁਰਸੀਆਂ ਤੋਂ ਵਿਹਲ ਨਹੀਂ। ਸਾਰੇ ਤਮਾਸ਼ਾ ਦੇਖ ਰਹੇ ਹਨ। ਉਹ ਆਪਣੇ ਸਾਹਮਣੇ ਨੌਜਵਾਨ ਪੀੜ੍ਹੀ ਦਾ ਭਵਿੱਖ ਧੁੰਦਲਾ ਦੇਖ ਰਹੇ ਹਨ। ਉਹ ਦੇਖ ਰਹੇ ਹਨ ਕਿ ਸਾਡੀ ਨੌਜਵਾਨ ਪੀੜ੍ਹੀ ਜਿਸ ਨੂੰ ਅਸੀਂ ਕਲ੍ਹ ਦੀ ਵਾਰਸ ਤੇ ਆਪਣਾ ਭਵਿੱਖ ਕਹਿੰਦੇ ਹਾਂ, ਰਸਾਤਲ ਵੱਲ ਜਾ ਰਹੀ ਹੈ, ਪਰ ਫਿਰ ਵੀ ਸਾਰੇ ਬੇਹਿਸ ਤੇ ਬੇਅਸਰ ਬੈਠੇ ਹਾਂ।

**ਟੀ.ਵੀ. ਕਲਚਰ**

ਕਦੇ ਪੰਜਾਬੀ ਲੋਕ ਵਿਰਸਾ ਤੇ ਫੋਕ ਲੋਰ (Folk lore) ਦਾ ਸਾਰੀ ਦੁਨੀਆਂ ਵਿਚ ਨਾਂ ਸੀ ਪਰ ਅੱਜ ਟੀ.ਵੀ. ਦੇ ਨਵੇਂ ਕਲਚਰ ਨੇ ਸਾਡੇ ਸੱਭਿਆਚਾਰਕ ਵਿਰਸੇ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਸਾਡੇ ਟੀ.ਵੀ. ਅਤੇ ਨਵੇਂ ਨਵੇਂ ਚੈਨਲ ਫੈਸ਼ਨ ਅਤੇ ਅਗਾਂਹ-ਵਧੂ ਸੋਚ ਦੇ ਨਾਂ ਉੱਤੇ ਨੌਜਵਾਨ ਪੀੜ੍ਹੀ ਨੂੰ ਗੁੰਮਰਾਹ ਕਰ ਰਹੇ ਹਨ। ਨਵੇਂ ਨਵੇਂ ਮੁੱਛ-ਫੁੱਟ ਗੱਭਰੂ ਚਾਅ-ਚਾਅ ਵਿਚ ਆਪਣੀ ਬਚੀ-ਖੁਚੀ ਜ਼ਮੀਨ ਨੂੰ ਗਹਿਣੇ ਪਾ ਕੇ ਜਾਂ ਵੇਚ ਕੇ ਕੈਸਟਾਂ ਤਿਆਰ ਕਰ ਰਹੇ ਹਨ, ਜਿਨ੍ਹਾਂ ਦਾ ਨਾ ਕੋਈ ਮੂੰਹ ਨਾ ਸਿਰ ਪੈਰ ਹੁੰਦਾ ਹੈ। ਬਸ ਦੋ ਲਾਈਨਾਂ ਏਧਰੋਂ ਓਧਰੋਂ ਜੋੜ ਕੇ ਅਰਧ-ਨਗਨ ਲੜਕੀਆਂ ਦੇ ਨਾਚ ਦਿਖਾਕੇ, ਪੰਜਾਬੀ ਸੱਭਿਆਚਾਰ ਦਾ ਮੁਹਾਂਦਰਾ ਵਿਗਾੜ ਰਹੇ ਹਨ। ਫੈਸ਼ਨ ਦੀ ਹੋੜ ਵਿਚ ਨੌਜਵਾਨ ਕੁੜੀਆਂ ਜਿਹੜੀਆਂ ਆਪਣੀਆਂ ਤੇ ਮਾਪਿਆਂ ਦੀ ਲੋਕ-ਲਾਜ ਨੂੰ ਛਿੱਕੇ ਟੰਗ ਕੇ ਬੇਸ਼ਰਮੀ ਦਾ ਨਾਚ ਨੱਚ ਰਹੀਆਂ ਹਨ ਤਾਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਹੋਰ ਭੜਕਾਅ ਨਾਲ ਗਰਕ ਕਰ ਰਹੀਆਂ ਹਨ। ਫੈਸ਼ਨ ਦੇ ਨਾਂ ਤੇ ਲੱਚਰ ਗੀਤਾਂ ਨੇ ਤਾਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਪਰ ਹੈਰਾਨੀ ਇਸ ਗੱਲ ਦੀ ਹੈ, ਸਾਰੇ ਖਾਮੋਸ਼ ਵੇਖੀ ਜਾ ਰਹੇ ਹਨ, ਕੋਈ ਵੀ ਇਹਨਾਂ ਸਾਹਮਣੇ ਬੋਲ ਨਹੀਂ ਰਿਹਾ ਹੈ, ਨਾ



Namdhari Elibrary NamdhariElibrary@gmail.com

ਸਰਕਾਰੀ ਨੁਮਾਇੰਦੇ, ਨਾ ਸਾਡੇ ਸਿੱਖ ਨੇਤਾ ਤੇ ਨਾ ਹੀ ਬੁੱਧੀਜੀਵੀ, ਨਾ ਸਮਾਜ। ਸਾਡੇ ਧਰਮ ਪ੍ਰਚਾਰਕ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੇ ਹਨ ਜਿਹੜੇ ਨੈਤਿਕ ਕਦਰਾਂ-ਕੀਮਤਾਂ ਤੇ ਪਰੰਪਰਕ ਰਵਾਇਤਾਂ ਨੂੰ ਨੌਜਵਾਨ ਪੀੜ੍ਹੀ ਨੂੰ ਸਿਖਾਉਣ ਤੋਂ ਅਸਮਰਥ ਰਹੇ ਹਨ। ਸਾਡਾ ਕਿੰਨਾ ਅਮੀਰ ਵਿਰਸਾ ਹੈ, ਜਿਸ ਦੀ ਕਿਸੇ ਹੋਰ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ। ਉਹ ਸਿੱਖੀ ਦਾ ਜਜ਼ਬਾ ਜਿਸ ਲਈ ਸਾਡੇ ਪੁਰਵਜਾਂ ਨੇ ਬੰਦ ਬੰਦ ਕਟਵਾਏ, ਜਾਨਾਂ ਵਾਰ ਦਿੱਤੀਆਂ ਪਰ ਸਿਦਕ ਨਹੀਂ ਛੱਡਿਆ। ਯਾਦ ਕਰੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਦੀ ਜਿਨ੍ਹਾਂ ਨੇ ਇਸ ਦੇਸ਼ ਤੇ ਕੌਮ ਦੀ ਖਾਤਰ ਆਪਣੇ ਪਿਤਾ ਦੀ ਕੁਰਬਾਨੀ ਦਿੱਤੀ, ਆਪਣਾ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ ਤੇ ਦੇਸ਼ ਦੀ ਖਾਤਰ ਕਿਹਾ—

"ਚਾਰ ਮੂਏ ਤੋ ਕਿਆ ਹੂਆ
ਜੀਵਤ ਕਈ ਹਜ਼ਾਰ।"

ਸਾਡੇ ਅਜਿਹੇ ਅਮੀਰ ਵਿਰਸੇ ਤੇ ਮਾਲਕਾਂ ਦਾ ਇਹ ਹਾਲ ? ਅਸੀਂ ਮਹਾਨ ਵਿਰਸੇ ਨੂੰ ਤਿਆਗ ਕੇ ਪੱਛਮੀ ਸੱਭਿਅਤਾ ਦੀ ਅੰਨ੍ਹੀ ਹੋੜ ਵਿਚ ਨਿਵਾਣ ਵੱਲ ਨੂੰ ਜਾ ਰਹੇ ਹਾਂ। ਆਪਣਾ ਇਤਿਹਾਸਕ ਪਿਛੋਕੜ ਭੁੱਲਦੇ ਜਾ ਰਹੇ ਹਾਂ। ਧਾਰਮਿਕਤਾ ਵੱਲ ਉਸ ਦੀ ਕੋਈ ਰੁਚੀ ਨਹੀਂ। ਉਹ ਆਪਣੀ ਮਾਂ-ਬੋਲੀ ਤੋਂ ਵੀ ਬੇਮੁੱਖ ਹੋ ਰਿਹਾ ਹੈ। ਜੇ ਸਾਡੇ ਸੱਭਿਆਚਾਰ ਉੱਤੇ ਪੱਛਮੀ ਸੱਭਿਆਚਾਰ ਦਾ ਇੰਜ ਹੀ ਹਮਲਾ ਜਾਰੀ ਰਿਹਾ ਤਾਂ ਸਾਨੂੰ ਆਪਣੀ ਸੱਭਿਆਚਾਰ ਦੀ ਵੰਨਗੀਆਂ ਢੋਲੇ, ਮਾਹੀਏ, ਬੋਲੀਆਂ, ਸੱਦਾਂ, ਵਾਰਾਂ, ਚਿਤਰਾਂ ਵਿਚ ਹੀ ਲੱਭਣੀਆਂ ਪੈਣਗੀਆਂ। ਟੀ.ਵੀ. ਚੈਨਲ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਜ਼ੁਬਾਨ ਨੂੰ ਖਤਮ ਕਰ ਰਹੇ ਹਨ ਅਤੇ ਨੌਜਵਾਨ ਪੀੜ੍ਹੀ ਦੀ ਸੋਚ ਉੱਤੇ ਡੂੰਘੀ ਸੱਟ ਮਾਰ ਕੇ ਉਸਨੂੰ ਕੁਰਾਹੇ ਪਾ ਰਹੇ ਹਨ। ਨਾਹਰਾ ਇਹ ਦਿੱਤਾ ਜਾ ਰਿਹਾ ਹੈ ਕਿ ਪੰਜਾਬੀ ਭੰਗੜਾ ਪਾ ਰਹੇ ਹਨ ਪਰ ਅਸਲ ਵਿਚ ਉਹ ਪੰਜਾਬੀ ਸੱਭਿਆਚਾਰ ਦਾ ਮੁਹਾਂਦਰਾ ਵਿਗਾੜ ਰਹੇ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਗੁੰਮਰਾਹ ਕਰ ਰਹੇ ਹਨ।

ਏਥੇ ਇਹ ਪ੍ਰਸ਼ਨ ਬਾਰ-ਬਾਰ ਉਠਦਾ ਹੈ ਕਿ ਇੰਜ ਕਿਉਂ ਹੋ ਰਿਹਾ ਹੈ। ਸਾਡੇ ਰਹਿਬਰ, ਸਾਡੇ ਧਾਰਮਿਕ ਪ੍ਰਚਾਰਕ, ਸਮਾਜ ਸੁਧਾਰਕ, ਅਧਿਆਪਕ ਵਰਗ, ਬੁੱਧੀ-ਜੀਵੀ ਤੇ ਵਿਦਵਾਨ ਕੀ ਕਰ ਰਹੇ ਹਨ ? ਕੀ ਵੇਖ ਰਹੇ ਹਨ ? ਕਿਹੜੇ ਉਚਿੱਤ ਸਮੇਂ ਦੀ ਉਡੀਕ ਕਰ ਰਹੇ ਹਨ ? ਮਾਂ-ਪਿਓ ਵੀ ਆਪਣੇ ਬੱਚਿਆਂ ਦੇ ਭਵਿੱਖ, ਦੇਸ਼ ਦੇ ਵਾਰਸਾਂ ਤੇ ਕਲ੍ਹ ਦੇ ਆਗੂਆਂ ਨੂੰ ਜ਼ਹਿਰ ਦੀ ਗੁੜ੍ਹਤੀ ਕਿਉਂ ਦੇ ਰਹੇ ਹਾਂ ? ਅਸੀਂ ਆਪਣੀ ਜ਼ਿੰਮੇਵਾਰੀ ਪ੍ਰਤੀ ਅਵੇਸਲੇ ਕਿਉਂ ਹਾਂ ? ਏਥੇ ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹਵਾਂਗਾ ਕਿ ਕਿਸੇ ਵੀ ਸਫਰ ਦੀ ਸ਼ੁਰੂਆਤ ਇਕ ਕਦਮ ਨਾਲ ਹੁੰਦੀ ਹੈ, ਭਾਵੇਂ ਸਫਰ ਲੰਮਾ ਹੋਵੇ ਤਾਂ ਛੋਟਾ। ਮੇਰਾ ਖਿਆਲ ਹੈ ਕਿ ਹੋਰ ਵਕਤ ਗੁਆਉਣ ਦੀ ਲੋੜ ਨਹੀਂ। ਹੁਣ ਜਦ ਕਿ ਤਾਣਾ ਹੀ ਉਲਝਿਆ ਪਿਆ ਹੈ ਤਾਂ ਇਸ ਨੂੰ ਸਿਰਫ ਸਰਕਾਰ ਜਾਂ ਕਿਸੇ ਇਕ ਸੰਸਥਾ ਵਲੋਂ ਸੰਭਾਲਿਆ ਜਾਣਾ ਸੰਭਵ ਨਹੀਂ। ਇਸ ਗੱਲ ਦੀ ਵੀ ਘੋਖ ਕਰਨ ਦੀ ਲੋੜ ਹੈ ਕਿ ਸਾਡੇ ਸਮਾਜ ਉੱਤੇ ਪੱਛਮੀ ਸਭਿਅਤਾ ਦੀ ਸੱਟ ਤੋਂ ਇਲਾਵਾ ਹੋਰ ਕਿਹੜੇ ਕਾਰਨ ਹਨ ਜਿਹੜੇ ਸਾਨੂੰ ਸਿੱਖੀ ਵਲੋਂ, ਗੁਰੂ ਸਾਹਿਬਾਨ ਵਲੋਂ ਦਿਖਾਏ ਸਿੱਖੀ ਦੇ ਪਾਵਨ ਰਾਹ ਤੋਂ, ਅਨਮੋਲ ਧਾਰਮਿਕ ਵਿਰਸੇ ਤੋਂ ਲਾਂਭੇ ਲਿਜਾ ਰਹੇ ਹਨ।

ਮੈਂ ਸਮਝਦਾ ਹਾਂ ਕਿ ਸ. ਖੁਸ਼ਵੰਤ ਸਿੰਘ ਨੇ ਅੱਜ ਤੋਂ ੩੦ ਸਾਲ ਪਹਿਲਾਂ ਲਿਖਿਆ ਸੀ ਕਿ "ਸਿੱਖ ਘਟਦੇ ਜਾ ਰਹੇ ਹਨ ਤੇ ਉਹ ਛੇਤੀ ਹੀ ਆਪਣੀ ਪਹਿਚਾਨ (Identity) ਗਵਾ ਲੈਣਗੇ।" ਇਸ ਗੱਲ ਤੇ ਬੜਾ ਸ਼ੋਰ ਮਚਿਆ ਸੀ ਪਰ ਅੱਜ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਸ. ਖੁਸ਼ਵੰਤ ਸਿੰਘ ਨੇ ਜੋ ੩੦ ਸਾਲ ਪਹਿਲਾਂ ਲਿਖਿਆ ਸੀ ਉਹ ਅੱਜ ਸੱਚ ਸਾਬਤ ਹੋ ਰਿਹਾ ਹੈ। ਪੰਜਾਬ ਦੇ ਸਾਰੇ ਸਕੂਲਾਂ ਵਿਚ ੮੦ ਫੀਸਦੀ ਸਿੱਖ ਪਤਿੱਤ ਹਨ। ਸਕੂਲਾਂ ਅਤੇ ਯੂਨੀਵਰਸਿਟੀ ਵਿਚ ਪਗੜੀ ਲਾਹ ਕੇ ਘੁੰਮਣਾ ਫੈਸ਼ਨ ਬਣ ਚੁੱਕਾ ਹੈ। ਅਸੀਂ ਮੰਨੀਏਂ ਜਾਂ ਨਾ ਮੰਨੀਏ ਸਾਡਾ ਡਾਊਨਫਾਲ ਆ ਚੁੱਕਾ ਹੈ। ਸਿੱਖ ਨੌਜਵਾਨ ਵੱਡੀ ਗਿਣਤੀ ਵਿਚ ਸਿੱਖੀ ਦੀ ਪਹਿਚਾਣ ਗਵਾ ਚੁੱਕਾ ਹੈ। ਅਸੀਂ ਗੁਰਦੁਆਰੇ ਵਿਚ ਸੋਨਾ ਲਾਉਣ ਵਿਚ ਲਗੇ ਹੋਏ ਹਾਂ। ਨਵੀਂ ਬਿਲਡਿੰਗਾਂ ਬਨਾਉਣ ਵਿਚ ਰੁਚਿਤ ਹਾਂ, ਕੀਮਤੀ ਰੁਮਾਲੇ ਚੜ੍ਹਾਉਣ ਵਿਚ ਸ਼ਰਧਾ ਦਿਖਾਉਂਦੇ ਹਾਂ, ਕੀਰਤਨ ਦਰਬਾਰਾਂ ਦਾ ਤੇ ਜਿਵੇਂ ਹੜ੍ਹ ਹੀ ਆਇਆ ਹੋਇਆ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਹ ਪਤਿੱਤ ਲਹਿਰ ਨੂੰ ਰੋਕਣ ਵਿਚ ਸਹਾਈ ਹੋ ਰਹੇ ਹਨ ? ਇਹ ਮੈਂ ਤੁਹਾਨੂੰ ਸਵਾਲ ਕਰਦਾ ਹਾਂ ? ਮੇਰੇ ਕੋਲ ਕੋਈ ਨੁਸਖਾ ਨਹੀਂ। ਅੱਜ ਦਾ ਮੇਰਾ ਲੈਕਚਰ ਸਿਰਫ ਤੁਹਾਨੂੰ ਟੁੰਬਣ ਲਈ ਹੈ। ਤੁਸੀਂ ਕਿਵੇਂ ਇਸ ਖਤਰੇ ਨੂੰ ਰੋਕ ਸਕਦੇ ਹੋ। ਸਾਡੇ ਧਾਰਮਿਕ ਆਗੂ ਤਾਂ ਹੁਣ ਤਕ ਅਵੇਸਲੇ ਹਨ। ਰਾਜਨੀਤਕ ਨਾਹਰਿਆਂ ਨੇ ਸਾਨੂੰ ਇਥੋਂ ਤਕ ਪਹੁੰਚਾ ਦਿੱਤਾ ਹੈ। Too much politics has ruined us (ਹੱਦੋਂ ਵੱਧ ਸਿਆਸਤ ਨੇ ਸਾਨੂੰ ਬਰਬਾਦ ਕਰ ਦਿੱਤਾ ਹੈ) ਪਰ ਧਰਮ ਤੇ ਰਾਜਨੀਤੀ ਇਕੱਠਾ ਹੋਣਾ ਸਿਧਾਂਤ ਤਾਂ ਠੀਕ ਹੈ, ਪਰ ਕੀ ਇਸ ਵਿਚ ਕੋਈ ਧਰਮ ਦਾ ਹਿੱਸਾ ਰਹਿ ਗਿਆ ਹੈ ਜਾਂ ਕੇਵਲ ਰਾਜਨੀਤੀ ਰਹਿ ਗਈ ਹੈ ? ਨਿੱਤ ਗੁਰਦੁਆਰਿਆਂ ਦੇ ਇਲੈਕਸ਼ਨ ਦੇ ਝਗੜੇ, ਮੈਂਬਰਾਂ ਦੀ ਖਰੀਦ-ਫਰੋਖਤ ਨੌਜਵਾਨਾਂ ਨੂੰ ਗੁੰਮਰਾਹ ਕਰ ਰਹੇ ਹਨ। Democratic process of



Namdhari Elibrary NamdhariElibrary@gmail.com

elections (ਲੋਕ ਰਾਜੀ ਚੋਣ ਪ੍ਰਬੰਧ) ਗੁਰਦੁਆਰਿਆਂ ਵਿਚ ਬਿਲਕੁਲ ਕਾਮਯਾਬ ਨਹੀਂ ਹੈ। ਇਸ ਨਾਲ ਧਾਰਮਿਕ ਸ਼ਰਧਾ ਘਟਦੀ ਹੈ, ਆਸਥਾ ਨੂੰ ਠੇਸ ਪਹੁੰਚਦੀ ਹੈ। ਕਿਸੇ ਹੋਰ ਧਰਮ ਨੇ ਇਸ ਸਿਸਟਮ ਨੂੰ ਨਹੀਂ ਅਪਣਾਇਆ। ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ ਵਿਚ ਗੁਰਦੁਆਰਿਆਂ ਦੀ ਚੋਣ ਅਖਬਾਰਾਂ ਦੀਆਂ ਸੁਰਖੀਆਂ ਵਿਚ ਹੁੰਦੀ ਹੈ। ਕਿਉਂਕਿ ਖਾਲਸਾ ਚੋਣਾਂ ਨਹੀਂ ਯੁੱਧ ਦੇ ਮੈਦਾਨ ਵਿਚ ਉਤਰਿਆ ਹੁੰਦਾ ਹੈ। ਅਸੀਂ ਕਈ ਬਹਾਨੇ ਲੱਭਦੇ ਹਾਂ ਆਪਣੀਆਂ ਗਲਤੀਆਂ ਨੂੰ ਛੁਪਾਉਣ ਲਈ। ਇਹ ਤਾਂ ਜਿਵੇਂ ਅਜ ਕਲ੍ਹ ਫੈਸ਼ਨ ਬਣ ਗਿਆ ਹੈ ਕਿ ਹਰ ਗੱਲ ਹਿੰਦੂਤਵ ਦੇ ਨਾਹਰੇ ਨਾਲ ਜੋੜ ਦਿੱਤੀ ਜਾਵੇ। ਆਪਣਾ ਘਰ ਬਚਾਉਣ ਜਾਂ ਸਵਾਰਨ ਦੀ ਬਜਾਇ ਅਸੀਂ ਹੋਰਨਾਂ ਦੀ ਨਿੰਦਿਆ ਕਰਦੇ ਹਾਂ। ਲੋੜ ਹੈ ਸਾਰੇ ਸਿੱਖਾਂ ਨੂੰ ਸੱਚਾਈ ਦਾ ਸਾਹਮਣਾ ਕਰਨ ਦੀ ਅਤੇ ਆਪਣੇ ਬਚਾਅ ਲਈ ਉਪਰਾਲਾ ਕਰਨ ਦੀ।

ਸ. ਸੰਗਨ ਸਿੰਘ ਜੀ ਤੁਸੀਂ ਵਿਦਵਾਨ ਚਿੰਤਕ ਹੋ। ਅੱਜ ਕੌਮ ਦਾ ਨੌਜਵਾਨ ਦੋਰਾਹੇ ਤੇ ਖੜ੍ਹਾ ਹੈ, ਉਸਨੂੰ ਸਾਡਾ ਗੁਰਦੁਆਰਾ ਨਿਜ਼ਾਮ attract (ਆਕਰਸ਼ਤ) ਨਹੀਂ ਕਰ ਰਿਹਾ, ਸਿੱਖ ਮਿਸ਼ਨਰੀ ਉਹਨਾਂ ਦੇ ਮਿਆਰੀ ਟੀਚੇ ਤੇ ਨਹੀਂ ਉਤਰ ਰਿਹਾ, ਲਿਟਰੇਚਰ ਪ੍ਰਭਾਵਸ਼ਾਲੀ ਨਹੀਂ, Modern technique of publicity (ਪ੍ਰਚਾਰ ਦੀ ਆਧੁਨਿਕ ਤਕਨੀਕ) ਜਾਂ ਪ੍ਰਚਾਰ ਸਾਨੂੰ ਆਉਂਦਾ ਨਹੀਂ, ਸਿੱਖ Educational Institutions (ਸਿੱਖ ਵਿਦਿਅਕ ਸੰਸਥਾਵਾਂ) ਦੀ ਕੋਈ Central Body (ਕੇਂਦਰੀ ਜਥੇਬੰਦੀ) ਨਹੀਂ ਜਿਵੇਂ ਡੀ.ਏ.ਵੀ. ਜਾਂ ਈਸਾਈ ਮਤ ਵਾਲਿਆਂ ਦੀ ਕੌਂਸਲ ਹੈ, ਸਾਡੇ ਅਧਿਆਪਕ ਹੁਣ ਆਪ ਹੀ ਸਿੱਖੀ ਵਿਸ਼ਵਾਸ ਤੋਂ ਦੂਰ ਹੋ ਰਹੇ ਹਨ। ਉਹ ਤਾਂ ਇਸਨੂੰ ਨੌਕਰੀ ਸਮਝਕੇ ਯੂਨੀਅਨ ਬਣਾ ਕੇ ਗਲਤ ਰਸਤੇ ਵਲ ਜਾ ਰਹੇ ਹਨ। ਚੰਗੇ ਸਿੱਖ ਰਿਟਾਇਰਡ ਜਰਨੈਲ ਤੇ ਅਫਸਰ ਚੁੱਪ ਕਰਕੇ ਘਰ ਬੈਠੇ ਹਨ। ਗੁਰਦੁਆਰਾ ਨਿਜ਼ਾਮ ਉਹਨਾਂ ਨੂੰ ਨੇੜੇ ਹੀ ਨਹੀਂ ਆਣ ਦਿੰਦਾ। ਅਮੀਰ ਸਿੱਖ ਪਰਿਵਾਰ ਸਿੱਖ ਨੌਜਵਾਨਾਂ ਨੂੰ ਪਹਿਲਾਂ ਤਾਂ ਨੌਕਰੀ ਦਿੰਦਾ ਹੀ ਨਹੀਂ ਜੇ ਦੇਵੇ ਤਾਂ ਸਿੱਖ ਰਹਿਣ ਦੀ ਸ਼ਰਤ ਨਹੀਂ ਲਗਾਂਦਾ। ਪੰਜਾਬ ਐਂਡ ਸਿੰਧ ਬੈਂਕ ਦੇ ਸ. ਇੰਦਰਜੀਤ ਸਿੰਘ ਆਪਣੇ ਸਮੇਂ 'ਸਿੱਖੀ ਸਿਧਾਂਤ' ਦੀ ਇਕ ਮਿਸਾਲ ਕਾਇਮ ਕਰ ਗਏ ਸਨ, ਉਹ ਹੁਣ ਕਿਥੇ ਹੈ। Sikh Resources ਦਾ Pool ਹੋ ਕੇ Employment to Sikhs ਦੀ plan ਕਿਧਰੇ ਨਜ਼ਰ ਨਹੀਂ ਆਂਦੀ। ਮਾਂ ਬੋਲੀ ਪੰਜਾਬੀ ਹੁਣ ਮਤਰੇਈ ਅਸੀਂ ਆਪ ਹੀ ਬਣਾ ਲਈ ਹੈ। ਦਿੱਲੀ ਵਿਚ ਸਰਵੇ ਕਰ ਲਓ, ਸਾਡੇ ਘਰਾਂ ਵਿਚ ਅਸੀਂ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਵਰਜਤ ਕਰ ਰਖਿਆ ਹੈ। ਪੰਜਾਬੀ ਬੋਲਣ ਨਾਲ ਬੱਚੇ ਅਨਪੜ੍ਹ ਨਾ ਰਹਿ ਜਾਣ, ਇਹ ਸਾਡਾ ਵਿਚਾਰ ਬਣ ਚੁੱਕਾ ਹੈ। ਆਪ ਅਸੀਂ ਨਿਤਨੇਮੀ ਹਾਂ ਗੁਰਦੁਆਰੇ ਰੋਜ਼ ਜਾਣਾ ਹੈ ਪਰ ਘਰ ਵਿਚ ਪੰਜਾਬੀ ਨਹੀਂ ਬੋਲਣ ਦੇਣੀ।

ਹੋਰ ਜ਼ਿਆਦਾ ਨਾ ਕਹਿੰਦੇ ਹੋਏ "ਤੂੰ ਪਰਬਤ ਮੇਰਾ ਓਹਲਾ ਰਾਮ" ਤੇ ਭਰੋਸਾ ਰਖਕੇ ਕੇਵਲ ਕੁਝ ਸੁਝਾਅ ਦਿੰਦਾ ਹਾਂ। ਅਗਲੇ ਸਾਲ ਚਾਰ ਸਾਹਿਬਜ਼ਾਦਿਆਂ ਦਾ ੩੦੦ ਸਾਲਾ ਸ਼ਹੀਦੀ ਦਿਵਸ ਆ ਰਿਹਾ ਹੈ। ੧੫ ਮਹੀਨੇ ਪਏ ਹਨ ਜੇ ਇਹਨਾਂ ਬਾਰੇ ਹੀ ਇਕ ਏਜੰਡਾ ਬਣਾ ਲਈਏ ਕਿ ਕਾਲਜ ਅਤੇ ਯੂਨੀਵਰਸਿਟੀ ਦੇ ਹਰ ਸਿੱਖ ਵਿਦਿਆਰਥੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਯਾਦ ਕਰਵਾਈਏ ਅਤੇ ਸਿੱਖ ਸਕੂਲ ਵਿਦਿਆਰਥੀ ਨੂੰ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੀ ਕੁਰਬਾਨੀ ਦੱਸੀਏ। ਸਾਰੀ ਦੁਨੀਆਂ ਵਿਚ ਇਹਨਾਂ ਚਾਰਾਂ ਵਰਗੀ ਹੋਰ ਕੋਈ ਮਿਸਾਲ ਨਹੀਂ। ਸਾਰੀ ਕੌਮ ਦਾ Think Tank ਇਸ ਬਾਰੇ ਹੀ ਸੋਚਕੇ ਐਕਸ਼ਨ ਪਲੈਨ ਬਣਾ ਸਕੇ ਤਾਂ ਮੇਰੇ ਲੈਕਚਰ ਦੀ ਕਾਮਯਾਬੀ ਹੋਵੇਗੀ। ਸਾਨੂੰ ਅੱਜ ਆਪਣੀ ਅਕਲ ਤੇ ਰਸੂਖ ਦਾ ਦਸਵੰਧ ਦੇਣ ਦੀ ਲੋੜ ਹੈ। ਮਾਇਆ ਤਾਂ ਤੁਸੀਂ ਦਿੰਦੇ ਹੀ ਰਹਿੰਦੇ ਹੋ। ਕੌਮ ਨੂੰ intelligence ਅਕਲ ਵੀ ਅਰਪਨ ਕਰੋ। ਹਰ ਸਿੱਖ ਆਪ ਆਪਣਾ ਟੀਚਾ ਮੁਕੱਰਰ ਕਰੇ ਕਿ ਮੈਂ ਇਸ ਸਾਲ ੨ ਪਤਿੱਤ ਵਾਪਸ ਮੋੜਾਂਗਾ। ਵੇਖੋ ਕਿਵੇਂ ਠਲ੍ਹ ਪੈਂਦੀ ਹੈ ਤੇ ਮੋੜ ਆਉਂਦਾ ਹੈ। ਇਸ ਚੌਰਾਹੇ ਤੇ ਠੀਕ ਸੇਧ ਦੇਣ ਵਿਚ ਆਪਣਾ ਹਿੱਸਾ ਪਾਓ, ਗੁਰੂ ਭਲੀ ਕਰੇਗਾ। ਵੰਗਾਰ ਨੂੰ ਸਮਝੋ ਤੇ ਗੁਰੂ ਦੇ ਹੋਕੇ ਆਪਣਾ ਕਰਤੱਵ ਪਾਲੋ।

ਧੰਨਵਾਦ!

*੪ ਅਕਤੂਬਰ ੨੦੦੩*
*ਇੰਡੀਅਨ ਇੰਟਰਨੈਸ਼ਨਲ ਸੈਂਟਰ ਨਵੀਂ ਦਿੱਲੀ ਵਿਚ ਦਿੱਤਾ ਭਾਸ਼ਣ।*

ਸ਼ਕੁੰਤਲਾ ਦਾ ਪਾਲਕ, ਰਿਸ਼ੀ ਕਣਵ ਆਖ ਰਿਹਾ ਹੈ "ਅੱਜ ਸ਼ਕੁੰਤਲਾ ਮੈਨੂੰ ਛੱਡ ਕੇ ਆਪਣੇ ਸੁਆਮੀ ਦੇ ਘਰ ਜਾਵੇਗੀ। ਇਸ ਗੱਲ ਨਾਲ ਮੇਰਾ ਦਿਲ ਵਿਆਕੁਲ ਹੋ ਰਿਹਾ ਹੈ, ਕੰਠ ਭਰ ਭਰ ਆਉਂਦਾ ਹੈ, ਕੁਝ ਆਖ ਨਹੀਂ ਸਕਦਾ, ਦੋਵੇਂ ਨੈਣ ਹੈਰਾਨ ਹੋ ਕੇ ਇਕ ਟੱਕ ਤੱਕੀ ਜਾ ਰਹੇ ਹਨ। ਜਦੋਂ ਮੇਰੇ ਜਿਹਾ ਇਕ ਤਿਆਗੀ ਵੈਰਾਗੀ ਪ੍ਰੇਮ ਪੀੜਾ ਨਾਲ ਇਤਨਾ ਦੁੱਖੀ ਹੋ ਰਿਹਾ ਹੈ ਤਾਂ ਗ੍ਰਿਹਸਤੀ ਲੋਕ ਆਪਣੀ ਧੀ ਤੋਰਨ ਸਮੇਂ ਕਿਉਂ ਨਹੀਂ ਪੀੜਤ ਹੁੰਦੇ ਹੋਣਗੇ।"

*—ਕਾਲੀਦਾਸ*


Namdhari Elibrary NamdhariElibrary@gmail.com

## ਗੀਤ

### ਸਭ ਰੰਗਾਂ ਦਾ ਅਸਲੀ ਸੋਨਾ...

*—ਮਹਿਮਾ ਸਿੰਘ ਤੂਰ*

ਇਸ ਤੋਂ ਪਹਿਲਾਂ ਮੈਨੂੰ
ਕਦੇ ਹੋਇਆ ਨਹੀਂ ਸੀ ਐਨਾ
ਇਨ੍ਹਾਂ ਰੰਗਾਂ ਨਾਲ ਪਿਆਰ
ਕਦੇ ਖਿੜੀ ਨਹੀਂ ਸੀ ਇਸ ਤਰ੍ਹਾਂ
ਇਹ ਰੰਗਾਂ ਦੀ ਗੁਲਜ਼ਾਰ.....

ਹਰ ਪਾਸੇ ਅੱਜ ਵੇਖ ਰਿਹਾ ਹਾਂ
ਚਿੱਟਾ ਸੋਨਾ, ਕਾਲਾ ਸੋਨਾ
ਸਭ ਰੰਗਾਂ ਦਾ ਸੋਨਾ ਹੀ ਸੋਨਾ
ਆਸਮਾਨ ਵਿਚ ਨੀਲਾ ਸੋਨਾ....

ਕਣਕਾਂ ਦੇ ਵੱਢ ਸੋਨ-ਸਲੀਕਾ
ਕਣਕ ਦੇ ਦਾਣੇ ਸੋਨਾਲੀਕਾ
ਸੂਰਜ ਨਿਰਾ ਸੋਨੇ ਦਾ ਗੋਲਾ
ਸਿਖਰ ਦੁਪਹਿਰੀਂ ਧੁੱਪ ਸੁਨਹਿਰੀ
ਰਾਤੀਂ ਟਿਮਕਣ ਸੋਨੇ ਦੇ ਤਾਰੇ
ਇਹ ਕੁਦਰਤ ਦੇ ਸਾਜ਼ ਨੇ ਸਾਰੇ....

ਪੌਣਾਂ ਵਿਚ ਉਡਣ ਖੁਸ਼ਬੋਆਂ
ਛੋੜਦੀਆਂ ਕੁਝ ਸੰਦਲੀ ਛੋਹਾਂ
ਪਰ ਗਾੜ੍ਹਾ ਧੂੰਆ ਚਾਰ-ਚੁਫੇਰੇ
ਸਭ ਕੁਝ ਹੈ ਪ੍ਰਦੂਸ਼ਿਤ ਕਰਦਾ
ਹਰ ਪਾਸੇ ਇਕ ਜ਼ਹਿਰ ਹੈ ਭਰਦਾ....

ਲਹਿਰ ਬਹਿਰ ਜੇ ਰੱਖਣੀ ਆਪਾਂ
ਇਸ ਧਰਤੀ ਦੀ ਹਿੱਕ ਦੇ ਉੱਤੇ
ਤਾਂ ਸਾਂਭ ਕੇ ਰੱਖਣਾ ਪਊਗਾ ਸਾਨੂੰ
ਸਭ ਰੰਗਾਂ ਦਾ ਅਸਲੀ ਸੋਨਾ.....।

*—ਹਲਵਾਰਾ, (ਲੁਧਿਆਣਾ) ੧੪੧੧੦੭*

### ਚੰਦਨ ਦਾ ਬੂਟਾ

*—ਪੂਰਨ ਸਿੰਘ 'ਨਿਰਾਲਾ'*

ਚੰਦਨ ਦਾ ਬੂਟਾ ਮੇਰਾ ਗੁਰੂ ਜਗਜੀਤ ਸਿੰਘ,
ਸਾਰੇ ਪਾਸੇ ਵੇਖਾਂ ਮੈਂ ਸੁਗੰਧੀਆਂ ਖਿਲਾਰੇ।
ਮਿਲ ਜਾਵੇ ਛੋਹ ਜਿਹਨੂੰ ਉਹਦੇ ਚਰਨਾਂ ਦੀ,
ਜੰਗਲਾਂ ਦੇ ਬੂਟੇ ਵੀ ਨੇ ਜਾਂਦੇ ਸਤਿਕਾਰੇ।

ਇਹਦੀ ਝਲਕ ਨੂਰਾਨੀ, ਤੇਜ ਮੁਖੜੇ ਦਾ ਨੂਰ
ਜਿਹੜਾ ਤੱਕਦਾ ਪਿਆਰਾ, ਉਹਨੂੰ ਆਂਵਦਾ ਸਰੂਰ
ਇਹ ਤਾਂ ਸਭ ਦੇ ਪਿਆਰੇ, ਲੋਕ ਆਖਦੇ ਨੇ ਸਾਰੇ
ਜੋ ਵੀ ਦਿਲੋਂ ਚਾਹਵੇ, ਕਾਜ ਅੰਦਰੋਂ ਸਵਾਰੇ
ਚੰਦਨ ਦਾ ਬੂਟਾ ਮੇਰਾ ................

ਜਿਹੜਾ ਆਂਵਦਾ ਦੁਆਰੇ ਉਹਦੇ ਦੁੱਖ ਜਾਂਦੇ ਗੁੰਮ
ਦਿਲ ਸਭਦਾ ਈ ਆਖੇ ਲਈਏ ਚਰਨਾਂ ਨੂੰ ਚੁੰਮ
ਐਸੀ ਮਿੱਠੀ ਏ ਪ੍ਰੀਤ ਸਾਰੇ ਜੱਗ ਦਾ ਏ ਮੀਤ
ਸ਼ਾਹ ਬਣੇ ਨੇ ਬਥੇਰੇ, ਜੋ ਸੁਦਾਮੇ ਸੀ ਵਿਚਾਰੇ
ਚੰਦਨ ਦਾ ਬੂਟਾ ਮੇਰਾ ................

ਮੇਰੇ ਮਾਹੀ ਦੇ ਨਿਰਾਲੇ ਕੋਈ ਗਿਣ ਨਾ ਸਕੇ ਉਪਕਾਰ
ਸਾਗਰ ਨ ਮਿਣ ਸਕੇ ਕੋਈ ਤੋਲ ਸਕੇ ਨਾ ਪਹਾੜ
ਭੈਣੀ ਸਾਹਿਬ ਚਮਕਾਇਆ ਸਵਰਗ ਜ਼ਿਮੀ ਤੇ ਬਣਾਇਆ
ਮੰਨਦੇ ਬੈਕੁੰਠ ਵੇਖੋ ਲੱਖਾਂ ਸੇਵਕ ਪਿਆਰੇ
ਚੰਦਨ ਦਾ ਬੂਟਾ ਮੇਰਾ ................

ਹਰ ਵੇਲੇ ਸੰਗਤਾਂ ਨੂੰ ਦੇਂਦੇ ਨਾਮ ਜਪੋ ਉਪਦੇਸ਼
ਸਾਰੀ ਦੁਨੀਆਂ 'ਚ ਹੋਏ ਸੇਵਕ ਦੇਸ਼-ਪ੍ਰਦੇਸ਼
ਲੋਕ ਮੰਤਰੀ ਵੀ ਆਉਂਦੇ ਛੋਹ ਚਰਨਾਂ ਦੀ ਚਾਹੁੰਦੇ
ਪਰ "ਪੂਰਨ" ਭਾਗਾਂ ਵਾਲਾ ਆਂਵਦਾ ਦੁਆਰੇ
ਚੰਦਨ ਦਾ ਬੂਟਾ ਮੇਰਾ ................


Namdhari Elibrary NamdhariElibrary@gmail.com

## ਬੁੱਕੇ

—*ਸ਼ਿਵਨਾਥ*

ਟੁੱਟਾ-ਭੱਜਾ ਇਕ ਤਰੌਨਾ,
ਸਫ਼ ਦਾ ਟੁਕੜਾ
ਤੇ ਕੁਝ ਮੋਰ-ਪੰਖ ਦੇ ਪੱਤੇ
ਜਾਂ ਫਿਰ ਪਸ਼ੂ-ਖੁਰਾਂ ਦੇ ਸਿੰਧਿ
ਡੁੱਲ ਪਏ ਹਨ,
ਕੂੜੇਦਾਨ ਦੀ ਸੇਧ ਜਿਹੀ ਵਿਚ
ਸੜਕ ਦੇ ਅੱਧ ਵਿਚਕਾਰ
ਇਕ ਪਲ ਅੰਦਰ ਸੋਚ ਗਿਆ ਹਾਂ
ਇਹ ਹੈ ਸਾਡੇ ਉੱਚ-ਘਰਾਂ ਦਾ,
ਪੱਛਮੀ-ਸਭਿਆਚਾਰ।

ਇਸ ਧਰਤੀ ਤੇ ਪਹਿਲਾਂ ਵੀ ਤਾਂ
ਲੱਖਾਂ ਲੋਕ ਜਨਮ ਲੈਂਦੇ ਸਨ
ਉਹਨਾਂ ਦੇ ਵੀ ਤਾਂ ਹੁੰਦੇ ਸਨ ਜਨਮ ਦਿਹਾੜੇ
ਪਰ ਉਹਨਾਂ ਲਈ ਕਦੇ ਕਿਸੇ ਨੇ
ਨਹੀਂ ਸੀ ਇਹ ਪਰਪੰਚ ਰਚਾਇਆ
ਨਾ ਉਹਨਾਂ ਦਾ ਜਨਮ-ਦਿਹਾੜਾ
ਏਸ ਤਰ੍ਹਾਂ ਸੀ ਮੁੜ ਕੇ ਆਇਆ।

ਜਨਮ ਦਿਹਾੜੇ ਹੁੰਦੇ ਸਨ
ਗੁਰੂਆਂ ਦੇ ਪਹਿਲਾਂ
ਜਾਂ ਫਿਰ ਜਿਸਨੇ ਦੇਸ਼ ਕੌਮ ਲਈ
ਜੀਵਨ ਲਾਇਆ
ਜਾਂ ਜੋ ਹਨ ਮਿਥਿਆਸ ਦੇ "ਪਾਤਰ"
ਹੁਣ ਤਾਂ ਜਣਾ-ਖਣਾਂ ਹੀ ਬਣਿਆ ਫਿਰਦਾ ਹੈ,
ਸਤਿਕਾਰ ਦਾ ਪਾਤਰ
ਹੁਣ ਤਾਂ ਜਣਾ-ਖਣਾ ਹੀ ਜਾਪੇ
ਇਕ ਦੂਜੇ ਨੂੰ ਸਿਰੇ ਚੜ੍ਹਾਂਦਾ
ਆਮ ਆਦਮੀ ਤੋਂ ਵਖਰਾਂਦਾ

ਜੋ ਇਸ ਜਨਮ ਦਿਹਾੜੇ ਖਾਤਰ
ਟੈਲੀ ਫੋਨ ਮੋਬਾਈਲਾਂ ਰਾਹੀਂ
ਉਡਣੇ ਜਿਹੇ ਸਤਿਕਾਰ ਭੇਜਦੇ
ਚੁੰਮਣ ਤੇ ਗਲਵੱਕੜੀਆਂ ਘੱਲੇ
ਤੇ ਕੁਝ ਘਰਾਂ ਤੋਂ ਚੱਲ ਕੇ ਆਉਂਦੇ
ਬੜੇ ਕੀਮਤੀ ਗਿਫਟ ਲਿਆਉਂਦੇ
ਜਾਂ ਇਹ ਮਨ ਭਾਉਂਦੇ ਜਿਹੇ ਬੁੱਕੇ।

ਬੁੱਕੇ ਜੋ ਕੁਝ ਚਿਰ ਖਾਤਰ ਹੀ
ਚਿਹਰਿਆਂ ਵਾਂਗ ਖਿੜੇ ਰਹਿੰਦੇ ਨੇ
ਸੈਲਫਾਂ ਨਾਲ ਭਿੜੇ ਰਹਿੰਦੇ ਨੇ
ਤੇ ਫਿਰ ਜਨਮ ਦਿਹਾੜਿਆਂ ਵਾਂਗੂੰ
ਉੱਕਾ ਹੀ ਕਮਲਾ ਜਾਂਦੇ ਨੇ
ਤੇ ਰਾਹਾਂ ਵਿਚ ਆ ਜਾਂਦੇ ਨੇ
ਕੁਮਲਾਈ ਵਸਤੂ ਨੂੰ ਘਰ ਵਿਚ
ਸਾਂਭ ਕੇ ਰੱਖਣਾ, ਬਹੁਤ ਕਠਿਨ ਹੈ।

—*੧੨੫੭-C-LIG*
*ਫੇਜ਼-੧੦ ਮੁਹਾਲੀ-੧੬੦੦੬੨*

## ਧੀਆਂ ਨੂੰ ਨਾ ਮਾਰੋ

—*ਕੁਲਵੰਤ ਸਿੰਘ ਜਗਰਾਉਂ*

ਅਣਜੰਮੀਆਂ ਧੀਆਂ ਦੀ ਹੱਤਿਆ ਦਾ ਕਿਵ ਦਰਦ ਸੁਣਾਵਾਂ?
ਡਾਕਟਰ ਬਾਬਲ ਬਣੇ ਕਸਾਈ, ਗੁੰਗੀਆਂ ਬਣੀਆਂ ਮਾਵਾਂ।
ਧੀਆਂ ਨਾਲ ਹੀ ਜੱਗ ਤੁਰਦਾ ਹੈ, ਜੱਗ ਦਾ ਹਰ ਰਿਸ਼ਤਾ ਜੁੜਦਾ ਹੈ,
ਧੀਆਂ ਨਾਲ ਬਹਾਰਾਂ ਘਰਾਂ ਵਿਚ, ਧੀਆਂ ਬਾਝ ਖਿਜ਼ਾਵਾਂ।
ਅਣਜੰਮੀ ਧੀ ਨੂੰ ਮਾਰਨ ਤੋਂ ਵੱਧ ਪਾਪ ਨਾ ਜੱਗ ਤੇ ਕੋਈ,
ਧੀਆਂ ਦੇ ਹਤਿਆਰੇ ਭੋਗਣ ਰੂਹ ਦੀਆਂ ਰੋਜ਼ ਸਜ਼ਾਵਾਂ।

ਦਾਦੀ ਨਾਨੀ ਵੀ ਤਾਂ ਧੀ ਸੀ, ਧੀ ਬਿਨ ਏਥੇ ਹੋਣਾ ਕੀ ਸੀ ?
ਕੁੱਖ ਵਿਚ ਜਦ ਕੋਈ ਧੀ ਨੂੰ ਮਾਰੇ, ਧਰਤੀ ਭਰਦੀ ਆਹਵਾਂ।
ਜੋ ਪੁੱਤਰਾਂ ਲਈ ਧੀਆਂ ਮਾਰਨ, ਮਾਨਵਤਾ ਦੇ ਲੇਖ ਉਹ ਸਾੜਨ,
ਧੀਆਂ ਤਾਂ ਹਨ ਰਹਿਮਤ ਰੱਬ ਦੀ, ਲੂਅ ਵਿਚ ਠੰਡੀਆਂ ਛਾਵਾਂ।
ਜੇ ਨਾ ਧੀ ਕਿਸੇ ਨੇ ਜੰਮੀ, ਬੰਨੇ ਨੂੰ ਕਿਵ ਮਿਲੇਗੀ ਬੰਨੀ,
ਧੀਆਂ ਬਿਨ ਪਰਲੋ ਆ ਜਾਊ, ਲੋਕੋ ਮੈਂ ਕੁਰਲਾਵਾਂ।

ਕਵਿਤਾ ਕਲਾ ਸੰਗੀਤ ਨੇ ਧੀਆਂ, ਮੋਹ ਦਾ ਮਿੱਠਾ ਗੀਤ ਨੇ ਧੀਆਂ,
ਧਰਤੀ ਦੀ ਖੁਸ਼ਬੂ ਨੇ ਧੀਆਂ, ਕਰਨ ਸੁਗੰਧ ਦਰਾਵਾਂ।
ਧੀਆਂ ਨੂੰ ਨਾ ਕੁੱਖ ਵਿਚ ਮਾਰੋ, ਕੁਦਰਤ ਦਾ ਨਾ ਨੇਮ ਵਿਗਾੜੋ,
ਜੀਵਨ ਦੀ ਹਰਿਆਲੀ ਧੀਆਂ, ਅੰਮ੍ਰਿਤ ਦੀਆਂ ਗਟਾਵਾਂ।
ਨੰਨ੍ਹੀ ਹੱਸ ਜਦ ਮੁਸਕਾਏ, ਬਾਬਲ ਸਾਰੇ ਰੋਗ ਭੁੱਲ ਜਾਵੇ,
ਤੋਤਲੀਆਂ ਗੱਲਾਂ ਕਰ ਪਾਵੇ ਉਸ ਦੇ ਗਲ ਜਦ ਬਾਹਵਾਂ।


Namdhari Elibrary NamdhariElibrary@gmail.com

## ਗੀਤ / *ਦਲਬੀਰ ਸਿੰਘ 'ਤਰਸ'*

ਸਾਜਨ ਤੇਰੀਆਂ ਯਾਦਾਂ ਦੇ ਸੰਗ ਸਾਸ ਠੁਮਕਦੇ ਮੇਰੇ ;
ਸੂਰ-ਮੁਖੀ ਹੋ ਵਿਗਸੇਂ ਪ੍ਰੀਤਮ ਹੋ ਗਏ ਦੂਰ ਅੰਧੇਰੇ।

ਹਰ ਰਾਹ ਮੇਰੇ ਗੀਤ ਨੇ ਫੜਿਆ ਵਲ ਤੇਰੇ ਹੀ ਜਾਵੇ,
ਔਂਦਾ ਜਾਂਦਾ ਪੌਣ ਦਾ ਝੋਕਾ ਤੇਰਾ ਸ਼ਬਦ ਸੁਣਾਵੇ।
ਤੂਹੀਓਂ ਤੇ ਹਰ ਥਾਂ ਤੇ ਵਿਚਰੇਂ ਬਣਿਆਂ ਸਖਾ ਸੁਹੇਲਾ,
ਹਰ ਦਿਹੁੰ ਮੇਰੇ ਸੰਗ ਤੇਰੇ ਦਾ ਲੱਗਿਆ ਰਹਿੰਦਾ ਮੇਲਾ।
ਪਲ ਪਲ ਦੇ ਇਨ੍ਹਾਂ ਪੱਤਿਆਂ ਉੱਤੇ ਦੀਦਾਰ ਉੱਭਰਦੇ ਤੇਰੇ।
ਸੂਰ-ਮੁਖੀ .........

ਝੂਮ ਝੂਮ ਇਹ ਗੌਣ ਡਾਲੀਆਂ ਫੁੱਲ ਖਿੜਨ ਤੇ ਆਏ,
ਬਣੀ ਬਨਸਪਤ ਅੱਜ ਬਾਂਵਰੀ ਖੁੱਲਕੇ ਸੱਭੇ ਰੰਗ ਖਿੰਡਾਏ।
ਇਹ ਰੌਣਕ ਭੀ ਲੱਗੇ ਰਾਂਗਲੀ ਉਹ ਇਸ ਤੋਂ ਹੋਰ ਪਿਆਰੀ,
ਜਿਸ ਥਾਂ ਚੁਪਕੇ ਅਸਾਂ ਸਜਾਈ ਨਾਲ ਸਜਨ ਦੇ ਯਾਰੀ।
ਦੂਰ ਤੱਕ ਪਰਕਾਸ਼ ਜੋਸਦਾ ਸਾਰਾ ਮੰਡਲ ਘੇਰੇ।
ਸੂਰ-ਮੁਖੀ .........

ਖ਼ੁਸ਼ੀ ਗ਼ਮੀ ਦੀਆਂ ਸਭ ਤਸਵੀਰਾਂ ਅੱਖੋਂ ਓਹਲੇ ਹੋਈਆਂ,
ਗਤੀ ਮਿਤੀ ਦੀਆਂ ਦੋਵੇਂ ਧਾਰਾਂ ਸਾਗਰ ਸੰਗ ਸਮੋਈਆਂ।
ਤੇਰੀ ਸੰਗਤ ਸੁਆਮੀ ਮੇਰੇ ਜੋਗ ਜੁਗਤ ਅਸਾਂ ਪਾਈ,
ਸਰਬ ਜੀਆਂ 'ਚੋਂ ਤੇਰੀ ਮੂਰਤ ਆਪਣੇ ਗਲ ਨਾ ਲਾਈ।
ਜਿਉਂ-ਜਿਉਂ ਛਿੜਨ ਤੇਰੀਆਂ ਤਰਜ਼ਾਂ ਤਿਉਂ ਤਿਉਂ ਚਾਓ ਘਣੇਰੇ।
ਸੂਰ-ਮੁਖੀ .........

ਤਨ ਦੀ ਸਜਨਾ ਕੰਧ ਬਣਾਈ ਅਸਾਂ ਮਨ 'ਚ ਮਹਿਲਿਆ ਮੰਦਰ,
ਯਾਦ ਤੇਰੀ ਦੀ ਜੋਤ ਜਗਾਈ ਅਸਾਂ ਘਰ ਆਪਣੇ ਦੇ ਅੰਦਰ।
ਸਾਈਆਂ ਸੁਣੀਏਂ ਹਰ ਘਰ ਵਿਚਰੇ ਵਾਸ ਤੇਰੇ ਦੀ ਲੀਲ੍ਹਾ,
ਪੂਰਬ ਜਨਮ ਜਿਨ ਕੀਨ ਕਮਾਈ ਅਨੰਦ ਅਮੋਲ ਸਦੀਲਾ।
ਧੰਨ ਭਾਗ ਮੈਂ ਜਾਣਾ ਪ੍ਰੀਤਮ ਸੁੱਖ ਸਾਗਰ ਤੇਰੇ ਫੇਰੇ।
ਸੂਰ-ਮੁਖੀ .........

ਦਿਹੁੰ ਨਾ ਦੀਸੈ ਪ੍ਰੀਤਮਾਂ ਨਾ ਕੋਈ ਵੇਖਾਂ ਵੇਲਾ,
ਮੈਂ ਮੇਰੀ ਇਹ ਮੱਤ ਨਾ ਜਾਣੇ ਜੋ ਦਿਨ ਹੋਏ ਇਕੇਲਾ।
ਲੋਕੀ ਆਖਣ ਹਾਂ ਮਸਤਾਨੀ ਮੈਂ ਖੋਈ ਵਿੱਚ ਖੇੜੇ,
ਨਾ ਕੋਈ ਪਲ ਅਜਿਹਾ ਵਿਚਰੇ ਮੈਂ ਤੂੰ ਸੰਗ ਨਖੇੜੇ।
ਲੰਮੇ ਲੰਮੇ ਦਿਨ ਦਰਸਿ ਬਤਾਏ ਹੁੰਦੜੇ ਜਾਣ ਲੰਮੇਰੇ।
ਸੂਰ-ਮੁਖੀ .........

ਤੈਥੋਂ ਜਾਵਾਂ ਸਦ ਬਲਿਹਾਰੀ ਕਾਟੇ ਬੰਧਨ ਸਾਰੇ,
ਸੱਭੇ ਰੋਗ ਬਿਆਪੇ ਸਾਜਨ ਸੰਗਤ ਪਾਇਆਂ ਦੂਰ ਉਡਾਰੇ।
ਯਾਦ ਤੇਰੀ ਦੀ ਕਾਰ ਦਾ ਘੇਰਾ ਅੰਤਰ ਵਸਾਂ ਇਕੇਲੀ,
ਆਧ ਬਿਆਧ ਨਾ ਨਿਕਟ ਪਹੁੰਚੇ ਸ਼ਸਤਰ ਪ੍ਰੀਤ ਸਖੇਲੀ।
ਜਦੋਂ ਮੈਂ ਚਾਹਵਾਂ ਪਰਗਟ ਹੋ ਜਏਂ ਬੰਨ ਸ਼ਗਨਾਂ ਦੇ ਸਿਹਰੇ।
ਸੂਰ-ਮੁਖੀ .........

ਸੰਗ ਤੇਰੇ ਦਾ ਹੀ ਧਰਵਾਸਾ ਮੈਨੂੰ ਮਿਲਣ ਵਧਾਈਆਂ,
ਉੱਤਰ ਉਪੱਛਰਾਂ ਦੇਵ ਲੋਕ ਤੋਂ ਮਿਲਣ ਮੇਰੇ ਘਰ ਆਈਆਂ।
ਤੋਂ ਸਰਨਾਈ ਨੌਨਿਧ ਪਾਈ ਰਾਗ ਰੰਗ ਵਿਚ ਖੋਈ,
ਵਿਚਰ ਰਹੀ ਇਸ ਵਿਸਰਤ ਜੱਗ ਮੇਂ ਪ੍ਰੀਤ ਲੱਗੀ ਲੱਗ ਪ੍ਰੀਤਮ ਹੋਈ।
ਸੱਭੇ ਗੀਤ ਵਿੱਚ ਪੁਸਤਕ ਮੇਰੀ ਤੂੰਹੀਓਂ ਆਪ ਲਿਖੇਰੇ।
ਸੂਰ-ਮੁਖੀ .........

ਸਾਜਨ ਤੇਰੀਆਂ ਯਾਦਾਂ ਦੇ ਸੰਗ ਸਾਸ ਠੁਮਕਦੇ ਮੇਰੇ,
ਸੂਰ-ਮੁਖੀ ਹੋ ਵਿਗਸੇਂ ਪ੍ਰੀਤਮ ਹੋ ਗਏ ਦੂਰ ਅਨ੍ਹੇਰੇ।

... ... ... ... ... ... ... ... ... ... ... ...

## ਰੁਬਾਈਆਂ

*—ਨਵਰਾਹੀ ਘੁਗਿਆਣਵੀ*

ਮੇਰੀ ਜਾਚੇ ਇਹ ਜੀਵਨ ਹੈ, ਦੋ ਘੜੀਆਂ ਦੀ ਫੇਰੀ।
ਉਹ ਘੜੀਆਂ ਵੀ ਖ਼ਤਮ ਹੋ ਗਈਆਂ, ਕਰਦਿਆਂ ਤੇਰੀ-ਮੇਰੀ
ਆਏ, ਬੈਠੇ, ਟੁਰ ਪਏ ਰਾਹੀ, ਟਿੰਡਾਂ ਵਾਲੇ ਗੇੜੇ ;
'ਨਵਰਾਹੀ' ਕੋਈ ਇਹ ਗੱਲ ਪਾਵੇ, ਕਰਕੇ ਨਜ਼ਰ ਉਚੇਰੀ।

-0-

ਕੂੜੇ ਜੱਗ ਤੋਂ ਫ਼ਿਕਿਆਂ ਪੈ ਕੇ, ਅਸੀਂ ਇਕਾਂਤਾਂ ਮੱਲੀਆਂ।
ਸਿਮਰਨ ਦਾ ਬੰਨ੍ਹ ਮਾਰ ਅਸਾਂ ਨੇ, ਮਾਰੂ ਕਾਂਗਾਂ ਠੱਲ੍ਹੀਆਂ
ਅਸੀਂ ਬਿਬੇਕ ਬਿਬਾਨਾਂ ਰਾਹੀਂ, ਚੜ੍ਹਦੇ ਗਏ ਉਤਾਹਾਂ।
'ਨਵਰਾਹੀ' ਮਿਹਰਾਂ ਦੇ ਮੰਡਲੀਂ, ਜੋਤਾਂ ਜਗਣ ਅਵੱਲੀਆਂ।


Namdhari Elibrary NamdhariElibrary@gmail.com

# ਪ੍ਰਦੂਸ਼ਣ

—ਅਜੀਤ ਸਿੰਘ ਚੀਮਾ

(੧)

ਦੀਨ ਬੰਧੂ, ਦੀਨਾ ਨਾਥ ਦੀਨਾਂ ਦੇ ਸਹਾਰੇ ਪ੍ਰਭੂ, ਅਰਸ਼ 'ਚੋਂ ਸੀ ਦੁਨੀਆ ਦਾ ਨਕਸ਼ਾ ਉਤਾਰਿਆ।
ਨਦੀ ਨਾਲੇ ਸੁੰਦਰ ਪਹਾੜ ਦਰਿਆ ਸੁਹਣੇ, ਕਾਇਨਾਤ ਆਪਣੀ ਨੂੰ ਖੂਬ ਸੀ ਸ਼ੰਗਾਰਿਆ।
ਜੀਵ ਜੰਤੂ ਜਾਨਵਰ, ਲੱਖਾਂ ਹੀ ਜਨੌਰ ਸਾਜੇ, ਖੁਸ਼ੀਆਂ ਤੇ ਰੌਣਕਾਂ ਦਾ ਮਹਿਲ ਹੈ ਉਸਾਰਿਆ
ਸੋਹਣੇ ਸੋਹਣੇ ਪਿੰਡ ਤੇ ਗਰਾਂ ਸ਼ਹਿਰ ਬਸਤੀਆਂ, ਥਾਉਂ ਥਾਈਂ ਥਾਪਿਆ ਤੇ ਸਾਜਿਆ ਸਵਾਰਿਆ।

(੨)

ਬੰਦੇ ਨੇ ਸਫ਼ਾਈ ਨੂੰ ਖ਼ੁਦਾਈ ਮੂਲ ਸਮਝਿਆ ਨ, ਹੱਥੀਂ ਏਸ ਆਪਣੀ ਬਹਾਰਾਂ ਨੂੰ ਉਜਾੜਿਆ।
ਥਾਂ ਥਾਂ ਉੱਤੇ ਏਸ ਗੰਦਗੀ ਦੇ ਢੇਰ ਲਾਏ, ਚੰਗੇ ਚੰਗੇ ਬੂਟਿਆਂ ਨੂੰ ਜੜ੍ਹਾਂ ਤੋਂ ਉਖਾੜਿਆ।
ਗਲੀਆਂ ਮਹੱਲਿਆਂ ਤੋਂ ਕੂੜੇ ਦੀ ਸੜ੍ਹਾਂਦ ਆਵੇ, ਟੱਟੀ ਤੇ ਪਿਸ਼ਾਬ ਵਾਯੂ ਮੰਡਲ ਨੂੰ ਸਾੜਿਆ।
ਨੱਕ ਘੁੱਟ ਲੋਕਾਂ ਤਾਈਂ ਲੰਘਣਾ ਮਹਾਲ ਹੋਇਆ, ਗੋਡੇ ਗੋਡੇ ਗੰਦ ਬੰਦੇ ਗੰਦਿਆਂ ਖਿਲਾਰਿਆ।

(੩)

ਨਦੀਆਂ ਤੇ ਨਾਲਿਆਂ ਦਾ ਨੀਰ ਕੁੰਗੂ ਵਾਂਗਰਾਂ ਸੀ, ਹੁਣ ਇਨ੍ਹਾਂ ਵਿਚੋਂ ਆਉਂਦੀ ਦੂਰੋਂ ਹੀ ਸੜ੍ਹਾਂਦ ਏ।
ਕਾਰਖਾਨਿਆਂ ਦਾ ਪਾਣੀ ਤੇਜ਼ ਜੋ ਤੇਜ਼ਾਬ ਵਾਲਾ, ਨਦੀਆਂ ਵਿਚ ਸੁੱਟ ਭਰ ਦਿੱਤੀ ਏਹ ਕੜਾਂਦ ਏ।
ਪਸ਼ੂ ਤੇ ਪੰਛੀ ਏ ਪਰਿੰਦੇ ਤੇ ਚਰਿੰਦੇ ਸਭ, ਕਿਥੋਂ ਪੀਣ ਪਾਣੀ ਕਿਵੇਂ ਲਾਹੁਣ ਏ ਭਰਾਂਦ ਏ।
ਚੁੱਕ ਕੇ ਏਹ ਗੰਦ ਜੋ ਲਿਜਾਂਦੇ ਨੇ ਏ ਸਿਰਾਂ ਉੱਤੇ, ਉਨ੍ਹਾਂ ਵਿੱਚ ਵੇਖ ਰੱਬਾ ਕਿੰਨੀ ਹੀ ਜਰਾਂਦ ਏ।

(੪)

ਸੜਕਾਂ ਤੇ ਵੇਖੋ ਕਾਰਾਂ ਮੋਟਰਾਂ ਸਕੂਟਰਾਂ ਦੀ, ਲੱਗੀ ਰਹਿੰਦੀ ਹਰ ਵੇਲੇ ਲੰਮੀ ਹੀ ਕਤਾਰ ਏ।
ਬੱਸਾਂ ਤੇ ਟਰੱਕਾਂ ਦਿਆਂ ਟੁੱਟਿਆਂ ਸਲੰਸਰਾਂ 'ਚੋਂ, ਧੂੰਆਂ ਵਿਚੋਂ ਨਿਕਲਦਾ ਏ ਬੰਨ੍ਹ ਲੰਮੀ ਧਾਰ ਏ।
ਟੁੱਟੇ ਹੋਏ ਵਹੀਕਲਾਂ ਦਾ ਹੁੰਦਾ ਏ ਖੜਾਕ ਏਵੇਂ, ਢੋਲ ਤੇ ਧਮੱਕੇ ਨਾਲ ਪੈਂਦੀ ਜਿਉਂ ਧਮਾਲ ਏ।
ਘੁੱਟਦਾ ਏ ਸਾਹ, ਨਾ ਕੋਈ ਦਿਸਦਾ ਏ ਰਾਹ, ਏਦੀ ਕੋਈ ਨਾ ਦਵਾ, ਹੋਈ ਜ਼ਿੰਦਗੀ ਬੇਕਾਰ ਏ।

(੫)

ਏਸ ਧੂੰਏ ਦਾ ਅੰਜਾਮ ਹੁੰਦਾ ਨਜ਼ਲਾ ਜ਼ੁਕਾਮ, ਦਮਾ ਪਾਂਦਾ ਏ ਲਗਾਮ ਹੁੰਦੀ ਖੰਘ ਤੇ ਬੁਖਾਰ ਏ।
ਪੂਰਾ ਬਣਦਾ ਨਹੀਂ ਖ਼ੂਨ, ਵਧਣ ਰੋਗ ਦਿਨ ਦੂਣ ਦੂਜ, ਰੋਗੀ ਭੋਗਦੇ ਨੇ ਜੂਨ, ਹੁੰਦੇ ਟੀ.ਬੀ. ਦੇ ਸ਼ਿਕਾਰ ਏ।
ਕਰਨ ਨਿੱਤ ਖਊਂ-ਖਊਂ, ਨੱਕ ਕਰੇ ਸੂੰ ਸੂੰ, ਖਾਣ ਪੁੜੀ ਭਉਂ ਚਉਂ, ਕੀਤਾ ਦੂਸ਼ਨ ਲਚਾਰ ਏ।
ਧੂੰਆਂ ਅੱਖੀਆਂ ਵਿਚ ਪਵੇ, ਏਹ ਤਾਂ ਡੇਲਿਆਂ ਨੂੰ ਲਵੇ, ਕਦੀ ਉੱਠੇ ਕਦੀ ਬਵ੍ਹੇ, ਕਿੱਦਾਂ ਹੋਊਗਾ ਸੁਧਾਰ ਏ

(੬)

ਹਵਾ ਵਿਚ ਘੁਲੇ ਜ਼ਹਿਰ, ਕਿਤੇ ਕਰੇ ਨਾ ਇਹ ਕਹਿਰ, ਹੋਣੀ ਕਿਸੇ ਦੀ ਨਹੀਂ ਖ਼ੈਰ, ਏਸ ਗੱਲ ਨੂੰ ਵਿਚਾਰਿਓ।
ਕਰੋ ਧੂੰਏ ਦਾ ਉਪਾ, ਸਾਫ ਰੱਖਿਉ ਹਵਾ, ਕਿਤੇ ਪਵੇ ਨਾ ਦਬਾ, ਵੇਖੋ ਹਿੰਮਤ ਨਾ ਹਾਰਿਉਂ।
ਇਹ ਹੈ ਇਕ ਦੀ ਨਈਂ ਕਾਰ, ਸਾਫ ਰੱਖੋ ਘਰ ਬਾਰ, ਫੇਰ ਕਰੋਗੇ ਬਹਾਰ ਬੇੜੇ ਡੁੱਬਦੇ ਨੂੰ ਤਾਰਿਓ।
ਸਭ ਸਮਝੋ ਫਰਜ਼, 'ਚੀਮਾ' ਸਭ ਦੀ ਗਰਜ਼ ਖਤਮ ਹੋਵੇਗੀ ਮਰਜ਼ ਤੇ ਭਵਿੱਖ ਨੂੰ ਸਵਾਰਿਓ।

ਪਿੰਡ ਭੁਲੋਵਾਲ, ਤਹਿ: ਸੁਲਤਾਨਪੁਰ ਲੋਧੀ
ਜ਼ਿਲ੍ਹਾ ਕਪੂਰਥਲਾ



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Singh & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

*Sister Concern :*

**M/s Kartar Singh**
**ARMS & AMMUNITION DEALERS**



Namdhari Elibrary NamdhariElibrary@gmail.com

ਪੁਰਾਤਨ ਅਤੇ ਅਜੋਕੀ ਜੀਵਨ ਸ਼ੈਲੀ

# ਕਿਤਨਾ ਬਦਲ ਗਿਆ ਇਨਸਾਨ !

*—ਮਲਕੀਤ ਮੀਤ*

ਪੁਰਾਣੇ ਸਮਿਆਂ 'ਚ ਮਨੁੱਖ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ ਤੇ ਨਾ ਹੀ ਉਸ ਕੋਲ ਜੀਵਨ ਦੀਆਂ ਬਹੁਤੀਆਂ ਸੁੱਖ-ਸਹੂਲਤਾਂ ਸਨ, ਪਰ ਤੰਗੀਆਂ -ਤੁਰਸ਼ੀਆਂ ਅਤੇ ਥੁੜਾਂ ਦੇ ਬਾਵਜੂਦ ਉਸ ਦੇ ਪੱਲੇ ਸਬਰ-ਸੰਤੋਖ, ਦੀਨ-ਈਮਾਨ ਅਤੇ ਇਖ਼ਲਾਕ ਹੁੰਦਾ ਸੀ। ਉਹ ਕੱਚੇ ਢਾਰਿਆਂ 'ਚ ਰਹਿੰਦਾ ਹੋਇਆ, ਢੱਗਿਆਂ ਨਾਲ ਖੇਤੀ ਕਰਦਾ ਹੋਇਆ ਅਤੇ ਖੱਦਰ ਪਹਿਨਦਾ ਹੋਇਆ ਵੀ ਬੜਾ ਖੁਸ਼ ਅਤੇ ਪ੍ਰਸੰਨ ਹੁੰਦਾ ਸੀ। ਪਰ ਅਜੋਕੇ ਉੱਚ-ਸਿੱਖਿਆ ਪ੍ਰਾਪਤ ਮਨੁੱਖ ਦੀ ਜ਼ਿੰਦਗੀ ਵਿਚ ਸਬਰ-ਸੰਤੋਖ, ਦੀਨ-ਈਮਾਨ ਤੇ ਇਖ਼ਲਾਕ ਦੀ ਬੜੀ ਘਾਟ ਨਜ਼ਰ ਆਉਂਦੀ ਹੈ। ਸ਼ਾਇਦ ਇਹੋ ਕਾਰਨ ਹੈ ਕਿ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਇਸ ਯੁੱਗ ਵਿਚ ਜਦੋਂ ਕਿ ਹਰ ਪਾਸੇ ਜੀਵਨ ਦੀਆਂ ਸੁੱਖ-ਸਹੂਲਤਾਂ ਦੇ ਅੰਬਾਰ ਲੱਗੇ ਨਜ਼ਰ ਆਉਂਦੇ ਹਨ, ਕੋਠੀਆਂ-ਬੰਗਲੇ, ਕਾਰਾਂ-ਮੋਟਰਾਂ ਅਤੇ ਧਨ-ਦੌਲਤ ਆਦਿ ਸਭ ਕੁਝ ਦੇ ਹੁੰਦਿਆਂ-ਸੁੰਦਿਆਂ ਵੀ ਅਜੋਕਾ ਮਨੁੱਖ ਸੁਖੀ ਨਹੀਂ ਹੈ। ਉਹ ਬੜਾ ਅਸੰਤੁਸ਼ਟ, ਖਿਝਿਆ-ਖਿਝਿਆ ਅਤੇ ਉਦਾਸ ਨਜ਼ਰ ਆਉਂਦਾ ਹੈ ਤੇ ਉਹਦੇ ਚਿਹਰੇ 'ਤੋਂ ਰੌਣਕ ਖੰਭ ਲਾ ਕੇ ਉੱਡ ਗਈ ਹੈ।

ਪੁਰਾਤਨ ਮਨੁੱਖ ਸਬਰ-ਸੰਤੋਖ ਵਾਲਾ ਹੋਣ ਕਾਰਨ ਥੋੜ੍ਹੀ ਨਾਲ ਗੁਜ਼ਾਰਾ ਕਰਕੇ ਵੀ ਟਿੱਚਰਾਂ-ਮਸਖਰੀਆਂ ਕਰਦਾ ਤੇ ਢੋਲੇ ਲਾਉਂਦਾ ਬੜੀ ਸੁਖੀ ਅਤੇ ਸੰਤੁਸ਼ਟ ਜ਼ਿੰਦਗੀ ਜਿਉਂਦਾ ਸੀ। ਪਰ ਅਜੋਕਾ ਮਨੁੱਖ ਸਬਰ-ਸੰਤੋਖ ਦੀ ਘਾਟ ਕਾਰਨ ਆਪਣੀਆਂ ਸਫਲਤਾਵਾਂ ਅਤੇ ਪ੍ਰਾਪਤੀਆਂ ਦੀ ਵੀ ਖੁਸ਼ੀ ਮਾਨਣ ਤੋਂ ਵਾਂਝਾ ਹੀ ਰਹਿ ਜਾਂਦਾ ਹੈ ਕਿਉਂਕਿ ਉਹ ਆਪਣੀ ਹੋਂਦ ਨੂੰ ਹਮੇਸ਼ਾ ਆਪਣੇ ਤੋਂ ਉੱਚੇ ਲੋਕਾਂ ਨਾਲ ਤੁਲਨਾ ਕਰਕੇ ਮਾਪਦਾ ਹੈ ਤੇ ਫਿਰ ਉਨ੍ਹਾਂ ਨੂੰ ਆਪਣੇ ਨਾਲੋਂ ਅੱਗੇ ਖਲੋਤਿਆਂ ਵੇਖ ਕੇ ਦੁਖੀ ਅਤੇ ਪਰੇਸ਼ਾਨ ਹੁੰਦਾ ਰਹਿੰਦਾ ਹੈ। ਉਸ ਨੂੰ ਆਪਣੇ ਕੋਲ ਮੌਜੂਦ ਵਸਤਾਂ ਨਜ਼ਰ ਹੀ ਨਹੀਂ ਆਉਂਦੀਆਂ, ਉਹ ਹਮੇਸ਼ਾ ਦੂਸਰਿਆਂ ਵੱਲ ਵੇਖ ਕੇ ਜਲਦਾ ਰਹਿੰਦਾ ਹੈ। ਆਦਮੀ ਦੀ ਆਦਮੀ ਪ੍ਰਤੀ ਈਰਖਾ, ਸਾੜਾ ਤੇ ਜਲਣ ਹੀ ਅਜੋਕੇ ਦੌਰ ਦਾ ਵੱਡਾ ਦੁਖਾਂਤ ਹੈ। ਬਾਕੌਲ ਸ਼ਾਇਰ:

'ਸ਼ਹਿਰ ਜਲਨੇ ਕਾ ਏਕ ਯਿਹ ਭੀ ਹੈ ਸਬੱਬ,
ਕਿ ਆਦਮੀ, ਆਦਮੀ ਸੇ ਜਲਤਾ ਹੈ'

ਪੁਰਾਤਨ ਮਨੁੱਖ ਜਿੱਥੇ ਸਹਿਜਤਾ, ਸਾਦਗੀ, ਸੱਚਾਈ ਤੇ ਸ਼ਰਾਫਤ ਵਰਗੇ ਗੁਣਾਂ ਦਾ ਧਾਰਣੀ ਸੀ ਉਥੇ ਅਜੋਕੇ ਮਨੁੱਖ ਨੇ ਧੋਖਾ, ਠੱਗੀ, ਲਾਲਸਾ, ਬੇਈਮਨੀ ਅਤੇ ਝੂਠ-ਫਰੇਬ ਸਿੱਖ ਲਿਆ ਹੈ। ਉਹ ਸਭ ਸਮਾਜਕ, ਸੱਭਿਆਚਾਰਕ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇਈ ਦਾ ਰਿਹਾ ਹੈ। ਉਹ ਹੁਣ ਸਿੱਧਾ-ਸਪੱਸ਼ਟ ਅਤੇ ਸਾਫ਼ ਦਿਲ ਨਹੀਂ ਰਿਹਾ। ਉਹ ਅੰਦਰੋਂ ਕੁਝ ਹੋਰ ਤੇ ਬਾਹਰੋਂ ਹੋਰ, ਪਲ-ਪਲ ਗਿਰਗਟ ਵਾਂਗ ਰੰਗ ਬਦਲਣੇ ਸਿੱਖ ਗਿਆ ਹੈ। ਕੋਝੀਆਂ ਚਾਲਾਂ ਅਤੇ ਪੈਂਤੜੇਬਾਜ਼ੀਆਂ ਦੇ ਉਹ ਸਾਰੇ ਗੁਰ ਜਾਣਦਾ ਹੈ। ਉਹ ਹੋਰਾਂ ਨੂੰ ਤਰੱਕੀ ਕਰਦਿਆਂ ਵੇਖ ਕੇ, ਖੁਦ ਵੀ ਮਿਹਨਤ ਕਰਕੇ ਤਰੱਕੀ ਕਰਨ ਦੀ ਨਹੀਂ ਸੋਚਦਾ ਸਗੋਂ ਦੂਜਿਆਂ ਦੀਆਂ ਲੱਤਾਂ ਫੜ-ਫੜ ਪਿੱਛੇ ਖਿੱਚਣ ਦੀ ਚੂਹਾ ਦੌੜ 'ਚ ਲੱਗਿਆ ਰਹਿੰਦਾ ਹੈ। ਆਪਣੇ ਸਮਕਾਲੀਆਂ ਨੂੰ ਠਿੱਬੀ ਲਾਉਣ ਦੀ ਤਾਕ 'ਚ ਹਰ ਵਕਤ ਆਪਣੇ ਮਨ-ਹੀ ਮਨ 'ਚ ਤਰ੍ਹਾਂ-ਤਰ੍ਹਾਂ ਦੇ ਮਨਸੂਬੇ ਬਣਾਉਂਦਾ ਰਹਿੰਦਾ ਹੈ। ਦਿਨ-ਭਰ ਕਿੰਨੀਆਂ ਹੀ ਡਰਾਮੇਬਾਜ਼ੀਆਂ ਅਤੇ ਸ਼ੋਸ਼ੇਬਾਜ਼ੀਆਂ ਕਰਦਾ, ਦੂਸਰਿਆਂ ਨੂੰ ਬੁੱਧੂ ਬਣਾ ਕੇ ਆਪਣਾ ਉੱਲੂ ਸਿੱਧਾ ਰੱਖਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਪਤਾ ਨਹੀਂ ਕੀ-ਕੀ ਘਾੜਤਾਂ ਘੜਦਾ, ਕਦੀ ਬਣਾਉਂਦਾ ਕਦੀ ਢਾਉਂਦਾ ਕਦੇ ਨਾ ਪੂਰੇ ਹੋਣ ਵਾਲੇ ਸੁਪਨੇ ਦੇਖਦਾ ਰਹਿੰਦਾ ਹ ।

ਪ੍ਰੇਮ-ਪਿਆਰ, ਦਇਆ ਅਤੇ ਰਹਿਮ-ਦਿਲੀ ਵਰਗੇ ਜਜ਼ਬਿਆਂ ਦੇ ਸਦਕਾ ਹੀ ਮਨੁੱਖ, ਇਨਸਾਨ ਕਹਾਉਣ ਦਾ ਹੱਕ ਰੱਖਦਾ ਹੈ, ਪਰ ਅਜੋਕੇ ਮਨੁੱਖ ਦੀ ਜ਼ਿੰਦਗੀ 'ਚੋਂ ਇਹ ਜਜ਼ਬੇ ਲਗਾਤਾਰ ਘਟਦੇ ਜਾ ਰਹੇ ਹਨ। ਅੱਜ ਆਪਣੇ ਆਸ-ਪਾਸ ਹੁੰਦੀਆਂ ਦੁਰਘਟਨਾਵਾਂ ਨੂੰ ਦੇਖ ਕੇ ਅਜੋਕੇ ਮਨੁੱਖ ਦਾ ਦਿਲ ਦਰਦ ਨਾਲ ਪਸੀਜਦਾ ਨਹੀਂ, ਸਗੋਂ ਉਹ 'ਆਪਾਂ ਨੂੰ ਕੀ' ਕਹਿ ਕੇ ਅਣਗੌਲਿਆ ਕਰ ਛੱਡਦਾ ਹੈ।

ਪੁਰਾਤਨ ਮਨੁੱਖ ਸਹਿਜਤਾ, ਸਹਿਣਸ਼ੀਲਤਾ ਅਤੇ ਠਰੰਮੇ ਵਰਗੇ ਗੁਣਾਂ ਕਾਰਨ ਵੱਡੀਆਂ-ਵੱਡੀਆਂ ਮੁਸ਼ਕਿਲਾਂ-ਔਕੜਾਂ ਨਾਲ ਵੀ ਸਹਿਜੇ ਅਤੇ ਆਸਾਨੀ ਨਾਲ ਨਜਿੱਠ ਲੈਂਦਾ ਸੀ। ਤੇ ਛੋਟੀਆਂ-ਮੋਟੀਆਂ ਗੱਲਾਂ ਨੂੰ ਹਾਸੇ-ਠੱਠੇ 'ਚ ਟਾਲ ਕੇ ਹਰ


Namdhari Elibrary NamdhariElibrary@gmail.com

ਹਾਲਤ ਸਮਝੌਤਾ ਕਰ ਲੈਂਦਾ ਸੀ। ਉਥੇ ਅਜੋਕਾ ਮਨੁੱਖ ਨਿੱਕੀ-ਨਿੱਕੀ ਗੱਲ 'ਤੇ ਖਹਿਬੜਨ ਬਹਿ ਜਾਂਦਾ ਹੈ। ਉਹ ਆਪਣੇ ਆਪ ਨੂੰ ਨਾਢੂ ਖਾਂ ਸਮਝ ਕੇ ਹੈਂਕੜਬਾਜ਼ੀ 'ਚ ਸਮਝੌਤਾ ਕਰਨ ਲਈ ਤਿਆਰ ਨਹੀਂ ਹੁੰਦਾ। ਉਹ ਹਮੇਸ਼ਾ ਦੂਸਰਿਆਂ ਦੇ ਗੁਣਾਂ ਅਤੇ ਆਪਣੇ ਔਗਣਾ ਨੂੰ ਨਜ਼ਰ ਅੰਦਾਜ਼ ਕਰੀ ਰੱਖਦਾ ਹੈ। ਉਹ ਹਰ ਹਾਲਤ ਦੂਸਰਿਆਂ ਉੱਪਰ ਭਾਰੂ ਰਹਿਣਾ ਲੋਚਦਾ ਹੈ। ਆਪਣੀ ਚੌਧਰ ਦੀ ਧਾਂਕ ਜਮਾਈ ਰੱਖਣ ਲਈ ਉਹ ਕਿੰਨੀਆਂ ਘਟੀਆਂ ਅਤੇ ਬੇ-ਹੂਦਾ ਚਾਲਾਂ ਚੱਲਣ ਅਤੇ ਤਰ੍ਹਾਂ-ਤਰ੍ਹਾਂ ਦੇ ਹੱਥ ਕੰਡੇ ਵਰਤਨ 'ਚ ਹਰ ਵਕਤ ਬੁਰੀ ਤਰ੍ਹਾਂ ਉਲਝਿਆ ਰਹਿੰਦਾ ਹੈ।

ਪੁਰਾਤਨ ਮਨੁੱਖ ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਕੇ ਹੱਕ-ਹਲਾਲ ਦੀ ਰੋਟੀ ਖਾਣੀ-ਪਸੰਦ ਕਰਦਾ ਸੀ। ਪਰਾਇਆ ਹੱਕ ਖਾਣ ਨੂੰ ਉਹ ਘਟੀਆਪੁਣਾ ਅਤੇ ਪਾਪ ਮੰਨਦਾ ਸੀ। ਹਿੰਮਤ, ਮਿਹਨਤ, ਸਿਰੜ ਅਤੇ ਲਗਨ ਨਾਲ ਕੰਮ ਕਰਨ ਨੂੰ ਉਹ ਆਪਣਾ ਧਰਮ ਸਮਝਦਾ ਸੀ। ਪਰ ਅਜੋਕਾ ਮਨੁੱਖ ਹੇਰਾ-ਫੇਰੀਆਂ, ਚਲਾਕੀਆਂ ਅਤੇ ਢਕਵੰਜਬਾਜ਼ੀਆਂ ਕਰ ਕੇ ਪੈਸਾ ਕਮਾਉਣ ਨੂੰ ਤਰਜੀਹ ਦੇਣ ਲੱਗ ਪਿਆ ਹੈ। ਦਸਾਂ ਨਹੁੰਆਂ ਦੀ ਕਿਰਤ-ਕਮਾਈ ਉਸਨੂੰ ਚੰਗੀ ਲੱਗਣੋ ਹਟ ਗਈ ਹੈ। ਕੰਮ-ਧੰਦਾ ਕਰਨ ਨੂੰ ਉਸ ਦੀ ਵੱਢੀ ਰੂਹ ਨਹੀਂ ਕਰਦੀ। ਉਹ ਕੁਰਸੀ ਉੱਪਰ ਬੈਠ ਕੇ ਹੁਕਮਰਾਨੀ ਕਰਨੀ ਚਹੁੰਦਾ ਹੈ।

ਪੁਰਾਤਨ ਮਨੁੱਖ ਆਪਣੀਆਂ ਇੱਛਾਵਾਂ ਅਤੇ ਲਾਲਸਾਵਾਂ ਨੂੰ ਸੀਮਤ ਅਤੇ ਕਾਬੂ ਵਿਚ ਰੱਖਦਾ ਸੀ। ਉਹ ਆਪਣੀ ਲੋੜ ਅਤੇ ਸਮਰੱਥਾ ਮੁਤਾਬਿਕ ਖ਼ਾਹਿਸ਼ਾਂ ਦੀ ਪੂਰਤੀ ਕਰ ਦੇ ਬੜੇ ਸਲੀਕੇ ਨਾਲ ਸਹਿਜ ਅਤੇ ਸਧਾਰਨ ਜ਼ਿੰਗਦੀ ਜਿਉਣ ਦੀ ਜਾਚ ਜਾਣਦਾ ਸੀ। ਪਰ ਅਜੋਕਾ ਮਨੁੱਖ ਝੂਠੀ ਸ਼ਾਨੋ-ਸ਼ੌਕਤ ਬਾਹਰੀ ਲਿਸ਼ਕ-ਪੁਸ਼ਕ ਅਤੇ ਬਨਾਉਟੀ ਸਜਾਵਟ ਨਾਲ ਸ਼ਿੰਗਾਰੀ ਜ਼ਿੰਦਗੀ ਜਿਉਣ ਦਾ ਆਦੀ ਹੋ ਚੁੱਕਾ ਹੈ। ਉਹ ਅੱਜ ਵਸਤਾਂ ਦੀ ਖਰੀਦ ਆਪਣੀ ਲੋੜ ਅਤੇ ਸਮਰੱਥਾ ਨੂੰ ਮੁੱਖ-ਰੱਖ ਕੇ ਨਹੀਂ ਕਰਦਾ, ਸਗੋਂ ਆਪਣੇ-ਆਪ ਨੂੰ 'ਹਾਈ ਸਟੇਟਸ' ਵਾਲਾ ਦਰਸਾਉਣ ਅਤੇ ਦੂਸਰਿਆਂ ਨੂੰ ਮੁਕਾਬਲੇ 'ਚ ਪਛਾੜ ਦੇਣ ਦੀ ਨੀਤੀ ਨੂੰ ਮੁੱਖ ਰੱਖ ਕੇ ਕਰਦਾ ਹੈ। ਇੱਕ ਗੁਆਂਢੀ ਜਦ ਸਕੂਟਰ ਖਰੀਦਦਾ ਹੈ ਤਾਂ ਦੂਸਰੇ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ, ਉਹ ਸੋਚਦੈ ਕਿ ਮੇਰੇ ਜੀਣ ਦਾ ਹੱਜ ਤਾਂ ਫੇਰ ਹੀ ਹੈ ਜੇ ਮੈਂ ਇਸਨੂੰ (ਗੁਆਂਢੀ ਨੂੰ) ਕਾਰ ਖ਼ਰੀਦ ਕੇ ਦਿਖਾਵਾਂ। ਕਾਰ ਦੀ ਉਸ ਨੂੰ ਕੋਈ ਲੋੜ ਹੋਵੇ, ਕਾਰ ਖਰੀਦਣ ਲਈ ਪੂਰੇ ਪੈਸੇ ਕੋਲ ਹੋਣ ਜਾਂ ਨਾ ਹੋਣ ਉਹ ਹਰ ਹੀਲਾ-ਵਸੀਲਾ ਕਰਕੇ, ਪੈਸੇ ਵਿਆਜ 'ਤੇ ਚੁੱਕ ਕੇ ਕਾਰ ਜ਼ਰੂਰ ਖ਼ਰੀਦੇਗਾ। ਅਜੋਕਾ ਮਨੁੱਖ ਢਿੱਡੋਂ ਭੁੱਖਾ ਤਾਂ ਰਹਿ ਸਕਦਾ ਹੈ ਪਰ ਦਿਖਾਵੇਂ 'ਚ ਦੂਸਰਿਆਂ ਤੋਂ ਪਿੱਛੇ ਰਹਿਣਾ ਉਹਨੂੰ ਗਵਾਰਾ ਨਹੀਂ। ਕੀਮਤੀ-ਕੀਮਤੀ ਏ. ਸੀ. ਗੱਡੀਆਂ ਅਤੇ ਮੋਬਾਇਲ ਫੋਨ ਅੱਜ 'ਸਟੇਟਸ' ਸਿੰਬਲ ਸਮਝੇ ਜਾਣ ਲੱਗੇ ਹਨ। ਇਉਂ ਦਿਖਾਵੇ ਅਤੇ ਦੂਸਰਿਆਂ ਤੋਂ ਅੱਗੇ ਲੰਘਣ ਦੀ ਅਨ੍ਹੀ ਦੌੜ 'ਚ ਹਫ਼ਦਾ-ਦੌੜਦਾ ਅਜੋਕਾ ਮਨੁੱਖ ਤਰਲੋ-ਮੱਛੀ ਹੋਇਆ ਫਿਰਦਾ ਹੈ।

ਪੁਰਾਤਨ ਮਨੁੱਖ ਅਣਖ-ਇੱਜ਼ਤ ਨਾਲ ਧੌਣ ਉੱਚੀ ਕਰਕੇ ਜ਼ਿੰਦਗੀ ਜਿਉਂਦਾ ਸੀ। ਉਹ ਕੋਈ ਵੀ ਗ਼ੈਰ ਸੱਭਿਅਕ ਕੰਮ ਕਰਨ ਤੋਂ ਬੜੀ ਸ਼ਰਮ ਮੰਨਦਾ ਸੀ। ਜੇ ਕੋਈ ਭੁੱਲ-ਭੁਲੇਖੇ ਅਜਿਹੀ ਖੁਨਾਮੀ ਕਰ ਬੈਠਦਾ ਜਿਹੜੀ ਸਭਿਆਚਾਰਕ ਮਾਣ-ਮਰਿਯਾਦਾ ਦੇ ਖਿਲਾਫ ਹੁੰਦੀ ਤਾਂ ਉਸ ਨੂੰ 'ਪਾਣੀ 'ਚ ਨੱਕ ਡੁਬੋ ਕੇ ਡੁੱਬ ਮਰ' ਵਰਗੇ ਤਾਨੇ-ਮਿਹਣੇ ਲੋਕਾਂ ਤੋਂ ਸੁਣਨੇ ਪੈਂਦੇ ਜਿਨ੍ਹਾਂ ਨਾਲ ਉਹ ਧਰਤੀ 'ਚ ਨਿੱਘਰਣ ਵਾਲਾ ਹੋ ਜਾਂਦਾ। ਪਰ ਅਜੋਕਾ ਮਨੁੱਖ ਸ਼ਰਮੋ-ਹਯਾ ਨੂੰ ਛਿੱਕੇ ਟੰਗ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਪੈਰਾਂ ਹੇਠ ਲਤਾੜਦਾ ਹੋਇਆ ਕੋਈ ਵੀ ਅਜਿਹਾ ਕੰਮ ਕਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ ਜਿਸ ਨਾਲ ਧਨ ਪ੍ਰਾਪਤੀ ਜਾਂ ਉਸਦੀ ਹਉਮੈ ਨੂੰ, ਝੂਠੀ ਸ਼ੋਹਰਤ ਨੂੰ ਪੱਠੇ ਪੈਂਦੇ ਹੋਣ। ਅੱਜ ਫਿਲਮੀ ਜਾਂ ਗਾਇਕੀ ਦੇ ਖੇਤਰ ਵਿਚ ਅਜਿਹੇ ਲੋਕਾਂ ਦੀ ਘਾਟ ਨਹੀਂ ਜਿਹੜੇ ਬੇਇਜ਼ਤੀ ਅਤੇ ਬਦਨਾਮੀ ਨੂੰ ਵੀ ਸ਼ੋਹਰਤ ਅਤੇ ਮਸ਼ਹੂਰੀ ਹੀ ਸਮਝਣ ਲੱਗ ਪਏ ਹਨ ਤੇ ਉਹ ਕਹਿੰਦੇ ਫਿਰਦੇ ਹਨ:

'ਹਮ ਤਾਲਬਿ ਸ਼ੋਹਰਤ ਹੈਂ ਹਮੇਂ ਸ਼ਰਮ ਸੇ ਕਿਆ ਕਾਮ
ਬਦਨਾਮ ਅਗਰ ਹੋਂਗੇ ਤੋ ਕਿਆ ਨਾਮ ਨਾ ਹੋਗਾ ?'

ਹੈਰਾਨੀ ਹੁੰਦੀ ਹੈ ਕਿ ਅਜੋਕਾ ਮਨੁੱਖ ਉੱਚ ਸਿੱਖਿਆ ਪ੍ਰਾਪਤ ਕਰਕੇ ਵੀ ਪੁਰਾਤਨ ਅਣਪੜ੍ਹ ਮਨੁੱਖ ਨਾਲੋਂ ਨੈਤਿਕਤਾ ਪੱਖੋਂ ਗਿਆ ਗੁਜ਼ਰਿਆ ਕਿਉਂ ਹੈ ? ਇਕ ਪਾਸੇ ਤਾਂ ਵਿਗਿਆਨਕ ਖੇਤਰ ਵਿਚ ਬੇ-ਇੰਤਹਾ ਤਰੱਕੀ ਹੋ ਰਹੀ ਹੈ ਦੂਸਰੇ ਪਾਸੇ ਇਨਸਾਨ ਇਖ਼ਲਾਕੀ ਪੱਖ ਤੋਂ ਦਿਨ-ਬਦਿਨ ਗਿਰਦਾ ਹੀ ਕਿਉਂ ਜਾ ਰਿਹਾ ਹੈ ? ਉਸਦੀ ਸੋਚ ਇਤਨੀ ਬੌਣੀ ਅਤੇ ਗ਼ੈਰ-ਮਨੁੱਖੀ ਕਿਉਂ ਹੋ ਰਹੀ ਹੈ ? ਅੱਜ ਇਨਸਾਨ ਦੇ ਅੰਦਰਲੀ ਸ਼ੈਤਾਨੀਅਤ ਏਨੀ ਭਾਰੂ ਹੁੰਦੀ ਜਾ ਰਹੀ ਹੈ। ਕਿ ਉਹ ਜੰਗਲੀ ਜਾਨਵਰਾਂ ਤੋਂ ਵੀ ਬਦਤਰ ਹੁੰਦਾ ਜਾ ਰਿਹਾ ਹੈ। ਅਜੋਕੇ ਮਨੁੱਖ ਦੇ ਇਸ ਵਰਤਾਰੇ 'ਤੇ ਨਜ਼ਰ ਮਾਰਦਿਆਂ ਮਰਹੂਮ ਪ੍ਰਦੀਪ ਕੁਮਾਰ ਦੇ ਬੜੇ ਪੁਰਾਣੇ ਗੀਤ ਦੇ ਉਹ ਬੋਲ ਯਾਦ ਆਉਂਦੇ ਹਨ ਕਿ :

'ਦੇਖ ਤੇਰੇ ਸੰਸਾਰ ਕੀ ਹਾਲਤ ਕਿਆ ਹੋ ਗਈ ਭਗਵਾਨ।
ਕਿਤਨਾ ਬਦਲ ਗਿਆ ਇਨਸਾਨ,
ਕਿਤਨਾ ਬਦਲ ਗਿਆ ਇਨਸਾਨ!

*ਪ੍ਰਧਾਨ ਬਾਬਾ ਬੁੱਲ੍ਹੇ ਸ਼ਾਹ ਸਾਹਿਤ ਸਭਾ,*
*ਮੰਡੀ ਕਲਾਂ, (ਬਠਿੰਡਾ)*


Namdhari Elibrary NamdhariElibrary@gmail.com

# ਸਿਤਾਰ ਸਾਜ਼ ਦਾ ਭਗਤੀ, ਗੁਰਮਤ ਸੰਗੀਤ ਵਿਚ ਸਥਾਨ

—ਗੌਰੀ

*ਲੈਕਚਰਾਰ ਬੀ.ਐਲ.ਐਮ. ਗਰਲਜ਼ ਕਾਲਜ, ਨਵਾਂ ਸ਼ਹਿਰ*

**ਸਿਤਾਰ ਸਾਜ਼, ਭੂਮਿਕਾ ਅਤੇ ਸਥਾਨ**—ਸਾਜ਼ ਦਾ ਸੰਗੀਤ ਵਿੱਚ ਆਪਣਾ-ਮਹੱਤਵ ਹੈ, ਪ੍ਰੰਤੂ ਸੰਗੀਤ ਦੇ ਵਿਕਾਸ ਵਿਚ ਤੰਤੀ ਸਾਜ਼ਾਂ ਦਾ ਉਪਯੋਗ ਬਹੁਤ ਮਹੱਤਵਪੂਰਣ ਮੰਨਿਆ ਗਿਆ ਹੈ। ਸੁਰ ਸਥਾਨ, ਸੁਰ ਸਪਤਕ, ਸੁਰ ਸੰਵਾਦ, ਗਮਕ ਕ੍ਰਿਆ, ਕ੍ਰਿਤਨ ਆਦਿ ਦਾ ਉਦਭਵ ਅਤੇ ਗਿਆਨ, ਤੰਤੀ ਸਾਜ਼ਾਂ ਦੀ ਸਹਾਇਤਾ ਨਾਲ ਹੀ ਹੋ ਸਕਦਾ ਹੈ।

ਸੰਗੀਤ ਦੇ ਵਿਕਾਸ ਵਿੱਤ ਤੰਤੀ ਸਾਜ਼ਾਂ ਦੇ ਅੰਤਰਗਤ ਸਿਤਾਰ ਦਾ ਮਹੱਤਵਪੂਰਨ ਸਥਾਨ ਹੈ। ਅੱਜ ਦੇ ਸੰਦਰਭ ਵਿਚ ਸਿਤਾਰ ਦਾ ਪ੍ਰਚਾਰ ਅਤੇ ਪਰਿਸਾਰ ਦਾ ਖੇਤਰ ਏਨਾ ਵਿਆਪਕ ਹੈ ਕਿ ਧਾਰਮਿਕ ਸਥਾਨਾਂ, ਵੱਖ-ਵੱਖ ਸਮਾਰੋਹਾਂ, ਰੰਗ ਮੰਚ, ਰੇਡੀਓ, ਦੂਰਦਰਸ਼ਨ, ਫਿਲਮਾਂ ਆਦਿ ਦੇ ਹਰ ਇਕ ਪ੍ਰੋਗਰਾਮ ਵਿਚ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ। ਸਿਤਾਰ ਦੀ ਲੋਕ ਪ੍ਰਿਯਤਾ ਦਾ ਅਨੁਮਾਨ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਇਸ ਨੇ ਭਾਰਤੀ ਸ਼ਾਸਤ੍ਰੀ ਸੰਗੀਤ ਦੇ ਨਾਲ-ਨਾਲ ਪੱਛਮੀ ਸੰਗੀਤ ਵਿੱਚ ਵੀ ਆਪਣਾ ਸਥਾਨ ਬਣਾ ਲਿਆ ਹੈ।

ਸਿਤਾਰ ਸਾਜ਼ ਨੂੰ ਜੋ ਮਹੱਤਵ ਅੱਜ ਪ੍ਰਾਪਤ ਹੈ, ਉਸ ਦੇ ਪਿੱਛੇ ਸਵ. ਉਸਤਾਦ ਇਨਾਇਤ ਖਾਂ, ਉਸਤਾਦ ਵਲਾਇਤ ਖਾਂ, ਪੰਡਿਤ ਰਵੀ ਸ਼ੰਕਰ, ਪੰ. ਨਿਖਿਲ ਬੈਨਰਜੀ, ਉਸਤਾਦ ਰਈਸ ਖਾਂ ਅਤੇ ਉਸਤਾਦ ਅਬਦੁਲ ਹਲੀਮ ਜਾਫਰ ਖਾਂ ਵਰਗੇ ਮਹਾਨ ਕਲਾਕਾਰਾਂ ਦਾ ਯੋਗਦਾਨ ਹੈ। ਇਨ੍ਹਾਂ ਸਭ ਦੇ ਯੋਗਦਾਨ ਨੂੰ ਹਮੇਸ਼ਾਂ ਸੁਨਹਿਰੇ ਅਖਰਾਂ ਵਿੱਚ ਲਿਖਿਆ ਜਾਵੇਗਾ। ਇਨ੍ਹਾਂ ਮਹਾਨ ਕਲਾਕਾਰਾਂ ਨੇ ਆਪਣੀ ਕਠਿਨ ਸਾਧਨਾਂ ਦੇ ਬਲ ਤੇ ਸੰਗੀਤ ਦੇ ਮਧੁਰ ਖੇਤਰ ਨੂੰ ਵਿਕਸਿਤ ਕਰਕੇ ਸਿਤਾਰ ਸਾਜ਼ ਨੂੰ ਮਹੱਤਵਪੂਰਨ ਸਥਾਨ ਦਵਾਇਆ ਹੈ।

ਵਰਤਮਾਨ ਕਾਲ ਵਿੱਚ ਸਿਤਾਰ ਦਾ ਜ਼ਿਆਦਾ ਮਹੱਤਵ ਕਿਉਂ ਹੈ, ਇਸਦੇ ਅਨੇਕ ਕਾਰਣ ਸਾਹਮਣੇ ਆਉਂਦੇ ਹਨ। ਸਭ ਤੋਂ ਮਹੱਤਵਪੂਰਨ ਪਹਿਲੂ ਹੈ, ਇਸ ਸਾਜ਼ ਦੀਆਂ ਨਿੱਜੀ ਵਿਸ਼ੇਸ਼ਤਾਵਾਂ। ਭਾਵੇਂ ਉਹ ਤੰਤਰਕਾਰੀ ਅੰਗ ਹੋਵੇ, ਗਾਇਕੀ ਅੰਗ ਹੋਵੇ, ਲੋਕ ਸੰਗੀਤ ਹੋਵੇ ਜਾ ਪੱਛਮੀ ਸੰਗੀਤ, ਵਰਿੰਦ ਵਾਦਨ ਹੋਵੇ ਜਾਂ ਏਕਲ ਵਾਦਨ ਹੋਵੇ, ਇਨਾਂ ਸਭ ਵਿਚ ਕਲਾਕਾਰਾਂ ਨੇ ਅਲਗ-ਅਲਗ ਢੰਗ ਨਾਲ ਇਸ ਸਾਜ਼ ਦਾ ਪ੍ਰਯੋਗ ਕੀਤਾ ਹੈ। ਵਾਸਤਵ ਵਿਚ ਇਹ ਸਾਜ਼ ਸਭ ਤਰ੍ਹਾਂ ਦੀਆਂ ਸ਼ੈਲੀਆਂ ਦਾ ਸਮਾਵੇਸ਼ ਕਰਕੇ ਪ੍ਰਗਟ ਕਰਨ ਵਿਚ ਸਮਰਥ ਹੈ।

ਇਸ ਸਾਜ਼ ਦੀ ਮਧੁਰ ਧੁਨੀ, ਵਿਸਤ੍ਰਿਤ ਵਾਦਨ ਦੀ ਸਮਰਥਾ, ਗਤਕਾਰੀਆਂ ਦੀ ਗੰਭੀਰਤਾ ਅਤੇ ਚੰਚਲਤਾ ਦੇ ਨਾਲ ਵਿਸ਼ੇਸ਼ ਕਰਕੇ ਆਪਣੇ ਮਿਜ਼ਰਾਬ ਦੇ ਬੋਲ ਅਤੇ ਬੋਲ ਬਣਤਰ ਦੀ ਬੜਤ ਵਿਸਥਾਰ ਹੈ।

ਅੱਜ ਭਾਰਤੀ ਸੰਗੀਤ ਵਿਚ ਸਿਤਾਰ ਦਾ ਬਹੁਤ ਮਹੱਤਵ ਹੈ। ਭਾਰਤੀ ਸੰਗੀਤ ਦਾ ਦਰਸ਼ਨ ਇਸ ਵਾਦ ਦੇ ਨਾਲ ਹੀ ਕੀਤਾ ਜਾ ਸਕਦਾ ਹੈ। ਭਾਰਤੀ ਰਾਗ-ਰਾਗਣੀਆਂ ਅਤੇ ਭਿੰਨ ਤਾਲਾਂ ਦੀ ਲੈਅਕਾਰੀਆਂ ਦਾ ਗਿਆਨ ਸੰਪਾਦਨ, ਸਿਤਾਰ ਵਾਦ ਨੂੰ ਸਿੱਖਣ ਅਤੇ ਸਮਝਣ ਲਈ ਹੀ ਭਾਰਤੀ ਸੰਗੀਤ ਦੀ ਵਿਸ਼ੇਸ਼ਤਾਵਾਂ ਨਾਲ ਪ੍ਰੀਚਿਤ ਕਰਵਾਇਆ ਜਾ ਸਕਦਾ ਹੈ।

ਸਿਤਾਰ, ਵੀਣਾ ਦਾ ਹੀ ਇਕ ਸਰਲ ਅਤੇ ਸੰਸ਼ੋਧਿਤ ਰੂਪ ਹੈ। ਜਿਸ ਨੂੰ ਕੋਈ ਵੀ ਵਿਅਕਤੀ ਵਜਾ ਸਕਦਾ ਹੈ। ਸਿਤਾਰ ਪਰਦਾ ਯੁਕਤ ਸਾਜ਼ ਹੈ, ਜਿਸਦੀਆਂ ਸੁਰਾਂ ਨੂੰ ਵਜਾਉਣ ਵਾਸਤੇ ਕੋਈ ਮੁਸ਼ਕਲ ਨਹੀਂ ਹੁੰਦੀ ਹੈ। ਸਿਤਾਰ ਵਾਦਨ ਵਿਚ ਗਮਕ, ਮੀਂਡ, ਕੰਪਨ, ਝਾਲਾ, ਖਟਕੇ, ਮੁਰਕੀ, ਘਸੀਟ, ਗਿਟਕਰੀ, ਜ਼ਮਜ਼ਮਾ ਆਦਿ ਭਿੰਨ ਕ੍ਰਿਆਵਾਂ ਹਨ, ਰਸ ਦੀ ਅਨੁਭੂਤੀ ਲਈ ਜਿਹਨਾਂ ਨੂੰ ਸਿਤਾਰ ਵਾਦਨ ਕਰਦੇ ਸਮੇਂ ਸਫਲਤਾਪੂਰਵਕ ਕੀਤਾ ਜਾਂਦਾ ਹੈ।

ਸਾਜ਼ ਦਾ ਕਾਰਜ ਖੇਤਰ ਸਵਤੰਤਰ ਵਾਦਨ, ਗੀਤ ਦੀ ਸੰਗਤ, ਨ੍ਰਿਤ ਦਾ ਅਨੁਗਮਨ ਅਤੇ ਗੀਤ-ਨ੍ਰਿਤ ਦੋਨਾਂ ਦੀ ਸੰਗਤ ਕਰਨਾ ਹੈ। ਇਹ ਸਾਰੇ ਕਾਰਜ ਸਿਤਾਰ ਸਾਜ਼ ਦੇ ਪੂਰਨ ਵਾਦਨ ਹੋਣ ਨਾਲ ਇਸ ਨੂੰ ਸਰਵਗੁਣ ਸੰਪਨ ਤੰਤਰ ਵਾਦ ਕਿਹਾ ਗਿਆ ਹੈ।

ਸੰਗੀਤ ਦਾ ਸ਼ਾਸਤਰੀ ਗਿਆਨ ਵਿਸ਼ੇਸ਼ ਪੱਧਤੀ ਨਾਲ ਸੰਜੋਏ ਹੋਏ ਸੁਰਾਂ ਨਾਲ ਉਤਪੰਨ ਹੋਈ ਧੁਨੀ ਦਾ ਉਹ ਰੂਪ ਹੈ ਜਿਸ ਨੂੰ ਸ਼ਾਸਤਰੀ ਸੰਗੀਤ ਕਹਿੰਦੇ ਹਨ। ਸੰਗੀਤ, ਜਿਸ ਵਿਚ ਰਾਗ, ਸੁਰ, ਤਾਲ ਆਦਿ ਦੇ ਲਈ ਕੁਝ ਨਿਯਮ ਅਤੇ ਸਿਧਾਂਤ ਹੁੰਦੇ ਹਨ। ਜਿਸਦੀ ਪਾਲਣਾ ਕਰਕੇ ਅਤੇ ਉਸ ਅਨੁਸਾਰ ਗਾਇਨ ਵਾਦਨ ਕਰਕੇ ਹੀ, ਉਹ ਸ਼ਾਸਤਰੀ ਸੰਗੀਤ ਦੇ ਸੰਬੋਧਨ ਨੂੰ ਪਾ ਲੈਂਦਾ ਹੈ। ਸ਼ਾਸਤਰੀ ਸੰਗੀਤ ਵਿਚ ਸੁਰ, ਤਾਲ ਅਤੇ ਮੁਦਰਾ ਦੀ ਪ੍ਰਸਤੂਤੀ ਨਿਯਮਿਤ ਢੰਗ ਨਾਲ ਹੁੰਦੀ ਹੈ। ਇਨਾਂ ਦੇ ਸੰਚਾਲਨ ਦੀ ਕਿਰਿਆ ਨਿਸ਼ਚਿਤ ਸਿਧਾਂਤ ਤੇ



Namdhari Elibrary NamdhariElibrary@gmail.com

ਹੁੰਦੀ ਹੈ। ਇਸ ਦੇ ਸੰਪਾਦਨ ਵਿਚ ਮੌਲਿਕ ਅਤੇ ਨਿਸ਼ਚਿਤ ਢਾਂਚਾ ਹੁੰਦਾ ਹੈ ਅਤੇ ਉਸੀ ਢਾਂਚੇ ਤੇ ਸੰਗੀਤ ਕਲਾ ਦਾ ਪ੍ਰਦਰਸ਼ਨ ਸ਼ਾਸਤਰੀ ਸੰਗੀਤ ਹੈ।

**ਸਿਤਾਰ ਦਾ ਸ਼ਾਸਤਰੀ ਪੱਖ**—ਵਰਤਮਾਨ ਸਮੇਂ ਵਿਚ ਸਿਤਾਰ ਦੇਸ਼ ਦਾ ਸਭ ਤੋਂ ਜ਼ਿਆਦਾ ਪ੍ਰਸਿੱਧ ਅਤੇ ਸਰਵਗੁਣ ਸੰਪਨ ਤੰਤੀ ਸਾਜ਼ ਮੱਧ ਯੁੱਗ ਤੋਂ ਵਿਕਸਿਤ ਹੁੰਦਾ ਹੋਇਆ ਆਪਣੇ ਵਰਤਮਾਨ ਵਿਚ ਸ਼ਾਸਤ੍ਰੀ ਸੰਗੀਤ ਦੇ ਅੰਤਰਗਤ ਉੱਚ ਸਿਖਰ ਤੇ ਬਿਰਾਜਮਾਨ ਹੈ।

ਸਿਤਾਰ ਵਾਦਨ ਵਿਚ ਆਲਾਪ, ਜੋੜ ਆਲਾਪ, ਜੋੜ ਝਾਲਾ, ਗਤ (ਮਸੀਤਖਾਨੀ ਅਤੇ ਰਜ਼ਾਖਾਨੀ), ਮਿਜ਼ਰਾਬ ਦੇ ਭਿੰਨ ਬੋਲਾਂ ਦਾ ਵਿਆਕਰਣਿਕ ਪ੍ਰਯੋਗ, ਤਾਨ, ਤੋੜਾ, ਛੰਦ, ਗਮਕ, ਮੀਂਡ, ਮੁਰਕੀ, ਕਣ, ਕ੍ਰਿੰਤਨ, ਝਾਲਾ ਆਦਿ ਵਿਸ਼ੇਸ਼ ਅਲੰਕਾਰਾਂ ਨਾਲ ਯੁਕਤ ਤਕਨੀਕ ਦਾ ਪ੍ਰਯੋਗ ਵਾਦਨ ਸ਼ੈਲੀ ਦੇ ਨਿਯਮਾਂ ਦਾ ਪਾਲਣ ਕਰਦਿਆ ਹੋਇਆਂ ਹੀ ਸਿਤਾਰ ਵਾਦਨ ਦਾ ਸ਼ਾਸਤਰੀ ਪੱਖ ਕਹਿਲਾਉਂਦਾ ਹੈ।

ਸਿਤਾਰ ਦਾ ਭਾਰਤੀ ਸ਼ਾਸਤਰੀ ਸੰਗੀਤ ਵਿਚ ਅਪਣਾ ਇਕ ਮਹੱਤਵਪੂਰਣ ਸਥਾਨ ਹੈ। ਇਹ ਬਹੁਤ ਮਧੁਰ ਸਾਜ਼ ਹੈ। ਸੰਗੀਤ ਦੇ ਭਿੰਨ ਪੱਖਾਂ ਏਕਲ ਵਾਦਨ, (ਸੋਲੋ) ਵ੍ਰਿੰਦ ਵਾਦਨ, ਸੁਗਮ ਸੰਗੀਤ, ਭਗਤੀ ਸੰਗੀਤ ਅਤੇ ਚਲ ਚਿਤਰਾਂ ਵਿਚ ਸਿਤਾਰ ਦੀ ਅਹਿਮ ਭੂਮਿਕਾ ਉਜਾਗਰ ਹੁੰਦੀ ਹੈ।

**ਸਿਤਾਰ ਦਾ ਸੁਗਮ ਸੰਗੀਤ ਪੱਖ**—ਭਾਵਾਨੁਕੂਲ ਅਭਿਵਿਅਕਤੀ ਦੀ ਕਮੀ ਵਿਚ ਕਲਾ ਨਿਰਜੀਵ ਰਹਿੰਦੀ ਹੈ। ਭਾਵ ਸੰਗੀਤ ਵਿਚ ਵਿਦਿਆ ਹੈ ਜਿਸ ਨਾਲ ਗਾਇਕ ਅਤੇ ਵਾਦਕ ਭਾਵ ਪੱਖ ਤੇ ਅਧਾਰਿਤ ਅਪਣੀ ਸਜੀਵ ਕਲਾ ਨਾਲ ਉਸਦੀ ਗਹਿਣ ਅਨੁਭੂਤਿ ਨੂੰ ਸਮਝ ਕੇ ਪ੍ਰਸਤੁਤ ਕਰਦਾ ਹੈ। ਭਾਵੇਂ ਉਹ ਸ਼ਾਸਤਰੀ ਹੋਵੇ ਜਾਂ ਸਰਲ ਸ਼ਾਸਤਰੀ ਜਾ ਸੁਗਮ। ਵਾਸਤਵ ਵਿਚ ਸ਼ਾਸਤਰੀ ਨਿਯਮਾਂ ਤੋਂ ਮੁਕਤ ਭਾਵ ਪੱਖ ਨੂੰ ਹੀ ਆਧੁਨਿਕ ਸੁਗਮ ਸੰਗੀਤ ਜਾਂ ਹਲਕਾ ਫੁਲਕਾ ਸੰਗੀਤ ਕਿਹਾ ਜਾਂਦਾ ਹੈ। ਹਲਕੇ ਫੁਲਕੇ ਸੰਗੀਤ ਨਾਲ ਕੇਵਲ ਮਨੋਰੰਜਨ ਹੀ ਨਹੀਂ ਹੁੰਦਾ ਬਲਕਿ ਇਸ ਨਾਲ ਮਨੁੱਖ ਦੇ ਦਿਲ ਦਿਮਾਗ ਵਿਚ ਕੁਝ ਭਾਵਨਾਵਾਂ ਵੀ ਪੈਦਾ ਹੁੰਦੀਆਂ ਹਨ। ਸੰਗੀਤ ਮਨੁੱਖ ਦੇ ਮਨੋਭਾਵਾਂ ਨੂੰ ਸੁਸੰਸਕ੍ਰਿਤ ਬਣਾਉਂਦਾ ਹੈ। ਜ਼ਿਆਦਾਤਰ ਲੋਕਾਂ ਨੇ ਇਸ ਸੰਗੀਤ ਨੂੰ ਸੁਣਨਾ ਸ਼ੁਰੂ ਕੀਤਾ। ਉਹਨਾਂ ਨੂੰ ਇਸ ਮਨੋਰੰਜਕ ਸੰਗੀਤ ਨੇ ਆਕਰਸ਼ਿਤ ਕੀਤਾ।

ਸੁਗਮ ਸੰਗੀਤ ਦੇ ਅੰਤਰਗਤ ਆਉਣ ਵਾਲੀਆਂ ਸ਼ੈਲੀਆਂ, ਗੀਤ, ਗ਼ਜ਼ਲ, ਭਜਨ, ਸ਼ਬਦ ਆਦਿ ਸਾਰੀਆਂ ਗਾਇਨ ਸ਼ੈਲੀਆਂ ਤਾਂ ਹੀ ਸੁੰਦਰ ਲਗ ਸਕਦੀਆਂ ਹਨ ਜਦੋਂ ਉਹਨਾਂ ਦੇ ਨਾਲ ਸਾਜ਼ਾਂ ਦਾ ਸਹਿਯੋਗ ਹੋਵੇ। ਸਿਤਾਰ, ਸਰੋਦ, ਵਾਯੋਲਿਨ, ਕਲੈਰੋਨੇਟ, ਗਿਟਾਰ, ਤਬਲਾ ਆਦਿ ਸਾਜ਼ਾਂ ਦਾ ਸੁਗਮ ਸੰਗੀਤ ਵਿਚ ਬਹੁਤ ਮਹੱਤਵ ਹੈ। ਪਰ ਸਿਤਾਰ ਦਾ ਸੁਗਮ ਸੰਗੀਤ ਵਿਚ ਇਕ ਵਿਸ਼ੇਸ਼ ਸਥਾਨ ਹੈ।

ਸੁਗਮ ਸੰਗੀਤ ਦੇ ਅੰਤਰਗਤ ਸਿਤਾਰ ਵਿਚ ਭਿੰਨ ਮਨੋਹਾਰੀ ਕ੍ਰਿਆਵਾਂ, ਮੀਂਡ, ਮੁਰਕੀ, ਗਿਟਕੜੀ, ਗਮਕ, ਕ੍ਰਿੰਤਨ, ਲੈਅ ਸਹਿਤ ਛੇੜ, ਤਰਬ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਕਿ ਗਾਇਨ ਦੇ ਨਾਲ ਸੰਗਤ ਕਰਨ ਵਿਚ ਸਹਾਇਕ ਹੈ।

ਅਤਿਅੰਤ ਮਧੁਰ ਸਾਜ਼ ਹੋਣ ਦੇ ਕਾਰਣ ਸਿਤਾਰ ਦੇ ਬਿਨਾਂ ਸੰਗੀਤ ਦੀਆਂ ਸਾਰੀਆਂ ਸੁਗਮ ਸ਼ੈਲੀਆਂ ਅਧੂਰੀਆਂ ਲਗਦੀਆਂ ਹਨ।

**ਭਗਤੀ ਸੰਗੀਤ**—ਭਜਨ ਗਾਇਨ ਜਾ ਹਰੀ ਜਸ ਗਾਇਨ ਨੂੰ ਹੀ ਭਗਤੀ ਸੰਗੀਤ ਕਿਹਾ ਗਿਆ ਹੈ। ਭਗਤੀ ਸੰਗੀਤ ਦਾ ਖੇਤਰ ਬਹੁਤ ਵਿਸਤ੍ਰਿਤ ਹੈ। ਵਰਤਮਾਨ ਸਮੇਂ ਵਿਚ ਭਗਤ ਕਵੀਆਂ ਦੇ ਗੀਤਾਂ ਨੂੰ ਸਰਲ ਤਾਲਾਂ ਅਤੇ ਸੁਰ ਰਚਨਾ ਵਿਚ ਨਿਬੰਧ ਕਰਕੇ ਗਾਇਨ ਨੂੰ ਹੀ ਭਗਤੀ ਸੰਗੀਤ ਕਹਿੰਦੇ ਹਨ। "ਪੰ: ਉਂਕਾਰਨਾਥ ਠਾਕੁਰ ਨੇ ਭਗਤੀ ਕਾਵਿ ਮੇਂ ਹ੍ਰਿਦੇ ਤੰਤੀ ਦੀ ਝੰਕਾਰ ਕਿਹਾ ਹੈ।"[1]

ਭਗਤੀ ਸੰਗੀਤ ਵਿਚ ਬੰਸਰੀ, ਤਬਲਾ, ਢੋਲਕ, ਮੰਜੀਰਾ, ਸਿਤਾਰ, ਸੰਤੂਰ, ਸਰੋਦ, ਹਾਰਮੋਨੀਅਮ, ਦਿਲਰੁਬਾ ਆਦਿ ਸਾਜਾਂ ਨਾਲ ਸੰਗਤ ਕੀਤੀ ਜਾਂਦੀ ਹੈ। ਭਗਤੀ ਸੰਗੀਤ ਵਿਚ ਸਿਤਾਰ ਸਾਜ਼ ਦੀ ਵਾਦਨ ਤਕਨੀਕ ਮੱਧ ਲੈਅ ਵਿਚ ਝਾਲਾ, ਤਰਬ ਅਤੇ ਸਵਰ ਦਾ ਲੈਅ ਸਹਿਤ ਛੇੜ ਅਤੇ ਝੰਕਾਰ ਨਿਸ਼ਚੇ ਹੀ ਭਗਤੀ ਰਸ ਵੱਲ ਸੰਕੇਤ ਕਰਦੀ ਹੈ।

ਈਸ਼ਵਰ ਅਰਾਧਨਾ ਦੀਆਂ ਰਚਨਾਵਾਂ ਜਿਵੇਂ ਕਿ ਭਜਨ, ਸ਼ਬਦ ਆਦਿ ਵਿਚ ਵੀ ਸਿਤਾਰ ਦੇ ਸੁਰਾਂ ਦੇ ਵਾਦਨ ਦਾ ਮਿਸ਼ਰਣ ਜ਼ਰੂਰ ਕੀਤਾ ਜਾਂਦਾ ਹੈ ਕਿਉਂਕਿ ਭਗਤੀ ਰਸ ਦਰਸਾਉਣ ਦੇ ਲਈ ਇਹ ਸਾਜ਼ ਸਭ ਤੋਂ ਵੱਧ ਸਹਾਇਕ ਹੈ।

ਆਕਾਸ਼ਵਾਣੀ ਅਤੇ ਦੂਰਦਰਸ਼ਨ ਦੇ ਭਗਤੀ ਸੰਗੀਤ ਪ੍ਰੋਗਰਾਮਾਂ ਵਿਚ ਜ਼ਿਆਦਾਤਰ ਸਿਤਾਰ ਦੀ ਸੰਗਤ ਨੂੰ ਭਗਤੀ ਸੰਗੀਤ ਦੇ ਅੰਤਰਗਤ ਸੁਣਿਆ ਅਤੇ ਵੇਖਿਆ ਗਿਆ ਹੈ ਅਤੇ ਪੰਜਾਬ ਦੇ ਸਿਤਾਰ ਵਾਦਕ ਕਲਾਕਾਰਾਂ ਨੂੰ ਆਕਾਸ਼ਵਾਣੀ ਦੇ ਸਦੱਸ ਕਲਾਕਾਰ ਮਨੂੰ ਸੀਨ ਅਤੇ ਦੂਰਦਰਸ਼ਨ ਦੇ ਆਮੰਤ੍ਰਿਤ ਕਲਾਕਾਰਾਂ ਵਿਚ ਸ੍ਰੀ ਪੁਰਸ਼ੋਤਮ ਮੇਹਤਾ, ਸ੍ਰੀ ਨਰਿੰਦਰ ਨਰੂਲਾ ਅਤੇ ਡਾ. ਵੀਰੇਂਦਰ ਕੁਮਾਰ ਨੂੰ ਅਕਸਰ ਇਹਨਾਂ ਪ੍ਰੋਗਰਾਮਾਂ ਵਿਚ ਸੰਗਤਕਾਰ ਦੇ ਰੂਪ ਵਿਚ ਵੇਖਿਆ ਅਤੇ ਸੁਣਿਆ ਗਿਆ ਹੈ। ਸੁਗਮ ਸੰਗੀਤ ਦੀ ਇਸ ਸ਼ੈਲੀ ਵਿਚ ਸਿਤਾਰ ਵਾਦ ਦਾ ਇਕ ਵਿਸ਼ੇਸ਼ ਸਥਾਨ ਹੈ।



Namdhari Elibrary NamdhariElibrary@gmail.com

**ਗੁਰਬਾਣੀ ਕੀਰਤਨ ਵਿਚ ਸਿਤਾਰ ਦੀ ਭੂਮਿਕਾ**— ਸ਼ਾਸਤਰੀ ਸੰਗੀਤ ਅਤੇ ਸਿੱਖ ਕੀਰਤਨ ਦੇ ਖੇਤਰ ਵਿਚ ਕਿਸੇ ਵੀ ਤੰਤਰੀ ਵਾਦ ਦਾ ਵਾਦਨ ਏਕਲ ਜਾ ਸੰਗੀਤ ਸਾਜ਼ ਦੇ ਰੂਪ ਵਿਚ ਕੀਤਾ ਜਾ ਸਕਦਾ ਹੈ।

ਅਤੀਤ ਦੇ ਪੰਜਾਬ ਵਿਚ ਤਾਊਸ ਅਤੇ ਦਿਲਰੁਬਾ ਆਮ ਤੌਰ ਤੇ ਸ਼ਾਸਤਰੀ ਸੰਗੀਤ ਵਿਚ ਅਤੇ ਸਿੱਖ ਕੀਰਤਨ ਵਿਚ ਸੰਗਤ ਵਾਦ ਦੇ ਰੂਪ ਵਿਚ ਪ੍ਰਚਲਤ ਸਨ।

ਪੰਜਾਬ ਦੇ ਸੰਗੀਤਕਾਰਾਂ ਵਿਚ ਸਿਤਾਰ ਸਾਜ਼ ਵਿਸ਼ੇਸ਼ ਰੂਪ ਵਿਚ ਪ੍ਰਚਲਤ ਨਹੀਂ ਹੋਇਆ ਫੇਰ ਵੀ ਇਕ ਤੱਥ ਅਨੁਸਾਰ, "ਸਿੱਖ ਕੀਰਤਨ ਵਿਚ ਪਹਿਲਾਂ ਸੰਗਤ ਦੇ ਸਾਜ਼ ਦੇ ਰੂਪ ਵਿਚ ਤਿੰਨ ਤਾਰਾਂ ਵਾਲੇ ਸਿਤਾਰ ਦਾ ਪ੍ਰਯੋਗ ਹੋਇਆ ਕਰਦਾ ਸੀ। ਇਹਨਾਂ ਵਿਚ ਇਕ ਲੋਹੇ ਦਾ ਤਾਰ ਹੁੰਦਾ ਸੀ, ਜਿਸ ਨੂੰ ਮੱਧਮ ਸੁਰ ਨਾਲ ਮਿਲਾਇਆ ਜਾਂਦਾ ਸੀ ਅਤੇ ਦੋ ਪਿੱਤਲ ਦੇ ਹੁੰਦੇ ਹਨ। ਲੇਕਿਨ ਉਹਨਾਂ ਦੇ ਮਿਲਾਉਣ ਦੇ ਢੰਗ ਵਿਚ ਕੋਈ ਅੰਤਰ ਨਹੀਂ ਸੀ। ਪਹਿਲਾ ਤਾਰ ਮਧਿਅਮ ਵਿਚ ਮਿਲਾਉਣ ਦੇ ਕਾਰਣ ਪੰਜਾਬ ਵਿਚ ਸਿਤਾਰ ਨੂੰ ਮਧਿਅਮ ਨਾਲ ਦੇ ਨਾਲ ਜਾਣਿਆ ਜਾਂਦਾ ਸੀ।"[੨]

ਗੁਰਬਾਣੀ ਸੰਗੀਤ ਸ਼ੈਲੀ ਵਿਚ ਸੰਗਤ ਦਾ ਕੰਮ ਕੇਵਲ ਸੁਰ ਦੇਣ ਨਾਲ ਜਾ ਉੱਚਾਰਿਤ ਗੁਰਬਾਣੀ ਸ਼ਬਦ ਦੀ ਧੁਨ ਨੂੰ ਦੋਹਰਾਉਣ ਨਾਲ ਹੀ ਹੈ। ਕਿੰਤੂ ਵਰਤਮਾਨ ਸਮੇਂ ਵਿਚ ਕੁਝ ਇਕ ਕੈਸਟਾਂ ਅਤੇ ਰਿਕਾਰਡਾਂ ਵਿਚ ਸ਼ਬਦਰੀਤ ਗਾਉਂਦੇ ਸਮੇਂ ਸੰਗਤਕਾਰ ਦੁਆਰਾ ਆਪਣੇ ਸਾਜ਼ ਤੇ ਅਲਗ ਨਾਲ ਸਥਾਈ ਅੰਤਰੇ ਦੇ ਮੱਧ ਭਾਗ ਵਿਚ ਕੁਝ ਇਕ ਟੁਕੜਿਆਂ ਦਾ ਏਕਲ ਵਾਦਨ ਕਰਦਿਆਂ ਹੋਇਆਂ ਸੁਣਨ ਨੂੰ ਮਿਲਦਾ ਹੈ।

ਵਰਤਮਾਨ ਸਮੇਂ ਵਿਚ ਪੰਜਾਬ ਦੇ ਹੀ ਕੁਝ ਇਕ ਸਿਤਾਰ ਵਾਦਕਾਂ ਦੁਆਰਾ ਗੁਰਬਾਣੀ ਸੰਗੀਤ ਦੇ ਰਿਕਾਰਡਾਂ ਵਿਚ ਸਿਤਾਰ ਦੁਆਰਾ ਕੀਤੀ ਗਈ ਸੰਗਤ ਸੁਣਨ ਨੂੰ ਮਿਲਦੀ ਹੈ। ਜਿਨ੍ਹਾਂ ਵਿਚ ਸਿਤਾਰ ਵਾਦਕ ਸ੍ਰੀ ਪੁਰਸ਼ੋਤਮ ਮੇਹਤਾ, ਸ੍ਰੀ ਨਰਿੰਦਰ ਨਰੂਲਾ ਅਤੇ ਸ੍ਰੀ ਬਿੰਦੂ ਪ੍ਰਮੁੱਖ ਕਲਾਕਾਰ ਹਨ ਅਤੇ ਅੱਜ ਦੇ ਸੰਦਰਭ ਵਿਚ ਸਿਤਾਰ ਦਾ ਪ੍ਰਯੋਗ ਸਿੱਖ ਕੀਰਤਨ ਦੇ ਖੇਤਰ ਵਿਚ ਸੰਗਤ ਦੇ ਰੂਪ ਵਿਚ ਵੀ ਕੀਤਾ ਜਾ ਰਿਹਾ ਹੈ ਅਤੇ ਭਗਤੀ ਸੰਗੀਤ ਦੇ ਇਸ ਪੱਖ ਵਿਚ ਸਿਤਾਰ ਦੀ ਮਹੱਤਵਤਾ ਦਾ ਪਤਾ ਚਲਦਾ ਹੈ।

### ਫੁੱਟ ਨੋਟ

੧. ਪ੍ਰਣਵ ਭਾਰਤੀ, ਪੰ. ਉਂਕਾਰ ਨਾਥ ਠਾਕੁਰ
੨. ਭਾਰਤੀਯ ਤੰਤਰੀ ਵਾਦਯ ਯੰਤਰ, ਡਾ. ਪ੍ਰਕਾਸ਼ ਮਹਾਡਿਕ ਪੰਨਾ ੬੫

## ਕੰਜੂਸ ਤਪੱਸਵੀ

ਮੈਂ ਸੁਣਿਆ ਕਿ ਇੱਕ ਪਵਿਤਰ ਸੁਭਾਉ ਵਾਲਾ ਤਪੱਸਵੀ ਰੂਮ ਵਿਚ ਹੈ, ਜੋ ਪਰਮਾਤਮਾ ਨੂੰ ਪਹੁੰਚਿਆ ਹੋਇਆ ਸਾਧਕ ਹੈ।

ਮੈਂ ਅਤੇ ਕੁਝ ਜੰਗਲ ਵਿਚ ਸਫਰ ਕਰਨ ਵਾਲੇ ਉਸ ਦੇ ਦਰਸ਼ਨ ਕਰਣ ਦਾ ਮਨ ਬਣਾ ਕੇ ਤੁਰ ਪਏ।

ਉਸ ਨੇ ਸਾਡੇ ਸਾਰਿਆਂ ਦੇ ਸਿਰਾਂ, ਅੱਖਾਂ ਦੇ ਹੱਥਾਂ ਨੂੰ ਚੁਮਿਆ, ਸਾਨੂੰ ਸਤਿਕਾਰ ਨਾਲ ਬਹਾਇਆ ਅਤੇ ਆਪ ਵੀ ਬਹਿ ਗਿਆ।

ਮੈਂ ਉਸ ਦਾ ਸੋਨਾ, ਖੇਤੀਬਾੜੀ ਨੌਕਰ ਅਤੇ ਸਾਮਾਨ ਵੇਖਿਆ।

ਫੇਰ ਵੀ ਉਹ ਏਨਾ ਬੇਤਰਸ ਸੀ ਜਿਵੇਂ ਕੋਈ ਫਲ ਰਹਿਤ ਰੁੱਖ।

ਸਭਿਆਚਾਰ ਅਤੇ ਕਿਰਪਾ ਕਰਨ ਵਿਚ ਉਹ ਬਹੁਤ ਤੇਜ਼ ਸੀ ਪਰ ਕਿਸੇ ਨੂੰ ਖਾਣ ਪੀਣ ਨੂੰ ਨਹੀਂ ਸੀ ਦਿੰਦਾ।

ਉਸ ਨੂੰ ਸਾਰੀ ਰਾਤ ਚੈਨ ਅਤੇ ਨੀਂਦਰ ਨਹੀਂ ਸੀ ਪਈ।

ਉਹ ਸਾਰੀ ਰਾਤ ਮਾਲਾ ਫੇਰਦਾ ਰਿਹਾ ਅਤੇ ਅਸੀਂ ਭੁੱਖ ਦੇ ਮਾਰੇ ਨਾ ਸੁੱਤੇ।

ਸਵੇਰੇ ਉਸ ਨੇ ਕਮਰਕੱਸਾ ਕੀਤਾ ਅਤੇ ਦਰ ਖੋਹਲਿਆ। ਪਿਛਲੀ ਰਾਤ ਜੇਹੀ ਕਿਰਪਾ ਕਰਣੀ ਅਰੰਭੀ।

ਇਕ ਮਿਠੀਆਂ ਕਹਾਣੀਆਂ ਕਹਿਣ ਵਾਲਾ ਅਤੇ ਹਸਮੁੱਖ ਬੰਦਾ ਸੀ ਜੋ ਸਾਡੇ ਨਾਲ ਯਾਤਰਾ ਕਰ ਰਿਹਾ ਸੀ।

ਉਸ ਨੇ ਤਪੱਸਵੀ ਨੂੰ ਕਿਹਾ ਕਿ ਸਾਨੂੰ ਚੁੰਮਣ ਦੀ ਥਾਂ ਖਾਣ ਨੂੰ ਦਿਉ ਕਿਉਂਕਿ ਚੁੰਮਣ ਨਾਲੋਂ ਭੋਜਨ ਚੰਗਾ ਹੈ।

ਸੇਵਾ ਵਿਚ ਕੇਵਲ ਜੁੱਤੀਆਂ ਹੀ ਸਿਧੀਆਂ ਨਾ ਕਰ। ਮੈਨੂੰ ਭੋਜਨ ਦੇਹ, ਭਾਵੇਂ ਮੇਰੇ ਸਿਰ ਉੱਤੇ ਜੁੱਤੀ ਮਾਰ।.......

## ਸੁਆਗਤ

ਲੋਕਾਂ ਨੇ ਬਿੱਛੂ ਤੋਂ ਪੁਛਿਆ
ਤੂੰ ਸਰਦ ਰੁੱਤ ਵਿਚ ਬਾਹਰ ਕਿਉਂ ਨਹੀਂ ਨਿਕਲਦਾ ?

ਉਸ ਨੇ ਉੱਤਰ ਦਿੱਤਾ
ਗਰਮੀ ਵਿਚ ਕਿਹੜਾ ਮੇਰਾ ਸੁਆਗਤ ਹੁੰਦਾ ਹੈ।
ਕਿ ਮੈਂ ਸਰਦੀ ਵਿਚ ਬਾਹਰ ਨਿਕਲਾਂ

*ਸ਼ੇਖ ਸਾਅਦੀ।*



Namdhari Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code 01824

## For Fitting Diesel Engines in Foreign
&
INDIAN CAR BODIES




*Specialists in :*

**Mercedes Benz Car Repairing**

# AMARJIT MOTOR GARAGE

G.T. Road, Opp. Jalandhar Octroi Post,
PHAGWARA



Namdhari Elibrary NamdhariElibrary@gmail.com

# ਆਯੁਰਵੈਦ ਇਲਾਜ ਪ੍ਰਣਾਲੀ ਨੂੰ ਪ੍ਰਣਾਈ ਨਾਮਧਾਰੀ ਡਾਕਟਰ ਜੋੜੀ

*ਡਾ. ਐਸ.ਪੀ. ਸਿੰਘ ਨਾਮਧਾਰੀ, ਡੱਬਵਾਲੀ ਦੇ ਨਾਮਧਾਰੀ ਪਰਿਵਾਰ ਦਾ ਹੋਣਹਾਰ ਨੌਜਵਾਨ, ਨਾਮਧਾਰੀ ਵਿਦਿਅਕ ਜਥੇ ਦੇ ਸਮਾਗਮਾਂ ਵਿਚ ਆਪਣੇ ਬਾ ਦਲੀਲ ਭਾਸ਼ਨਾਂ ਕਰਕੇ ਪ੍ਰਭਾਵਤ ਕਰਦਾ ਰਿਹਾ ਹੈ। ਡਾ. ਐਸ.ਪੀ. ਸਿੰਘ ਆਪਣੀ ਜੀਵਨ ਸਾਥਣ ਡਾਕਟਰ ਕੁਲਵੰਤ ਕੌਰ ਨਾਲ ਆਯੁਰਵੇਦ ਇਲਾਜ ਪ੍ਰਣਾਲੀ ਨਾਲ ਲੋਕਾਂ ਦੀ ਸੇਵਾ ਕਰਕੇ ਨਾਮ ਖੱਟ ਰਹੇ ਹਨ। ਉਹਨਾਂ ਨੂੰ ਪਿਛਲੇ ਸਮੇਂ ਵਿਚ ਭਾਰਤ ਦੀ ਕੇਂਦਰੀ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਹੱਥੀਂ ਸਨਮਾਨਤ ਵੀ ਕੀਤਾ ਗਿਆ। ਆਯੁਰਵੇਦ ਡਾਕਟਰਾਂ ਦੀ ਪੂਰੀ ਕਾਨਫਰੰਸ ਨੂੰ ਡਾ. ਐਸ.ਪੀ. ਸਿੰਘ ਨੇ ਆਪਣੇ ਕੁਸ਼ਲ ਸਟੇਜ ਪ੍ਰਬੰਧ ਰਾਹੀਂ ਸੰਚਾਲਿਤ ਵੀ ਕੀਤਾ। ਇਹ ਲੇਖ ਉਹਨਾਂ ਬਾਰੇ ਤੇ ਆਯੁਰਵੇਦ ਇਲਾਜ ਬਾਰੇ ਰੌਸ਼ਨੀ ਪਾਉਂਦਾ ਹੈ। —ਸੰਪਾਦਕ*

ਪੰਜਾਬ ਦੇ ਸਰਹੱਦੀ ਜ਼ਿਲ੍ਹੇ ਮੁਕਤਸਰ ਛੋਕੜਲੇ ਕਸਬੇ ਮੰਡੀ ਕਿਲਿਆਂਵਾਲੀ ਦੇ ਜੰਮਪਲ ਅਤੇ ਨਾਮਧਾਰੀ ਸਮਾਜ ਨਾਲ ਸਬੰਧਤ ਡਾ. ਐਸ.ਪੀ. ਸਿੰਘ ਤੇ ਉਨ੍ਹਾਂ ਦੀ ਧਰਮਪਤੀ ਡਾ. ਕੁਲਵੰਤ ਕੌਰ ਨੇ ਨਿਕੀ ਉਮਰੇ ਹੀ ਆਪਣੇ ਡਾਕਟਰੀ ਕਿੱਤੇ ਵਿਚ ਵੱਡੀਆਂ ਪੁਲਾਘਾਂ ਪੁੱਟੀਆਂ ਹਨ।

ਇਸੇ ਸਾਲ ੨੬ ਮਾਰਚ ੨੦੦੩ ਨੂੰ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਵੱਲੋਂ ਡਾ. ਐਸ.ਪੀ. ਸਿੰਘ ਤੇ ਮਿਸੇਜ਼ ਡਾ. ਕੁਲਵੰਤ ਕੌਰ ਨੂੰ ਆਯੁਰਵੈਦਿਕ ਪ੍ਰਣਾਲੀ ਰਾਹੀਂ ਰੋਗਾਂ ਦੇ ਇਲਾਜ ਵਿਚ ਮੁਹਾਰਤ ਲਈ ਅਤੇ ਆਯੁਰਵੈਦਿਕ ਗੂੜ ਸਿਧਾਂਤਾਂ ਦੇ ਵਿਸ਼ੇਸ਼ ਅਧਿਐਨ ਲਈ C.R.A.V. Degree ਦੇ ਨਾਲ ਸਨਮਾਨਿਆ ਗਿਆ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਭਾਰਤ ਸਰਕਾਰ ਦੇ ਤਹਿਤ ਰਾਸ਼ਟਰੀ ਆਯੁਰਵੈਦਿਕ ਵਿੱਦਿਆ ਪੀਠ, ਨਵੀਂ ਦਿੱਲੀ ਵੱਲੋਂ ਪੂਰੇ ਭਾਰਤ ਵਿਚੋਂ ਕੇਵਲ ੧੮ ਆਯੁਰਵੈਦਿਕ ਡਾਕਟਰਾਂ ਨੂੰ ਇਹ ਸਨਮਾਨ ਦਿੱਤਾ ਗਿਆ ਇਨ੍ਹਾਂ ਦੋਹਾਂ ਪਤੀ-ਪਤਨੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ B.A.M.S. (ਆਯੁਰਵੈਦਾਚਾਰੀਆ) ਕੀਤੀ ਅਤੇ ਫਿਰ ਵੈਦ ਮਦਨ ਗੋਪਾਲ ਸ਼ਰਮਾ ਸਾਬਕਾ ਡਾਇਰੈਕਟਰ ਰਾਸ਼ਟਰੀ ਆਯੁਰਵੈਦਿਕ ਸੰਸਥਾਨ ਜੈਪੁਰ ਦੇ ਨਿਰਦੇਸ਼ਨ ਹੇਠ ਨਾੜੀ ਗਿਆਨ ਵਿਚ ਵਿਸ਼ੇਸ਼ ਮਹਾਰਤ ਹਾਸਲ ਕੀਤੀ ਹੈ।

ਇਸ ਤੋਂ ਇਲਾਵਾ ਡਾ. ਐਸ.ਪੀ. ਸਿੰਘ ਨੇ ਆਯੁਰਵੈਦ ਅਤੇ ਪੰਚ ਕਰਮ ਵਿਚ ਕੇਰਲ ਪ੍ਰਾਂਤ ਤੋਂ ਵਿਸ਼ੇਸ਼ ਸਿਖਲਾਈ ਲਈ ਹੈ। ਉਹ ਆਯੁਰਵੈਦਿਕ ਅਤੇ ਯੋਗ ਵਿਸ਼ੇ 'ਤੇ ਲਗਭਗ ਅੱਧਾ ਦਰਜਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਵੀ ਸ਼ਿਰਕਤ ਕਰ ਚੁੱਕੇ ਹਨ।

ਇਕ ਵਿਸ਼ੇਸ਼ ਗੱਲਬਾਤ ਦੌਰਾਨ ਡਾਕਟਰ ਦੰਪਤੀ ਨੇ ਕਿਹਾ ਕਿ ਇਹ ਸਭ ਪ੍ਰਾਪਤੀਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਤੇ ਬਖਸ਼ਿਸ਼ ਸਦਕਾ ਹੀ ਪ੍ਰਾਪਤ ਕਰ ਸਕੇ ਹਾਂ। ਉਨ੍ਹਾਂ ਕਿਹਾ ਕਿ ਉਹ ਆਪਣੀ ਇਸ ਮਹਾਰਤ ਦੀ ਵਰਤੋਂ ਸਮਾਜ ਦੇ ਦਬੇ ਕੁਚਲੇ ਲੋਕਾਂ ਨੂੰ ਭਲਾਈ ਲਈ ਕਰਣਗੇ। ਆਯੁਰਵੇਦ ਪ੍ਰਣਾਲੀ ਬਾਰੇ ਉਨ੍ਹਾਂ ਵਲੋਂ ਪ੍ਰਗਟ ਕੀਤੇ ਗਏ ਵਿਚਾਰ ਕੁਝ ਇਸ ਤਰ੍ਹਾਂ ਹਨ।

੧. ਕੀ ਆਯੁਰਵੈਦਿਕ ਪ੍ਰਣਾਲੀ ਅੱਜ ਦੇ ਸਮੇਂ ਵਿਚ ਵੀ ਕਾਰਗਰ ਹੈ ?

੨. ਕੀ ਆਯੁਰਵੈਦਿਕ ਦਵਾਈਆਂ ਅੱਜ ਵੀ ਅਸਰ ਕਰਦੀਆਂ ਹਨ ?

੩. ਕੀ ਆਯੁਰਵੈਦਿਕ ਇਲਾਜ ਪ੍ਰਣਾਲੀ ਮਹਿੰਗੀ ਨਹੀਂ ਹੈ ?

੪. ਕੀ ਆਯੁਰਵੈਦਿਕ ਪ੍ਰਣਾਲੀ ਵਿਚ ਲੋਕਾਂ ਦਾ ਵਧਦਾ ਰੁਝਾਨ ਜਾਇਜ਼ ਹੈ ?

ਇਹੋ ਜਿਹੇ ਕਈ ਸਵਾਲ ਹਨ ਜੋ ਹਰ ਇਨਸਾਨ ਦੇ ਦਿਮਾਗ ਵਿਚ ਉਠਦੇ ਹਨ। ਪਰ ਆਪਣੇ ਅਨੁਭਵ, ਚਿੰਤਨ ਅਤੇ ਅਧਿਐਨ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਆਯੁਰਵੈਦਿਕ ਇਲਾਜ ਪ੍ਰਣਾਲੀ ਅੱਜ ਵੀ ਕਾਰਗਰ ਅਤੇ ਵਧੇਰੇ ਵਧੀਆ ਪ੍ਰਣਾਲੀ ਹੈ ਬੇਸ਼ਰਤੇ ਹੈ ਕਿ ਇਕ ਤਾਂ ਇਲਾਜ ਕਰਨ ਵਾਲਾ ਡਾਕਟਰ, ਵੈਦ ਕੁਵਾਲੀਫਾਈਡ ਹੋਵੇ ਅਤੇ ਉਸਨੇ ਆਪਣੇ ਵਿੱਦਿਆ ਗੁਰੂਆਂ ਪਾਸੋਂ ਆਯੁਰਵੈਦ ਦੇ ਗੂੜ ਰਹੱਸਾਂ ਦੇ ਸਿਧਾਂਤਾਂ ਦਾ ਵਿਸ਼ੇਸ਼ ਅਧਿਐਨ ਪ੍ਰਯੋਗਿਕ ਗਿਆਨ ਕੀਤਾ ਹੋਵੇ ਅਤੇ ਦੂਸਰਾ ਆਯੁਰਵੈਦਿਕ ਦਵਾਈਆਂ ਦੀ ਪਹਿਚਾਨ ਅਤੇ ਮਹਾਰਤ ਰੱਖਦਾ ਹੋਵੇ।

ਨਿੰਮ, ਆਂਵਲਾ, ਹਲਦੀ, ਪੂਦਨਾ, ਹਰੜ, ਅਦਰਕ, ਕਾਲੀ ਮਿਰਚ, ਤੁਲਸੀ ਆਦਿ ਵਨਸਪਤੀਆਂ ਅੱਜ ਕਾਰਗਰ



Namdhari Elibrary NamdhariElibrary@gmail.com

ਹਨ ਅਤੇ ਕਈ ਭਿਆਨਕ ਰੋਗਾਂ 'ਤੇ ਸਹਿਜੇ ਹੀ ਨਿਜਾਤ ਦਿਵਾਉਂਦਿਆਂ ਹਨ।

ਆਯੁਰਵੈਦਿਕ ਦੇ ਸ਼ਾਸ਼ਤਰਾਂ ਵਿਚ ਦੋ ਮੁੱਖ ਉਦੇਸ਼ ਰੱਖੇ ਗਏ ਹਨ—

ਤੰਦਰੁਸਤ ਮਨੁੱਖ ਦੀ ਰਾਖੀ ਕਰਨਾ ਅਤੇ ਰੋਗੀ ਦੇ ਰੋਗ ਦਾ ਨਿਵਾਰਨ ਕਰਨਾ ਭਾਵ ਕਿ ਉਸਨੂੰ ਰੋਗਮੁਕਤ ਕਰਨਾ।

ਸ਼ਾਇਦ ਇਹੀ ਕਾਰਨ ਹੈ ਕਿ ਆਯੁਰਵੇਦ ਵਿਚ ਇਲਾਜ ਨਾਲੋਂ ਪਰਹੇਜ਼ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜੇ ਮਨੁੱਖ ਆਪਣੀ ਸਿਹਤ ਦਾ ਖਿਆਲ ਰੱਖੇਗਾ ਤਾਂ ਉਸਦੇ ਰੋਗੀ ਹੋਣ ਦੇ ਖ਼ਤਰੇ ਘੱਟ ਜਾਂਦੇ ਹਨ। ਇਸੇ ਕਾਰਨ ਹੀ ਆਯੁਰਵੇਦ ਵਿਚ ਦਿਨ ਰਾਤ ਅਤੇ ਮੌਸਮ ਦੇ ਹਿਸਾਬ ਨਾਲ ਖਾਣ ਪਾਣ ਅਤੇ ਵਿਹਾਰ ਕਰਨ ਦਾ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ।

ਜੇਕਰ ਮਨੁੱਖ ਕਿਸੇ ਕਾਰਨ ਰੋਗੀ ਹੋ ਹੀ ਗਿਆ ਹੈ ਤਾਂ ਉਸਦੀ ਪ੍ਰਕਿਰਤੀ ਦੋਸ਼, ਕਾਲ, ਪਾਚਣ ਸ਼ਕਤੀ ਆਦਿ ਨਿਰੀਖਣ ਕਰਨ ਉਪਰੰਤ ਹੀ ਉਸਦਾ ਇਲਾਜ ਕਰਨ ਲਈ ਕਿਹਾ ਗਿਆ ਹੈ। ਕਿਉਂਕਿ ਹਰ ਵਿਅਕਤੀ ਦੀ ਪ੍ਰਕ੍ਰਿਤੀ ਬਲ ਪਾਚਨ ਸ਼ਕਤੀ ਅਲਗ-ਅਲਗ ਹੁੰਦੀ ਹੈ ਅਤੇ ਉਸੇ ਅਨੁਸਾਰ ਦਵਾਈ ਦੀ ਮਾਤਰਾ ਜਾਂ ਦਵਾਈ ਹੀ ਰੋਗੀ ਅਨੁਸਾਰ ਭਿੰਨ-ਭਿੰਨ ਹੋ ਸਕਦੀ ਹੈ। ਸ਼ਾਇਦ ਇਸੇ ਕਰਕੇ ਕਿਹਾ ਜਾਂਦਾ ਹੈ ਕਿ ਆਯੁਰਵੇਦ ਵਿਚ ਕੇਵਲ ਰੋਗਾਂ ਦਾ ਨਹੀਂ, ਸਗੋਂ ਰੋਗੀ ਦਾ ਇਲਾਜ ਕੀਤਾ ਜਾਂਦਾ ਹੈ। ਭਾਵ ਕਿ ਰੋਗ ਨੂੰ ਜੜ ਤੋਂ ਖ਼ਤਮ ਕੀਤਾ ਜਾਂਦਾ ਹੈ ਅਤੇ ਦੇਸੀ ਦਵਾਈਆਂ ਦਾ ਕੋਈ ਮਾੜਾ ਪ੍ਰਭਾਵ ਨਹੀਂ ਹੁੰਦਾ।

ਇਸ ਤੋਂ ਇਲਾਵਾ ਆਯੁਰਵੇਦ ਵਿਚ ਪੰਚਕਰਮਾਂ ਜਾਂ ਸ਼ੋਧਣ ਚਿਕਿਤਸਾ ਦਾ ਵੀ ਬੜਾ ਮਹੱਤਵ ਹੈ। ਜਿਸ ਵਿਚ ਦਸਤਾਂ ਰਾਹੀਂ, ਉਲਟੀ ਰਾਹੀਂ ਤੇ ਬਸਤੀ ਕਰਮ ਜਿਸ ਨਾਲ ਗੁਦਾ ਮਾਰਗ ਰਾਹੀਂ ਆਦਿ ਕਰਮਾਂ ਨਾਲ ਪ੍ਰਕੁਪਿਤ ਦੋਸ਼ਾਂ ਦਾ ਨਿਵਾਰਨ ਕੀਤਾ ਜਾਂਦਾ ਹੈ। ਪੰਚ ਕਰਮ ਦੇ ਪੂਰਵ ਕਰਮਾਂ ਦੇ ਰੂਪ ਵਿਚ ਵੱਖ-ਵੱਖ ਢੰਗਾਂ ਨਾਲ ਮਾਲਿਸ਼ ਅਤੇ ਪਸੀਨਾ ਲਿਆਉਣ (ਸੰਵੇਦਨ) ਵੀ ਕਰਵਾਇਆ ਜਾਂਦਾ ਹੈ। ਇਸਤੋਂ ਇਲਾਵਾ ਸ਼ਿਰੋਧਾਰਾ, ਪੋਟਲੀ ਸਵੇਦ ਆਦਿ ਦੀ ਵਰਤੋਂ ਨਾਲ ਅੱਜ ਕੱਲ੍ਹ ਦੀ ਤਨਾਓ ਭਰੀ ਜ਼ਿੰਦਗੀ ਦੇ ਸਿੱਟੇ ਵਜੋਂ ਸਰੀਰ 'ਤੇ ਪੈ ਰਹੇ ਮਾਰੂ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ। ਇਸਦੇ ਨਾਲ ਹੀ ਆਯੁਰਵੇਦ ਵਿਚ ਦੱਸੇ ਗਏ ਰਸਾਇਣਾਂ ਦੀ ਵਰਤੋਂ ਰਾਹੀਂ ਵਧਦੀ ਉਮਰ ਦੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ। ਅੱਜ ਦੇ ਸਮੇਂ ਦੀ ਲੋੜ ਅਨੁਸਾਰ ਚੁਸਤ-ਦਰੁਸਤ ਰਿਹਾ ਜਾ ਸਕਦਾ ਹੈ।

ਆਯੁਰਵੇਦ ਅਤੇ ਯੋਗ ਸਾਧਨਾਂ ਦਾ ਵੀ ਬੜਾ ਗਹਿਰਾ ਰਿਸ਼ਤਾ ਹੈ ਕਿਉਂਕਿ ਆਯੁਰਵੇਦ ਦਾ ਕੰਮ ਸਰੀਰ ਨੂੰ ਮਜ਼ਬੂਤ ਬਣਾਉਣ ਦਾ ਹੈ ਅਤੇ ਮਜ਼ਬੂਤ ਸਰੀਰ ਨਾਲ ਹੀ ਯੋਗ ਸਾਧਨਾਂ ਦੇ ਅੰਤਮ ਪੜਾਓ ਤੱਕ ਪਹੁੰਚਿਆ ਜਾ ਸਕਦਾ ਹੈ। ਉਪਰੋਕਤ ਗੁਣਾਂ ਦੇ ਕਾਰਨ ਹੀ ਹੁਣ ਪੱਛਮੀ ਦੇਸ਼ਾਂ ਦਾ ਧਿਆਨ ਵੀ ਆਯੁਰਵੇਦ ਦੇ ਯੋਗ ਵੱਲ ਵੱਧ ਰਿਹਾ ਹੈ। ਅਮਰੀਕਾ, ਇੰਗਲੈਂਡ, ਰੂਸ, ਜਰਮਨ ਤੇ ਫਰਾਂਸ ਵਿਚ ਇਸਨੂੰ Detox ਅਤੇ Rejuvenative Therapy ਦੇ ਰੂਪ ਵਿਚ ਸਵੀਕਾਰ ਕੀਤਾ ਜਾ ਚੁੱਕਿਆ ਹੈ ਅਤੇ ਆਯੁਰਵੇਦ ਦੇ ਵੱਡੇ-ਵੱਡੇ ਕੇਂਦਰ ਖੋਲ੍ਹੇ ਗਏ ਹਨ।

ਸ਼ਾਇਦ ਇਸ ਕਰਕੇ ਹੀ ਨਿੰਮ ਅਤੇ ਹਲਦੀ ਨੂੰ ਅਮਰੀਕਾ ਨੇ ਪੇਟੈਂਟ ਕਰਵਾਉਣ ਦਾ ਯਤਨ ਕੀਤਾ ਸੀ। ਸੋ ਅੱਜ ਦੇ ਸਮੇਂ ਵਿਚ ਆਯੁਰਵੇਦ ਦਾ ਵਧਦਾ ਰੁਝਾਨ ਸਹਿਜੇ ਹੀ ਇਸ ਦੀ ਵਿਗਿਆਨਤਾ ਅਤੇ ਸਾਰਥਕਤਾ ਦੀ ਪੁਸ਼ਟੀ ਕਰਦਾ ਹੈ।

---

### ਕਵਿਤਾ ਵਾਧੂ ਬੋਝ

ਅਰਥ ਹੈ ਤਾਂ ਸ਼ੁਧ ਨਹੀਂ, ਸ਼ਬਦ ਸ਼ੁੱਧ ਹਨ ਤਾਂ
ਕਾਵਿ ਮਰਯਾਦਾ ਠੀਕ ਨਹੀਂ ਨਿਭਾਈ ਗਈ, ਜੇ ਇਹ
ਠੀਕ ਹੈ, ਸ਼ਬਦ ਚੋਣ ਪ੍ਰਭਾਵਸ਼ਾਲੀ ਨਹੀਂ
ਜੇ ਸ਼ਬਦ ਚੋਣ ਹੈ ਤਾਂ ਕਲਪਣਾ ਹੈ ਨਹੀਂ,
ਜੇ ਕਲਪਣਾ ਹੈ ਤਾਂ ਉਹ ਰਸ ਹੀਣ ਹੈ,
ਤਾਂ ਅਜਿਹੀ ਕਵਿਤਾ ਵਾਧੂ ਬੋਝ ਹੈ

(ਸੰਸਕ੍ਰਿਤ ਕਾਵਿ)

## ਵਰਿਆਮ ਨੂੰ ਸਹਿਯੋਗ

* ਸੰਤ ਸੁਰਤ ਸਿੰਘ, ਪ੍ਰੀਤ ਨਗਰ ਸੋਢਲ ਰੋਡ, ਜਲੰਧਰ ਆਪਣੀ ਮਾਤਾ (ਸੱਸ) ਜੀ ਦੇ ਭੋਗ ਸਮੇਂ ੨੦੦-੦੦

* ਮਾਸਟਰ ਨਿਹਾਲ ਸਿੰਘ ਨਮਿਤ ਮੇਲਾ ਮਸਤਾਨ ਗੜ੍ਹ (ਸਿਰਸਾ) ਵਿਖੇ ੧੯ ਨਵੰਬਰ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ। ਮਾਸਟਰ ਜੀ ਦੇ ਸਪੁੱਤਰਾਂ, ਮਨਮੋਹਣ ਸਿੰਘ, ਚਰੰਜੀਤ ਸਿੰਘ ਪਰਿਵਾਰ ਸਹਿਤ ਵਲੋਂ ੫੦੦-੦੦

* ਸੰਤ ਕਰਤਾਰ ਸਿੰਘ ਮੁਹਾਰਾਂ ਵਾਲਿਆਂ ਨਮਿਤ ਜੰਮੂ ਵਿਖੇ ਮੇਲੇ ਸਮੇਂ ਸਪੁੱਤਰ ਨਿਰਮਲ ਸਿੰਘ ਪ੍ਰਕਾਸ਼ ਸਿੰਘ, ਅਜੀਤ ਸਿੰਘ ਰਾਹੀਂ ੫੦੦-੦੦


Namdhari Elibrary NamdhariElibrary@gmail.com

# (ਵੌਲੀਬਾਲ) 'ਕੋਰਟ ਦੇ ਕੌਰਨਰ ਤੋਂ'

*—ਦਲਬੀਰ ਸਿੰਘ 'ਤਰਸ', ਆਸਟ੍ਰੇਲੀਆ*

ਛੇ ਅਤੇ ਸੱਤ ਸਤੰਬਰ ਦੇ ਦੋ ਦਿਹਾੜੇ ਭਾਵੇਂ ਅਪ੍ਰੈਲ ਤੋਂ ਢੇਰ ਦੂਰ ਲੱਗ ਰਹੇ ਹਨ; ਪਰ ਜਿਨ੍ਹਾਂ ਮੁਸ਼ਕਲਾਂ ਵਿਚੋਂ ਵਿਚਰ ਕੇ, ਐਸ.ਐਸ.ਐਸ.ਐਂਡ ਜੀ. (ਸਿਡਨੀ. ਸਿੱਖ. ਸਪੋਰਟ. ਐਂਡ ਗੁਰਮੁਖੀ) ਗਰੁੱਪ ਨੇ, ਅੱਜ, ਬੌਕਮ ਹਿੱਲਜ਼ ਹਾਈ ਸਕੂਲ ਦੇ 'ਜਿੰਮ' ਹਾਲ ਨੂੰ "ਸਪਿਰਿਟ ਆਫ ਵੈਸਾਖੀ ੨੦੦੩, ਵੌਲੀਬਾਲ ਟੂਰਨਾਮੈਂਟ, ਦਾ ਰੂਪ ਦੇ ਕੇ ਸ਼ਿੰਗਾਰ ਦਿੱਤਾ ਹੈ, ਉਸ ਨਾਲ, ਕਲਗੀਆਂ ਵਾਲੇ 'ਗੋਬਿੰਦ ਪਾਤਸ਼ਾਹ' ਸੰਗ, ਸਾਰੀ ਝੂਮਦੀ ਕਾਇਨਾਤ ਦੇ ਦਰਸ਼ਨ ਅਵੱਸ਼ ਕੀਤੇ ਜਾ ਸਕਦੇ ਹਨ।"

'ਵਿਨਸਰ ਰੋਡ' ਚੜ੍ਹਾਈ ਦੀ ਸਿਖਰ ਤੇ ਸੱਜੇ ਇੱਕ ਬੜੇ ਖੁਲ੍ਹੇ ਹਾਲ ਵਿੱਚ, ਜੋ ਐਂਟਰੀ ਤੋਂ ਕਈ ਵਿੰਗ-ਟੇਢ ਪਾਸ ਕੀਤਿਆਂ ਪੁੱਜਿਆ ਜਾਂਦਾ ਹੈ, ਦੋ ਵੌਲੀਬਾਲ ਕੋਰਟ ਸਜਾ ਦਿੱਤੇ ਗਏ ਹਨ। ਇੱਕ ਓਪਨ ਗਰੁੱਪ ਤੇ ਦੂਸਰਾ ਮਿਕਸ (੪੦ ਤੋਂ ਉੱਪਰ ਘੱਟ ਯੋਗਤਾ ਵਾਲੇ ਪੁਰਸ਼+ਬੀਬੀਆਂ+੧੬ ਤੱਕ ਦੇ ਜੂਨੀਅਰ) ਵਾਸਤੇ। ਦੀਵਾਰਾਂ ਨਾਲ ਬਣੇ ਬੈਂਚ, ਸਮੇਤ ਸਟੇਜ, ਦਰਸ਼ਕਾਂ ਲਈ ਲੋੜੀਂਦੜੀ ਬੈਠਣ ਅਸਥਾਨ ਬਣਾ ਰਹੇ ਹਨ।

ਸ਼ਨਿਚਰਵਾਰ ਸ਼ਾਮ ਦੇ ਇਕ ਵਜੇ ਤੱਕ ਸਾਰੀਆਂ ਐਂਟਰ ਹੋਈਆਂ ੧੧ ਟੀਮਾਂ, ਪੁੱਜ, ਮੈਚ ਸੂਚੀ ਪੜਤਾਲ, ਤਿਆਰੀ ਵਿੱਚ ਜੁੱਟ ਗਈਆਂ ਹਨ।

੧੧ ਵਿਚੋਂ ੭ ਟੀਮਾਂ ਓਪਨ ਗਰੁੱਪ ਦੀਆਂ ਹਨ—੨ ਸਿਡਨੀ ਸਿੱਖ, (ਏ ਤੇ ਬੀ), ੨ ਮੈਲਬੋਰਨ ਸਿੰਘ ਸਭਾ, (ਏ ਤੇ ਬੀ), ੧ ਵਿਕਟੋਰੀਅਨ ਸਿੱਖ ਐਸੋਸੀਏਸ਼ਨ, ੧ ਵੀਅਤਨਾਮ (Cha Gio) ਤੇ ੧ ਚਾਈਨੀਜ਼ ਵੌਲੀਬਾਲ ਐਸੋਸੀਏਸ਼ਨ। ਮਿਕਸ ਵਿਚ ਹਨ-ਲਖਵਿੰਦਰ ਸਿੰਘ ਧਾਲੀਵਾਲ, ਬਲਕਾਰ ਸਿੰਘ ਕੰਗ, ਹਰਬੰਸ ਸਿੰਘ ਔਗਰਾ ਤੇ ਜਸਬੀਰ ਸਿੰਘ ਕੰਗ ਦੀਆਂ ਟੀਮਾਂ।

ਪੂਰੇ ਸਵਾ ਇਕ ਵਜੇ ਦੋਵਾਂ ਕੋਰਟਾਂ ਤੇ ਮੈਚ ਸ਼ੁਰੂ ਹੋ ਗਏ। ਮਿਕਸ ਕੋਰਟ ਤੇ ਚਾਰ ਟੀਮਾਂ ਨੂੰ ਸ਼ਨਿਚਰਵਾਰ ਛੇ ਮੈਚ ਖੇਡਣੇ ਪਏ। ਸਾਰੇ ਪਰਾਰੰਭਕ ਮੈਚਾਂ ਵਿਚ ਵਿਹਲੀਆਂ ਟੀਮਾਂ 'ਚੋਂ ਇਕ ਡਿਊਟੀ ਲਈ ਨਿਯੁਕਤ ਹੁੰਦੀ (੨ ਲਾਈਨ ਮੈਨ, ੨ ਰੈਫਰੀ ੧ ਕਊਂਟਰ)।

ਲਾਗਿਓਂ ਹੋ ਦੇਖਣ ਦਾ ਮੈਨੂੰ ਪੂਰਾ ਅਵਸਰ ਪਰਦਾਨ ਸੀ। ਭਾਵੇਂ ਮੇਰੇ ਪਾਸ ਪੂਰਾ ਵੌਲੀਬਾਲਰ ਹੋਣ ਤੇ ਗੇਮ ਨੂੰ ਤੋਲਣ ਦਾ ਪੂਰਾ ਹੁਨਰ ਤੇ ਨਹੀਂ ਸੀ ਪਰ ਰੱਤ ਭਰੇ ਤਕਰੀਬਨ ੬੦ ਖਿਡਾਰੀਆਂ ਨੂੰ ਦੇਖ ਕਿਸ ਦਾ ਮਨ ਖੁਸ਼ੀ ਵਿਚ ਨਹੀਂ ਨੱਚ ਉੱਠਦਾ ਤੇ ਲਾਲ ਕਦੇ ਗੋਦੜੀ ਵਿਚ ਛੁਪਾਇਆਂ ਨਹੀਂ ਛੁਪਦੇ।

੬੨ ਸਾਲ ਦੀ ਉਮਰ ਵਿਚ ਹਰਬੰਸ ਸਿੰਘ ਕੋਰਟ ਵਿਚ ਫਿਰਦੇ ਹੀ ਨਹੀਂ, ਡਟ ਕੇ ਆਪਣੀ ਟੀਮ ਨੂੰ ਸੰਭਾਲਦੇ ਭੀ ਤੇ ਜਿੱਤਣ ਲਈ ਸਾਰਾ ਟਿੱਲ ਲੌਂਦੇ ਹਨ। ੫੨ ਸਾਲਾ ਧਾਲੀਵਾਲ ਆਪਣੇ ਬੁਨਿਆਦੀ ਹੁਨਰ ਨਾਲ ਸਭ ਤੇ ਹਾਵੀ ਹਨ। ਪਰ ਜਿਉਂ ਜਿਉਂ ਵੈਟਰਨ ਦੀ ਉਮਰ ਛੋਟੇ ਪਾਸੇ ਵੱਲ ਨੂੰ ਆਈ ਜਾਂਦੀ ਹੈ ਦੇਖਣ ਵਾਲੀਆਂ ਅੱਖਾਂ ਉਸ ਤੋਂ ਵਧੇਰੇ, ਫੁਰਤੀ ਸਪੀਡ ਤੇ ਫਿਟਨੈਸ ਦੀ ਮੰਗ ਕਰਦੀਆਂ ਹਨ, ਇਸ ਦਾ ਖਿਆਲ ਹਰ ਫੀਲਡ ਵਿਚ ਆਏ ਖਿਡਾਰੀ ਨੂੰ ਰੱਖਣਾ ਚਾਹੀਦਾ ਹੈ।

ਸਾਰਿਆਂ ਨੂੰ ਇਥੇ ਛੱਡ ਮੈਂ ਗੁੱਡੀਆਂ ਵਲ ਦੇ ਪਾਸੇ ਜਾਂਦਾ ਹਾਂ। ਪਰਮਜੀਤ ਕੌਰ ਬਦਵਾਲ, ਇੰਦਰਜੀਤ ਕੌਰ ਸੰਘਾ, ਜਸਬੀਰ ਕੌਰ ਸੰਧੂ, ਸੁਖਬੀਰ ਕੌਰ ਕੰਗ ਆਪੋ ਆਪਣੀ ਉਮਰ ਮੁਤਾਬਿਕ ਵਧੀਆ ਵੌਲੀਬਾਲ ਖੇਡਦੀਆਂ ਹਨ। ਵੌਲੀਬਾਲ ਹੀ ਨਹੀਂ ਪਹਿਲੀਆਂ ਤਿੰਨੇ ਵਧੀਆ ਰਨਰ ਭੀ ਹਨ। ਸਮੇਂ ਸਮੇਂ ਇਨ੍ਹਾਂ ਦੀ ਸਿਡਨੀ ਸਪੋਰਟ ਨੂੰ ਖਾਸ ਦੇਣ ਹੈ। ਸੁਖਬੀਰ ਕੌਰ ਕੰਗ ਆਪਣੇ ਨਾਨਾ ਜੀ ਦੀ ਉਹ ਵੌਲੀਬਾਲਰ ਹੈ ਜਿਸ ਨੇ ਪਹਿਲੋਂ ਪਹਿਲ ਓਪਨ ਵੌਲੀਬਾਲ ਵਿਚ ਕੰਪੀਟ ਕਰਕੇ ਕੁੜੀਆਂ ਵਿੱਚ ਵੌਲੀਬਾਲ ਖੇਡਣ ਦੀ ਰੂਹ ਫੂਕੀ ਤੇ ਕੁੜੀਆਂ ਦਾ ਝੁਕਾ ਏਧਰ ਦਾ ਰੁੱਖ ਧਾਰਨ ਕਰ ਗਿਆ ਜੋ ਅੱਜ ਤੱਕ ਵਧਦਾ ਚਲਾ ਆ ਰਿਹਾ ਹੈ।

ਤਿੰਨ ਜੂਨੀਅਨ ਵੌਲੀਬਾਲਰ—ਰਾਜਵਿੰਦਰ ਸੰਧੂ, ਨਵਦੀਪ ਔਗਰਾ ਤੇ ਅਮਰਿੰਦਰਪਾਲ ਕੰਗ ਚੰਗੇ ਵੌਲੀਬਾਲਰ ਹੋਣ ਨਾਲ ਹੋਰ ਸਪੋਰਟਸ ਵਿਚ ਭੀ ਕਾਫੀ ਕੰਮ ਕਰ ਰਹੇ ਹਨ। ਰਾਜਵਿੰਦਰ ਸੰਧੂ ਤੇ ਨਵਦੀਪ ਔਗਰਾ ਸੌਕਰ, ਕ੍ਰਿਕਟ, ਤੇ ਅਥਲੈਟਿਕਸ ਵਿਚ ਕਈ ਜਿੱਤਾਂ ਪ੍ਰਾਪਤ ਕਰ ਚੁੱਕੇ ਹਨ।

ਰਾਤ ਦੇ ਸਾਢੇ ਅੱਠ ਵਜੇ ਤੱਕ ਇਸ ਕੋਰਟ ਨੇ ਛੇ ਮੈਚ ਖਿਡਵਾ ਕੇ ਲਖਵਿੰਦਰ ਸਿੰਘ ਧਾਲੀਵਾਲ ਤੇ ਬਲਕਾਰ ਸਿੰਘ ਕੰਗ ਦੀਆਂ ਟੀਮਾਂ ਨੂੰ ਫਾਈਨਲ ਤੱਕ ਪੁਜਾ ਦਿੱਤਾ।

ਓਪਨ ਕੋਰਟ ਦੀਆਂ ੭ ਟੀਮਾਂ ਨੂੰ ਸੈਮੀ-ਫਾਈਨਲ ਤੱਕ ਪੁੱਜਣ ਲਈ ੯ ਮੈਚ ਖੇਡਣੇ ਪਏ, ਹਰ ਮੈਚ ਤਿੰਨ ਸੈਟਸ ਦਾ ਹੁੰਦਾ ਹੈ। ਇਨ੍ਹਾਂ ੭ ਵਿਚੋਂ ੫ ਟੀਮਾਂ ਖਾਸ ਵਰਨਣ ਯੋਗ ਹਨ। ਦੂਸਰੀਆਂ-ਸਿਡਨੀ ਸਿੱਖ (ਬੀ) ਤੇ ਮੈਲਬੋਰਨ ਸਿੰਘ ਸਭਾ



Namdhari Elibrary NamdhariElibrary@gmail.com

(ਬੀ), ਅਜੇ ਹੋਰ ਵਧੇਰੇ ਕੰਮ ਦੀ ਮੰਗ ਕਰਦੀਆਂ ਹਨ। ਯਾਦ ਰੱਖਣ ਵਾਲੀ ਗੱਲ ਤਾਂ ਇਹ ਹੈ ਕਿ ਹਰਨਾ ਕੋਈ ਰੋਗ ਨਹੀਂ, ਨਾ ਹੀ ਇਸ ਨੂੰ ਰੋਗ ਬਣਾ ਲੈਣਾ ਚਾਹੀਦਾ ਹੈ। ਵਧੀਆ ਖਿਡਾਰੀ ਉਹੀ ਹੈ ਜੋ ਹਰ ਹਾਰ ਨੂੰ ਜਿੱਤ ਲਈ ਹਥਿਆਰ ਬਣਾ ਲਵੇ ਤੇ ਆਪਣੀ ਮੰਜ਼ਿਲ ਵੱਲ ਨੂੰ ਵਧੇ। ਹਰ ਹਾਰ ਜਿੱਤ ਨੂੰ ਜਨਮਦੀ ਹੈ ਦੇਖਣਾ ਤਾਂ ਇਹ ਹੈ ਕਿ ਤੁਸੀਂ ਕਿਸ ਭਾਵਨਾ ਨਾਲ ਇਸ ਦੀ ਮਨ ਤੇ ਮਾਲਸ਼ ਕਰਦੇ ਹੋ।

ਅਗਲੀ ਹਾਰ ਖਾਣ ਵਾਲੀ ਟੀਮ ਸੀ 'ਚਾਈਨੀਜ਼ ਵੌਲੀਬਾਲ ਐਸੋਸੀਏਸ਼ਨ'। ਸਿਡਨੀ ਸਿੱਖ (ਏ) ਨਾਲ ਇਸਦਾ ਪਹਿਲਾ ਮੈਚ ਹੋਇਆ। ਪੂਰਾ ਤਣਾਓ ਸੀ ਦੋਵੀਂ ਪਾਸੀਂ। ਸਿਡਨੀ ਸਿੱਖ ਪਾਸ ਪੂਰੀ ਸਟਰੈਂਗਥ ਭਾਵੇਂ ਨਹੀਂ ਸੀ ਪਰ ਇਹ ਮੈਚ ਉਸ ਬਗੈਰ ਤਕਲੀਫ ੨/੦ ਤੇ ਜਿੱਤ ਲਿਆ। ਚੀਨਿਆਂ ਵਲੋਂ ਨੰ. ੨ ਦਾ ਨੈੱਟ ਤੇ ਖੇਡਣਾ ਸਲਾਹੁਣ ਯੋਗ ਲੱਗ ਰਿਹਾ ਸੀ। ਸਿਡਨੀ ਸਿੱਖ ਜਿਵੇਂ ਪਿੱਛਿਓਂ ਉਠਦੇ ਨਵੇਂ ਖਿਡਾਰੀਆਂ ਨੂੰ ਬਹੁਤਾ ਸਮਾਂ ਦਿੰਦੀ ਨਜ਼ਰ ਆ ਰਹੀ ਸੀ, ਜਿਨ੍ਹਾਂ ਵਿਚੋਂ 'ਸੋਨੂੰ ਸੰਘਾ' ਬਹੁਤਾ ਵਰਨਣਯੋਗ ਹੈ। ਜਵਾਨੀ ਦਾ ਸਾਰਾ ਟਿਲ ਲਾ ਇਹ ਸਦਾ ਆਪਣੀ ਸੀਮਾਂ ਤੱਕ ਪੁੱਜ ਖੇਡਦਾ ਹੈ। 'ਸਕੰਦਰ' ਨਵਾਂ ਪਰ ਆਪਣੀ ਥਾਂ ਟੀਮ ਵਿਚ ਬਣਾਣ ਲਈ ਪੂਰਾ ਜਤਨਸ਼ੀਲ ਤੇ ਸਫ਼ਲ ਹੈ। ਖੁਸ਼ਵੰਤ ਧਾਲੀਵਾਲ ਭੀ ਫਲੂ ਘਿਰਿਆ ਕਾਫੀ ਸਮਾਂ ਬਾਹਰ ਰਿਹਾ, ਕਿਰਪਾਲ ਤੇ ਜਸਕਰਨ ਵਾਰੀ ਵਾਰੀ ਗੇਪਲੇਸ ਹੁੰਦੇ ਹਨ।

'ਸਿਡਨੀ ਸਿੱਖ ਏ' ਵਿੱਚ ਜੇ ਉਸ ਦਿਨ ਪੂਰਾ ਸਮਾਂ ਤੇ ਪੂਰੀ ਟਿੱਲ ਨਾਲ ਖੇਡਿਆ ਤਾਂ ਉਹ ਸੀ ਗੁਰਪ੍ਰੀਤ ਬਦਵਾਲ। ਦੋਵੇਂ ਅਰੰਭਕ ਮੈਚਾਂ ਵਿੱਚ ਇਸ ਦਾ ਵੱਡਾ ਹੱਥ ਬੰਦ ਅੱਖੀਆਂ ਨਾਲ ਭੀ ਦੇਖਿਆ ਜਾ ਸਕਦਾ ਹੈ। ਪੂਰੀ ਮਿਹਨਤ ਨਾਲ ਇਹ ਆਪਣੇ ਸਰੀਰ ਨੂੰ ਇਸ ਅਣਥੱਕਤਾ ਤੱਕ ਲੈ ਗਿਆ ਹੈ ਜਿਸ ਦੇ ਪੈਰਾਂ ਨੂੰ ਧਰਤੀ ਤੋਂ ਹਲੋਣਾ ਕੋਈ ਸੌਖਾ ਕੰਮ ਨਹੀਂ। ਐਤਵਾਰ ਇਸ ਨੇ ਕਬੱਡੀ ਲਈ ਚਲੇ ਜਾਣਾ ਸੀ ਇਸੇ ਕਾਰਨ ਕਿਰਪਾਲ ਕੈਪਟਨ ਇਸ ਨੂੰ ਬਹੁਤਾ ਕੰਮ ਸੌਂਪਦਾ ਦਿਸ ਰਿਹਾ ਸੀ, ਜਿਸ ਦਾ ਇਸ ਨੂੰ ਰੰਚਕ ਭਰ ਭੀ ਦਰੇਗ ਨਹੀਂ ਸੀ। ਕੁਲਦੀਪ ਕੰਗ ਦੀ, ਨੈੱਟ ਤੇ, ਆਪਣੇ ਬਲਵਾਨ ਬਲ ਦੀ ਪੂਰਨ ਵਰਤੋਂ ਉਸਦੀ ਬੈਕ ਫੀਲਡ ਵਿੱਚ ਫੁਰਤੀਲੀ ਘਾਟ ਤੇ ਕਿਤੇ ਹਾਵੀ ਦਿਸ ਰਹੀ ਸੀ।

ਗੁਰਲਾਲ 'ਲਾਲੀ' ਵੌਲੀਬਾਲ ਵਿਚ ਜਮਾਂਦਰੂ ਸੈਂਟਰ ਹੈ। ੧੫ ਸਾਲ ਤੋਂ ਇਹ ਇਸ ਫੀਲਡ ਦੀ ਸੰਭਾਲ ਪੂਰੀ ਦਲੇਰੀ ਤੇ ਸੂਝ ਨਾਲ ਕਰਦਾ ਚਲਾ ਆ ਰਿਹਾ ਹੈ। ੧੯੮੮ ਵਿਚ ਜਦੋਂ ਪਹਿਲਾਂ ਵੌਲੀਬਾਲ ਟੂਰਨਾਮੈਂਟ ਪਾਰਕਲੀ ਗੁਰਦੁਆਰੇ ਖੇਡਿਆ ਗਿਆ, ੧੨ ਸਾਲਾ 'ਲਾਲੀ' ਆਪਣੇ ਵੱਡੇ ਵੀਰ 'ਪਾਲੀ' (ਕਿਰਪਾਲ) ਲਈ ਬਾਲ ਬਣਾਇਆ ਕਰਦਾ ਸੀ। ਚਾਰੇ ਟੀਮਾਂ ਕਹਿ ਰਹੀਆਂ ਸਨ-'ਇਸ ਨਿਕੜੇ ਮੁੰਡੇ ਨੇ ਹਰਾਇਆ ਹੈ ਸਭ ਨੂੰ ਅੱਜ।' ਇਹ ਅਣਥੱਕ ਤੇ ਸਿਰੜੀ 'ਲਾਲੀ' ਕਈ ਵੇਰ ਚਟਾਨਾਂ ਨਾਲ ਟਕਰੋਣੋਂ ਭੀ ਸੰਕੋਚ ਨਹੀਂ ਕਰਦਾ। ਇਸ ਦੀ ਪਿੱਠ ਤੇ ਜਿੱਤਾਂ ਦਾ ਵੱਡਾ ਢੇਰ ਹੈ। ਸੋ ਅਜਿਹਾ 'ਲਾਲੀ' ਆਪਣੀਆਂ ਸਾਰੀਆਂ ਜ਼ੁੰਮੇਵਾਰੀਆਂ ਸਮਝ ਕੇ, ਕਰਤਾ ਧਰਤਾ ਬਣ, ਸਾਰੇ ਸੈਟ ਅੰਤ ਤੱਕ ਖੇਡਦਾ ਤੇ ਖਿਡਾਉਂਦਾ ਰਿਹਾ।

ਮੈਲਬਰੋਨ ਸਿੰਘ ਸਭਾ (ਏ) ਨੇ ਤਿੰਨ ਮੈਚ ਖੇਡੇ। ਤਿੰਨਾਂ ਦਾ ਵਖਾਣ ਹੀ ਦਰਸ਼ਨੀ ਸੀ। ਸਾਰੀਆਂ ਗੇਮਾਂ ਵਿੱਚ ਇੱਕੋ ਹੀ ਮੂਰਤ ਬਿਜਲੀ ਵਾਂਗ ਚਮਕਦੀ ਲਿਸ਼ਕਦੀ ਨਜ਼ਰ ਆਉਂਦੀ। ਜਿੱਧਰ ਵੀ ਜਾਏ ਆਭਾ ਅਚੂਕ ਸੀ। ਇਹ ਸੀ ਦੋਵਾਂ ਗੋਡਿਆਂ ਤੇ ਨੀ-ਕੈਪ ਸ਼ਿੰਗਾਰੇ ਗੁਰਦਾਵਰ ਸਿੰਘ। ੪੨ ਸਾਲ ਦੇ ਇਸ ਗਭਰੂ ਦੇ ਸਰੀਰ ਵਿਚ ਸਮੇਂ ਨੂੰ ਚੀਰ ਦੇਣ ਵਾਲੀ ਸਮਰੱਥਾ ਠਾਠਾਂ ਮਾਰ ਰਹੀ ਸੀ।

ਸਾਰੇ ਫੀਲਡ ਵਿਚ ਗੁਰਦਾਵਰ ਸਿੰਘ ਇੰਜ ਫੁਦਕਦਾ ਤਰਦਾ ਫਿਰਦਾ ਜਿਵੇਂ ਦੀਵਾਲੀ ਰਾਤੇ ਦੀਵਿਆਂ ਘਿਰੇ ਵਿਹੜੇ ਵਿਚ ਚਕੂੰਦਰ ਫਿਰ ਰਹੀ ਹੋਵੇ ਤੇ ਜਦੋਂ ਉਸ ਨੂੰ ਬਾਲ ਠੀਕ ਮਿਲ ਗਿਆ ਨੈੱਟ ਵੱਲ ਨੂੰ ਇੰਜ ਉਡਿਆ ਜਿਵੇਂ ਕਿਸੇ ਮਿੱਟੀ ਢੇਰ 'ਚੋਂ ਆਤਸ਼ਬਾਜ਼ੀ ਦਾਗ ਦਿੱਤੀ ਹੋਵੇ।

"ਤੁਸੀਂ ਕਿਧਰੇ ਭੀ ਹੋਵੋ, ਗੁਰਦਾਵਰ ਸਿੰਘ! ਮੇਰੀਆਂ ਨਜ਼ਰਾਂ ਤੁਹਾਨੂੰ ਸਦਾ ਇਸ ਜਿੰਮ ਹਾਲ ਵਿਚ ਉੜਿਆ ਫਿਰਦਾ ਮਹਿਸੂਸ ਕਰਦੀਆਂ ਰਹਿਣਗੀਆਂ।"

ਨਵਿਆਂ ਨੌਜਵਾਨਾਂ ਨੂੰ ਗੁਰਦਾਵਰ ਸਿੰਘ ਦੀ ਫਿਟਨੈਸ ਤੇ ਝਲਕ ਵਿਚੋਂ ਕੁਝ ਸਿੱਖਣਾ, ਤੇ ਗੁਰੂ ਸਿੰਘ ਸਭਾ ਨੂੰ ਅਜਿਹੇ ਸੁਲਝੇ ਹੋਏ ਸਿਆਣੇ ਗਭਰੂ ਵੈਟਰਨ ਤੇ ਮਾਣ ਹੋਣਾ ਚਾਹੀਦਾ ਹੈ। ਹਰਦੀਪ ਸਿੰਘ! "ਤੁਸੀਂ ਕਿੰਨੇ ਲੱਕੀ ਹੋ ਤੁਹਾਨੂੰ ਅਜਿਹੇ ਵੈਟਰਨ ਨਾਲ ਖੇਡਣ ਦਾ ਮੌਕਾ ਮਿਲ ਰਿਹਾ ਹੈ।"

ਸੋ ਪੂਲ ੧ 'ਚੋਂ ਨੰ : ੧ ਤੇ ਸਿਡਨੀ ਸਿੱਖ ਤੇ ਨੰ : ੨ ਤੇ ਗੁਰੂ ਸਿੰਘ ਸਭਾ। ਪੂਲ ੨ ਚੋਂ ਨੰ : ੧ ਤੇ ਵੀਅਤਨਾਮ ਤੇ ਨੰ : ੨ ਤੇ ਵਿਕਟੋਰੀਅਨ ਸਿੱਖ ਐਸੋਸੀਏਸ਼ਨ ਰਹੀ।

ਦੂਸਰੀ ਸਵੇਰ ਸੈਮੀ-ਫਾਈਨਲ ਨਾਲ ਸ਼ੁਰੂ ਹੋਈ। ਅੱਜ ਰੈਫਰੀ ਬਾਹਰੋਂ ਸਨ-ਮਿ: Wei Pin ਤੇ ਉਸਦੀ ਸਹਾਇਕਾ।

ਸਿਡਨੀ ਸਿੱਖ ਤੇ ਵਿਕਟੋਰੀਅਨ ਸਿੱਖ ਐਸੋਸੀਏਸ਼ਨ ਦੇ ਇਸ ਨਿਰਣਾਇਕ ਮੈਚ ਨੇ ਦੋਵਾਂ ਟੀਮਾਂ ਦੀ ਅੰਤਮ ਸਿਖਰ ਦੇਖ ਲਈ। ਦਰਸ਼ਕਾਂ ਦੀਆਂ ਦੇਖਦਿਆਂ-ਕਚੀਚਦਿਆਂ ਦੰਦੀਆਂ ਘਸ ਗਈਆਂ, ਖਿਡਾਰੀਆਂ ਦੀਆਂ ਪਤਨੀਆਂ ਤੇ



Namdhari Elibrary NamdhariElibrary@gmail.com

ਸਨਾਟਾ ਛਾ ਗਿਆ ਤੇ ਗੁਰੂ ਪਿਆਰਿਆਂ ਦੇ ਹੱਥ ਮਾਲਾ ਤੇ ਜਾ ਟਿਕੇ। ਧੰਨ ਦੇ ਉਹ ਹਨ ਜੋ ਮੈਦਾਨ ਵਿਚ ਖੇਡਦੇ ਹਨ।

ਜਿੱਥਿ ਜਿੱਤ ਹਾਰ ਹੈ ਉਥੇ ਯੁਧ ਹੈ। ਮਹਾਨ ਹਨ ਉਹ ਮੁੰਡੇ ਜੋ ਮਰਨ ਮਾਰਨ ਤੇ ਪੁੱਜ ਕੇ ਬਾਦ ਵਿਚ ਹੱਥ ਜ਼ਰੂਰ ਮਿਲਾ ਲੈਂਦੇ ਹਨ।

ਸਿਡਨੀ ਸਿੱਖ ਨੂੰ ਗੁਰਪ੍ਰੀਤ ਦੀ ਘਾਟ ਰੜਕ ਰਹੀ ਸੀ, ਖੁਸ਼ਵੰਤ ਭੀ ੧੦੦% ਨਹੀਂ ਸੀ, ਵਿਕਟੋਰੀਏ ਦਾ ਮੇਜਰ ਭੀ ਕਲ੍ਹ ਕੁਝ ਢਿੱਲਾ ਦੱਸ ਰਿਹਾ ਸੀ।

ਗੇਮ ਸ਼ੁਰੂ ਤੋਂ ਹੀ ਬਰਾਬਰ ਚੱਲ ਰਹੀ ਸੀ। ਮੇਜਰ ਠੀਕ ਹੀ ਲਗਦਾ ਪਰ ਅੱਜ ਦਿਹਾੜ ਜਿਵੇਂ ਨੰ : ੧੧ ਬਰਿੰਦਰ ਦੀ ਸੀ। ਪਹਿਲਾ ਸੈਟ ਸਿਡਨੀ ੨੬/੨੪ ਨਾਲ ਲੈ ਗਈ।

ਪਾਸੇ ਦੋਵੇਂ ਬਰਾਬਰ ਸਨ। ਤਣਾਓ ਵਧਦਾ ਜਾ ਰਿਹਾ ਸੀ। ਬਰਿੰਦਰ ਪੂਰੇ ਕੰਟਰੋਲ ਵਿੱਚ ਸੀ। ਸਿਡਨੀ ਨੂੰ ਗੁਰਪ੍ਰੀਤ ਦੀ ਘਾਟ ਰੜਕਦੀ ਸੀ। ਦੂਸਰਾ ਸੈਟ ਮੈਲਬੋਰਨ ਨੇ ੨੬/੨੪ ਨਾਲ ਜਿੱਤ ਲਿਆ।

ਮੈਚ ਲੰਮਾ ਹੁੰਦਾ ਨਜ਼ਰ ਆ ਰਿਹਾ ਸੀ। ਸਿਡਨੀ ਸਿੱਖ ਕੁਝ ਵਧੇਰੇ ਡੂੰਘੀਆਂ ਸੋਚਾਂ ਵਿੱਚ ਉੱਤਰ ਗਏ ਸਨ। ਬਰਿੰਦਰ ਸਿੰਘ ਵਾਰ ਤੇ ਵਾਰ ਕਰਦਾ ਚਲਾ ਆ ਰਿਹਾ ਸੀ। ਮੇਜਰ ਸਿੰਘ ਦਾ ਉਤਸ਼ਾਹ ਚਮਕ ਰਿਹਾ ਸੀ। ਸਿੰਘ ਸਭਾ ਦੀਆਂ ਦੋਵੇਂ ਟੀਮਾਂ ਬਰਿੰਦਰ ਪਿੱਛੇ ਖੜ੍ਹੀਆਂ ਸਨ। ਇਹ ਸੈਟ ਫਿਰ ਵਿਕਟੋਰੀਆ ਨੇ ੨੫/੨੨ ਤੇ ਜਿੱਤ ਲਿਆ।

ਹਾਰ ਦਾ ਭੂਤ ਜਿਵੇਂ ਸਿਡਨੀ-ਸਿੱਖ ਨੂੰ ਦਿੱਸਣ ਲੱਗ ਪਿਆ ਸੀ। ਖੁਸ਼ਵੰਤ ਨੂੰ ਫਲੂ ਚਕਰਾ ਰਿਹਾ ਸੀ। ਕੁਲਦੀਪ ਦੀ ਸਮਰੱਥਾ ਸਿਖਰਾਂ ਤੇ ਭੀ ਕੁਝ ਸੰਵਾਰਦੀ ਨਜ਼ਰ ਨਹੀਂ ਸੀ ਆ ਰਹੀ। ਜਸਕਰਨ ਨੂੰ ਜਿਵੇਂ ਅਗਨ-ਬਾਣ ਬਰਸਾਵਣ ਦਾ ਮੌਕਾ ਨਹੀਂ ਸੀ ਮਿਲ ਰਿਹਾ। ਪਾਲੀ ਦੀ ਡਿਫੈਂਸ ਕੋਸ਼ਿਸ਼ ਤੇ ਤਕਨੀਕ ਸੀਮਾ ਕਰਾਸ ਕਰ ਚੁੱਕੀ ਸੀ। ਇਕ ਵੇਲਾ ਸੀ, ਚੌਥੇ ਸੈਟ ਵਿਚ ਜਦੋਂ ਮੈਲਬੋਰਨ ੮ ਪੁਆਇੰਟ ਅੱਗੇ ਸੀ। ਸਿਡਨੀ ਨੇ ਟਾਈਮ ਆਫ ਲਿਆ।

ਇਸ ਅੱਧੇ ਮਿੰਟ ਵਿਚ ਤਜਰਬੇਕਾਰ ਪਾਲੀ ਤੇ ਲਾਲੀ ਨੇ ਕੀ ਬੂਟੀ ਸੁੰਘਾਈ-ਪਤਾ ਨਹੀਂ, ਪਰ ਇਕ ਨਵਾਂ ਜੋਸ਼ ਜ਼ਰੂਰ ਉਭਰਿਆ, ਖਾਸ ਕਰ ਜਸਕਰਨ ਸਿੰਘ ਵਿਚ। ਪਹਿਲੀ ਸਰਵਿਸ ਤੇ ਜਸਕਰਨ ਪੂਰੇ ਅਟੈਕ ਤੇ ਸੀ। ਇਸ ਨਾਲ ਸਾਰਿਆਂ ਵਿਚ ਜਿਵੇਂ ਇਕ ਜੁਸ਼ੀਲੀ ਰੂਹ ਭੜਕ ਉੱਠੀ। ਹਰ ੫ ਮਿੰਟ ਬਾਦ ਜਸਕਰਨ ਬਾਹਰ ਆਉਂਦਾ ਤੇ ਟੁੱਟ ਪੈਂਦਾ ਨੈਟ ਤੇ। ਬਰਿੰਦਰ ਸਿੰਘ ਸੋਚੀਂ ਪਿਆ ਪਰ ਜਿਵੇਂ ਉਸਨੂੰ ਸੋਚਣ ਦਾ ਮੌਕਾ ਦੇਣ ਨੂੰ ਜਸਕਰਨ ਤਿਆਰ ਨਹੀਂ ਸੀ। ਲਾਲੀ ਤੇ ਪਹਿਲੋਂ ਹੀ ਉਡੀਕ ਵਿਚ ਸੀ। ਸਾਰਿਆਂ ਦੇ ਕੰਨ ਖੜ੍ਹੇ ਹੋ ਗਏ ਸਨ। ਚੌਥਾ ਸੈਟ ਜਸਕਰਨ ਦੇ ਜੋਸ਼ ਨੇ ਸਿਡਨੀ ਨੂੰ ੨੭/੨੫ ਤੇ ਜਿਤਾ ਦਿੱਤਾ।

ਪੰਜਵੇਂ ਸੈਟ ਵਿਚ ਵੜਦਿਆਂ ਹੀ ਸਿਡਨੀ ਸਿੱਖ ਸਪਿਰਿਟ ਹੋ ਚੁੱਕੇ ਸਨ। ਬਰਿੰਦਰ ਤੇ ਮੇਜਰ ਦੋਵਾਂ ਲਈ ਜਿਵੇਂ ਇਸ ਨੂੰ ਝੱਲਣਾ ਔਖਾ ਹੋ ਗਿਆ ਸੀ। ਇਸ ਤਰ੍ਹਾਂ ਇਸ ਪੰਜਵੇਂ ਸੈਟ ਨੂੰ ੧੫/੭ ਤੇ ਜਿੱਤ ਕੇ ਸਿਡਨੀ ਸਿੱਖ ਫਾਈਨਲ ਵਿੱਚ ਪੁੱਜ ਗਏ ਜਿਸ ਦਾ ਸਿਹਰਾ ਸਿੱਧਾ ਜਸਕਰਨ ਸਿਰ ਜਾਂਦਾ ਹੈ।

ਦੂਸਰਾ ਸੈਮੀ ਵੀਅਤਨਾਮ ਤੇ ਗੁਰੂ ਸਿੰਘ ਸਭਾ ਵਿਚਕਾਰ ਖੇਡਿਆ ਗਿਆ। ਦੋਵਾਂ ਟੀਮਾਂ ਵਿਚ ਦੋ ਨਿਊਜ਼ੀਲੈਂਡਰ ਸਨ, ਜਿਸ ਦੀ ਰੂਲਾਂ ਅਨੁਸਾਰ ਖਿਡਾਉਣ ਦੀ ਆਗਿਆ ਸੀ। ਦੋਵੇਂ ਹੀ ਚੋਟੀ ਦੇ ਵੌਲੀਬਾਲਰ ਸਨ। ਵੀਅਤਨਾਮੀ ਸਾਰੇ ੨੦ ਕੁ ਸਾਲ ਦੇ ਲਗਦੇ ਸਨ, ਜਾਂ ਫਿਟਨੈਸ ਦੀ ਸਿਖਰ ਉਨ੍ਹਾਂ ਦੀ ਇਹੁ ਉਮਰ ਦਰਸਾ ਰਹੀ ਸੀ।

ਗੁਰਦਾਵਰ ਸਿੰਘ ਨੂੰ ਭਾਵੇਂ ਨਿਊਜ਼ੀਲੈਂਡਰ ਤੇ ਕੈਪਟਨ ਹਰਦੀਪ ਦੀ ਪੂਰੀ ਮਦਦ ਸੀ ਪਰ ਪਹਿਲਾ ਸੈਟ ਜਦੋਂ ਵੀਅਤਨਾਮ ਨੇ ੨੬/੧੬ ਤੇ ਜਿਤਿਆ, ਦਰਸਾ ਗਿਆ ਕਿ ਪਾਣੀ ਪੁਲ ਦੇ ਉੱਪਰ ਦੀ ਵਗਣ ਵਾਲਾ ਹੈ।

ਦੂਸਰੇ ਸੈਟ ਵੜਦਿਆਂ ਗੁਰਦਾਵਰ ਨੇ ਟੀਮ ਨੂੰ ਡਟ ਕੇ ਵੰਗਾਰਿਆ ਤੇ ਏਸ ਸੈਟ ਨੇ ਦੋਵਾਂ ਟੀਮਾਂ ਦੇ ਸਕਿੱਲ, ਸਪੀਡ ਤੇ ਸਟਰੈਂਗਥ ਦੀ ਸਿਖਰ ਦੇਖ ਲਈ। ਇਹ ਸੈਟ ਜਿੱਤਣ ਲਈ ਵੀਅਤਨਾਮ ਨੂੰ ੩੦ ਤੱਕ ਸਕੋਰ ਅਪੜਾਣਾ ਪਿਆ। ਵੀਅਤਨਾਮ ਵਿਚ ਨੰ. ੪, ਨੰ. ੫ ਤੇ ਨਿਊਜ਼ੀਲੈਂਡਰ ਚਮਕਦੇ ਨਜ਼ਰ ਆ ਰਹੇ ਸਨ।

ਤੀਸਰਾ ਸੈਟ ਭੀ ਵੀਅਤਨਾਮ ਨੂੰ ੨੫/੨੨ ਤੇ ਦੇ ਕੇ, ਗੁਰਦਾਵਰ ਸਿੰਘ ਨੇ ਬੜੇ ਫਖਰ ਨਾਲ ਵੀਅਤਨਾਮ ਦੇ ਉਭਰਦੇ ਨੌਜਵਾਨਾਂ ਨਾਲ ਹੱਥ ਮਿਲਾਇਆ, ਰੈਫਰੀ ਨੂੰ ਧੰਨਵਾਦ ਆਖ, ਕੋਰਟ ਤੋਂ ਵਿਦਾਇਗੀ ਲੈ ਲਈ।

ਇਸ ਵਿਚ ਸ਼ੱਕ ਨਹੀਂ ਕਿ ਗੁਰਦਾਵਰ ਸਿੰਘ ਇਸ ਮੈਚ ਵਿਚ ਭੀ ਆਪਣੀ ਚਮਕ ਜ਼ਰੂਰ ਬਰਕਰਾਰ ਰੱਖੀ।

ਇਸੇ ਕੋਰਟ ਤੇ ਤੀਸਰਾ ਮੈਚ-ਮਿਕਸ ਫਾਈਨਲ ਖੇਡਿਆ ਗਿਆ, ਰੈਫਰੀ ਸਨ ਹਰਬੰਸ ਸਿੰਘ ਔਗਰਾ।

ਦੋਵੇਂ ਸਰਦਾਰ ਕੈਪਟਨ-ਲਖਵਿੰਦਰ ਸਿੰਘ ਧਾਲੀਵਾਲ ਤੇ ਬਲਕਾਰ ਸਿੰਘ ਕੰਗ ਬਸਾਖੀ ਦੀ ਸਪਿਰਿਟ ਨੂੰ ਸ਼ਾਨ ਬਖਸ਼ ਰਹੇ ਸਨ। ਦੋਵੇਂ ੫੦-੫੫ ਦੇ ਵਿਚਕਾਰ ਜਿਸ ਨੂੰ ਮੈਂ ਬਹੁਤੀ ਸਿਆਣੀ ਉਮਰ ਨਹੀਂ ਮੰਨਦਾ। ਲਖਵਿੰਦਰ ਸਿੰਘ ਦੀ ਟੀਮ ਬਹੁਤੀ ਕਪਤਾਨ ਦੀ ਤਜਰਬੇ ਭਰਪੂਰ ਅਗਵਾਈ ਤੇ ਨਿਰਭਰ



Namdhari Elibrary NamdhariElibrary@gmail.com

ਸੀ। ਦੋਵੇਂ ਗੁੱਡੀਆਂ-ਪਰਮਜੀਤ ਬਦਵਾਲ ਤੇ ਜਦਬੀਰ ਸੰਧੂ ਆਪਣਾ ਪਾਰਟ ਬੜੀ ਦਲੇਰੀ ਨਾਲ ਪਲੇ ਕਰ ਰਹੀਆਂ ਸਨ। ਜਦਬੀਰ ੪੫ ਦੇ ਲਾਗੇ ਬੜੀ ਫਿੱਟ ਤੇ ਦੇਰ ਤੋਂ ਖੇਡਦੀ ਆ ਰਹੀ ਵੌਲੀਬਾਲਰ ਹੈ। ਬੱਚੀ ਪਰਮਜੀਤ (ਪਤਨੀ-ਗੁਰਪ੍ਰੀਤ) ਸਾਡੀ ਨੰ. ੧ ਸਪੋਰਟ ਗਰਲ ਹੈ, ਜਿਸ ਨੂੰ ਮੈਂ ਕੋਰਟ ਵਿਚ ਉਡਦਿਆਂ ਫਿਰਦਿਆਂ ਤੱਕਿਆ ਹੈ।

ਰੈਸਲਰ ਮਹਿੰਗਾ ਸਿੰਘ ਖਾਖ ੧੯੮੮ ਦੀ ਕਬੱਡੀ ਦਾ ਪਹਿਲਾ ਚੈਂਪੀਅਨ ਹੈ, ਜਿਸ ਦੇ ਪੱਠਿਆਂ ਨੂੰ ਵੌਲੀਬਾਲ ਖੇਡਦਿਆਂ ਕੁਝ ਦਿੱਕਤ ਜ਼ਰੂਰ ਮਹਿਸੂਸ ਹੁੰਦੀ ਹੋਵੇਗੀ ਪਰ ਇਹ ਸਭ ਘਾਟਾਂ ਕੈਪਟਨ ਪੂਰੀਆਂ ਕਰੀ ਜਾ ਰਿਹਾ ਸੀ।

ਬਲਕਾਰ ਸਿੰਘ ਦੀ ਮਦਦ ਲਈ ਤਿੰਨ ਠੋਸ ਵੈਟਰਨ ਹਨ-ਜਸਵਿੰਦਰ ਸਿੰਘ ਸੰਧੂ, ਗੁਰਚਰਨਜੀਤ ਸਿੰਘ ਅਤਵਾਲ ਤੇ ਮਹਿੰਦਰ ਸਿੰਘ ਸੰਘਾ।

ਜਸਵਿੰਦਰ ਸਿੰਘ ਸੰਧੂ ੧੯੮੮ ਤੋਂ ਖੇਡਦਾ ਆ ਰਿਹਾ ਵੌਲੀਬਾਲਰ ਹੈ। ਆਪ ਹੀ ਨਹੀਂ ਇਸ ਨੇ ਬੱਚਿਆਂ ਤੇ ਭੀ ਪੂਰਾ ਟਿੱਲ ਲਾਇਆ ਹੋਇਆ ਹੈ। ਰਾਜਵਿੰਦਰ ਸੰਧੂ ਬੜਾ ਹੋਣਹਾਰ ਸਪੋਰਟ ਜੂਨੀਅਰ ਹੈ, ਜਿਸ ਨੇ ਕਈ ਫੀਲਡਾਂ ਵਿਚ ਨਾਮਣੇ ਖੱਟੇ ਹਨ, ਵਧੀਆ ਵੌਲੀਬਾਲਰ ਭੀ ਹੈ। ੧੪ ਸਾਲਾ ਗੁੱਡੀ ਪਰਮਬੀਰ ਸੰਧੂ ਸਟੇਟ ਹੌਕੀ ਟੌਪ ੨੫ ਵਿਚ ਚੁਣੀ ਜਾ ਚੁੱਕੀ ਹੈ। ਇਹ ਸਾਡੀਆਂ ਆਸਾਂ ਦਾ ਕੇਂਦਰ ਹੈ। ਪੜ੍ਹਾਈ ਵਿਚ ਦੋਵੇਂ ਏ—੧ ਹਨ।

ਗੁਰਚਰਨਜੀਤ ਸਿੰਘ ਅਟਵਾਲ ਅੱਡੀਆਂ ਚੁੱਕ ਨੈਟ ਉੱਪਰ ਤੱਕ ਦੇਖਣ ਦੀ ਸਮਰੱਥਾ ਰੱਖਦਾ ਹੈ। ਅਜਿਹੇ ਨੌਜਵਾਨ ਵੈਟਰਨ ਲਈ, ਵੌਲੀਬਾਲ ਦੀ ਖੇਡ, ਖੇਡ ਹੀ ਤਾਂ ਹੈ।

ਮਹਿੰਦਰ ਸਿੰਘ ਸੰਘਾ 'ਐਸ' ਨੂੰ ਸਪੋਰਟ ਨਾਲ ਖਾਸ ਇਸ਼ਕ ਹੈ-ਸੰਘਾ, ਸੰਧੂ ਸਹੋਤੇ। ਨਿਕੜੀ ਉਮਰ ਦੇ ਦਇਆ ਸਿੰਘ ਸੰਘੇ ਤੋਂ ਲੈ ਕੇ ਪ੍ਰਿੰ. ਗਿਆਨ ਸਿੰਘ ਸਹੋਤੇ ਤੱਕ ਅਨ ਗਿਣਤ ਸੰਘੇ ਸੰਧੂ ਸਹੋਤੇ ਇਸ ਫੀਲਡ ਵਿਚ ਦਖਾਈ ਦੇਣਗੇ। ਮਹਿੰਦਰ ਸਿੰਘ ਉਨ੍ਹਾਂ ਵਿਚੋਂ ਇਕ ਹੈ ਤੇ ਇਹ ਆਪਣੇ ਨਾਂ ਨੂੰ ਬਰਕਰਾਰ ਰੱਖਣ ਲਈ ਵੌਲੀਬਾਲ ਹੀ ਨਹੀਂ ਹਰ ਮੈਦਾਨ ਵਿਚ ਅੱਗੇ ਹੁੰਦਾ ਹੈ।

ਇਨ੍ਹਾਂ ਦੋਵਾਂ ਟੀਮਾਂ ਨੇ ਬੜੇ ਸ਼ਾਨਦਾਰ ੫ ਸੈੱਟ ਦਰਸ਼ਕਾਂ ਨੂੰ ਖੇਡ ਦਿਖਾਏ। ਪਹਿਲੇ ੨ ਸੈੱਟ ਲਖਵਿੰਦਰ ਸਿੰਘ ਧਾਲੀਵਾਲ ੨੫/੨੦ ਤੇ ੨੫/੧੯ ਨਾਲ ਲੈ ਗਏ ਤੇ ਅਗਲੇ ੨ ਸੈਟ ਬਲਕਾਰ ਸਿੰਘ ਕੰਗ ੨੫/੧੬ ਤੇ ੨੫/੨੦ ਨਾਲ ਜਿੱਤਣ ਵਿਚ ਸਫਲ ਹੋਏ।

ਨਿਰਨਾਇਕ ਸੈਟ ੧੫/੯ ਨਾਲ ਜਿੱਤ ਕੇ ਲਖਵਿੰਦਰ ਸਿੰਘ ਧਾਲੀਵਾਲ ਸਰਬੋਤਮ ਕਰਾਰ ਦਿੱਤੇ ਗਏ। ਅਜਿਹੇ ਵੌਲੀਬਾਲਰ ਨੂੰ ਇਹ ਸਨਮਾਨ ਬੜਾ ਹੀ ਸੋਭਦਾ ਸੀ।

ਇਸੇ ਕੋਰਟ ਤੇ ਖੇਡਿਆ ਜਾਣ ਵਾਲਾ ਇਸ ਟੂਰਨਾਮੈਂਟ ਦਾ ਆਖਰੀ ਮੈਚ ਸੀ, ਸਿਡਨੀ-ਸਿੱਖ ਤੇ ਵੀਅਤਨਾਮ ਵਿਚਕਾਰ, ਓਪਨ ਫਾਈਨਲ।

ਪਰਬੰਧਕਾਂ ਵਲੋਂ, ਨੈਟ ਨੂੰ, ਓਪਨ ਵਾਸਤੇ, ਤਰਤੀਬ ਦੇ ਦਿੱਤੀ ਗਈ। ਦੋਵੇਂ ਟੀਮਾਂ ਗਰਮ ਹੋ ਤਿਆਰੀ ਮੁਕੰਮਲ ਕਰ ਲਈ। ਟੀਮਾਂ ਦੀਆਂ ਰੈਫਰੀ ਸਮੇਤ ਫੋਟੋ ਖਿੱਚੀਆਂ ਗਈਆਂ। ਟੋਸ ਪਈ ਤੇ ਮੈਚ ਅਰੰਭ ਹੋ ਗਿਆ।

'ਸਿਡਨੀ ਸਿੱਖ' ਨੂੰ ਗੁਰਪ੍ਰੀਤ ਦੀ ਘਾਟ ਕਾਰਨ ਜੋ ਸੈਮੀ ਜਿੱਤਣ ਵਿਚ ਪੀਕ ਦੇਖਣੀ ਪਈ, ਉਸ ਦਾ ਅਸਰ ਇਕ ਦਮ ਅੱਗੇ ਆਉਣਾ ਸ਼ੁਰੂ ਹੋ ਗਿਆ। ਅਸੀਂ ਦਰਸ਼ਕ ਬਾਹਰੋਂ ਮਹਿਸੂਸ ਕਰ ਰਹੇ ਸਾਂ। ਦੂਸਰੇ ਪਾਸੇ ਵੀਅਤਨਾਮ ਨੂੰ ਮੇਲਬੋਰਨ ਸਿੰਘ ਸਭਾ ਦੇ ਜਿੱਤਣ ਵਿਚ ਐਸੀ ਮੁਸ਼ਕਲ ਤੇ ਜਿਸਮਾਨੀ ਤਣਾਓ ਵਿਚ ਦੀ ਨਹੀਂ ਸੀ ਲੰਘਣਾ ਪਿਆ। ਸੋ ਉਨ੍ਹਾਂ ਦੀ ਤਾਜ਼ਗੀ ਗੇਮ ਉੱਤੇ ਹਾਵੀ ਹੋਈ ਜਾ ਰਹੀ ਸੀ। ਮੁੱਢ ਤੋਂ ਹੀ 'ਸਿਡਨੀ ਸਿੱਖ' ਇਸ ਤਣਾਓ ਨੂੰ ਅਨੁਭਵ ਕਰਨ ਲੱਗ ਪਏ ਸਨ। ਓਧਰ ਨੰ. ੪ ਤੇ ਨਿਊਜ਼ੀਲੈਂਡਰ ਦੀ ਚੜ੍ਹਤ ਸਿਖਰਾਂ ਛੂਹ ਰਹੀ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਕੁਲਦੀਪ ਕੰਗ, ਨੈਟ ਤੇ ਬਾਲ ਨੂੰ ਪਾੜਨ ਤੱਕ ਜਾ ਰਿਹਾ ਸੀ ਤੇ ਉਸ ਦੇ ਬਹੁਤੇ ਨਿਸ਼ਾਨੇ ਸੁੱਧ ਭੀ ਹੁੰਦੇ ਸਨ ਪਰ ਇਕੱਲਿਆਂ ਗੱਲ ਬਣਨੀ ਔਖੀ ਸੀ, ਜਦੋਂ ਸਾਥੀ ਜਸਕਰਨ ਅੰਗੂਠੇ ਤੇ ਸੱਟ ਭੀ ਲਗਵਾ ਬੈਠਾ ਸੀ ਬਾਕੀ ਸਾਰੇ ਆਪਣੀ ਸੀਮਾਂ ਤੱਕ ਖੇਡ ਰਹੇ ਸਨ।

ਪਹਿਲੇ ਦੋਵੇਂ ਸੈਟ, ਵੀਅਤਨਾਮੀ ੨੫/੧੭ ਤੇ ੨੫/੧੪ ਨਾਲ ਲੈ ਗਏ। ਤੀਸਰਾ ਸੈਟ ਰਾਣੇ ਦੀ ਰੀਪਲੇਸਮੈਂਟ ਨਾਲ ਸ਼ੁਰੂ ਹੋਇਆ। ਰਾਣਾ ਕੁਲਦੀਪ ਨਾਲ ਬਲੌਕਿੰਗ ਤੇ ਸਹੀ ਸਿੱਧ ਹੋਇਆ ਤੇ ਕੁਲਦੀਪ ਦੇ ਜੋਸ਼ ਨੂੰ ਜਿਵੇਂ ਸਹਾਇਤਾ ਮਿਲਣ ਲੱਗ ਪਈ। ਜਸਕਰਨ ਆਪਣੇ ਜ਼ਖਮੀ ਅੰਗੂਠੇ ਨਾਲ ਭੀ ਪਿੱਛੇ ਨਹੀਂ ਸੀ ਹਟ ਰਿਹਾ। ਖੇਡ ਵਿਚ ਬਾਕੀ ਸਾਰੇ ਆਪਣੀ ਸੀਮਾ ਕਰਾਸ ਕਰ ਚੁੱਕੇ ਸਨ। ਤੀਸਰਾ ਸੈਟ 'ਸਿਡਨੀ ਸਿੱਖ' ੨੫/੨੧ ਨਾਲ ਜਿੱਤ ਗਈ। ਕੁਲਦੀਪ ਕੰਗ ਇਸ ਸੈੱਟ ਵਿਚ ਹਾਵੀ ਰਿਹਾ।

ਚੌਥਾ ਸੈੱਟ ਵੀਅਤਨਾਮ ਨੇ ਬੜੇ ਜੋਸ਼ ਨਾਲ ਅਰੰਭਿਆ। ਸਾਰੇ ਚੜ੍ਹਦੀ ਜਵਾਨੀ ਪਲੇਅਰ ਤੇ ਸਾਰੇ ਸਰੇਸ਼ਟ ਢੰਗੀਂ ਟਰੇਂਡ। ਕੁਲਦੀਪ ਨੇ ਆਖਰੀ ਦਮ ਤੱਕ ਤਣਾਓ ਕਾਇਮ ਰੱਖਿਆ।



Namdhari Elibrary NamdhariElibrary@gmail.com

ਇਵੇਂ ਚੋਥਾ ਸੈੱਟ ਵੀਅਤਨਾਮ ਬਾ ਆਸਾਨੀ ਲੈ Spirit of Basakhi 2003 Volleyball Championship ਜਿੱਤ ਗਏ। ਇਹ ਸਾਰੇ ਮੰਨਦੇ ਸਨ ਕਿ ਅੱਜ ਨੈਟ ਤੇ ਕੁਲਦੀਪ ਕੰਗ 'ਸਿਡਨੀ ਸਿੱਖ' ਵਿਚੋਂ ਸਭ ਤੋਂ ਵਧੀਆ ਖੇਡਿਆ।

੧੫ ਕੁ ਮਿੰਟਾਂ ਬਾਦ ਸਾਰਾ ਇਕੱਠ ਪੇਸ਼ਕਰਨ ਅਸਥਾਨ ਤੇ ਸਜੇ ਮੇਜ਼ ਪਾਸ ਪੁੱਜ ਗਿਆ ਜੋ ਪਰਬੰਧਕਾਂ ਵਲੋਂ ਪਹਿਲੋਂ ਤਿਆਰ ਕੀਤਾ ਪਿਆ ਸੀ।

ਅਰੰਭ ਵਿਚ ਐਸ.ਐਸ.ਐਸ.ਐਂਡ.ਜੀ. ਗਰੁੱਪ ਦੇ ਇਸ ਟੂਰਨਾਮੇਂਟ ਦੇ ਮੁੱਖ ਪ੍ਰਬੰਧਕ ਕਿਰਪਾਲ ਸਿੰਘ ਪੂੰਨੀ ਨੇ ਵੀਅਤਨਾਮ ਟੀਮ ਨੂੰ ਉਨ੍ਹਾਂ ਦੀ ਸ਼ਾਨਦਾਰ ਜਿੱਤ ਤੇ ਵਧਾਈ ਦੇ ਗੁਰਪ੍ਰੀਤ ਦੀ ਜੁਦਾਈ ਨੂੰ ਅਨਭਵ ਕਰਦਿਆਂ ਆਖਿਆ "ਖਬਰੇ ਗੁਰਪ੍ਰੀਤ ਦੀ ਅਣਹੋਂਦ ਹੀ ਸਾਡੀ ਹਾਰ ਦਾ ਕਾਰਨ ਹੋਵੇ।"

ਫਿਰ ਕਿਰਪਾਲ ਨੇ ਪੇਸ਼ਕਰਨ ਵਾਸਤੇ ਸ. ਲਖਵਿੰਦਰ ਸਿੰਘ ਧਾਲੀਵਾਲ ਨੂੰ ਬੇਨਤੀ ਕੀਤੀ ਜੋ ਇਸ ਗਰੁੱਪ ਚੋਂ ਵੌਲੀਬਾਲ ਦੇ ਮੁਹਰੀ ਹਨ।

ਸਭ ਤੋਂ ਪਹਿਲਾਂ XPHERE Corporate ਦੇ ਸੰਚਾਲਕ Rick Swaleh ਨੇ ਆਪਣੀ ਸਰਪਰਸਤੀ ਦਾ $400 ਜੇਤੂ ਤੇ $200 ਨੰ. ੨ ਟੀਮਾਂ ਨੂੰ ਪੇਸ਼ ਕੀਤਾ।

ਲਖਵਿੰਦਰ ਸਿੰਘ ਜੀ ਸੰਧੂ ਪਰਿਵਾਰ ਨਾਲ ਭੇਟ ਕੀਤੀ- ਜੋ ਮਾਂ, ਪਿਓ ਤੇ ਪੁੱਤਰ ਤਿੰਨ ਵੱਖ ਵੱਖ ਟੀਮਾਂ ਵਿਚ ਖੇਡਦੇ, ਇਕ ਦੂਸਰੇ ਤੋਂ, ਹਾਰ ਜਿੱਤ ਰਹੇ ਸਨ। ਵਿਸ਼ਾ ਜੋ ਮੈਂ ਪਾਇਆ, ਮੋਹ-ਪ੍ਰੇਮ, ਹਾਰ-ਜੀਤ, ਉਸ ਦੀ ਅਨੁਭਵਕਤਾ ਦਾ, ਮਨ ਦੀ ਡੂੰਘਾਈ ਤੇ ਅਸਰ ਦਾ ਸੀ।

"ਲਖਵਿੰਦਰ ਸਿੰਘ ਜੀ! ਗੁਰੂ ਜੀ ਫੁਰਮਾਨ ਕਰਦੇ ਹਨ-'ਮਾਧਉ ਜਾ ਕੈ ਹੈ ਆਸ ਤੁਮਾਰੀ ਤਾਂ ਕਉ ਕੱਛ ਨਹੀਂ ਸੰਸਾਰੀ"। ਇਹ ਪੁੱਤਰ, ਇਹ ਪਤਨੀ, ਇਹ ਰਿਸ਼ਤੇ, ਸਭ ਅਕਾਲ ਪੁਰਖ ਪ੍ਰਭੂ ਦੀਆਂ ਸੰਭਾਲੀਆਂ ਜ਼ੁਮੇਵਾਰੀਆਂ ਹਨ, ਇਨਸਾਨ ਆਉਂਦਾ ਹੈ, ਇਨ੍ਹਾਂ ਨਾਲ ਮਿਲਦਾ ਜੁਲਦਾ ਹੈ, ਜੋ ਸੇਵਾ ਤੁਹਾਡੇ ਜ਼ੁਮੇਂ ਲੱਗੀ ਹੈ, ਕਰਨੀ ਹੈ ਤੇ ਤੁਰ ਜਾਣਾ ਹੈ। ਮਿਲੋ ਗਿਲੋ ਹੱਸੋ ਖੇਡੋ ਪਰ ਕਿਸੇ ਤੇ ਮੇਰ ਨਾ ਜਤਾਓ। ਆਜ਼ਾਦ ਰਹੋ, ਇਨ੍ਹਾਂ ਸੋਨੇ ਦੀਆਂ ਬੇੜੀਆਂ ਵਿਚ ਪੈਰ ਨਾ ਜਕੜੋ, ਲੋਕ ਪਰਲੋਕ ਦੋਵਾਂ ਵਿਚ ਸੁੱਖ ਮਿਲਦਾ ਹੈ।

ਰਨਰਜ਼ ਅੱਪ ਓਪਨ ਦੇ ਇਨਾਮ ਵੌਲੀਬਾਲ੍ਹਰ ਲਖਵਿੰਦਰ ਸਿੰਘ ਜੀਆਂ ਵੰਡੇ, ਬਾਕੀ ਸਾਰੇ ਪਰਾਈਜ਼ ਪੇਸ਼ ਕਰਨ ਦੀ ਜ਼ੁਮੇਵਾਰੀ ਗਰੁੱਪ ਦੇ ਸਭ ਤੋਂ ਬਜ਼ੁਰਗ ਮੈਂਬਰ ਨੂੰ ਸੰਭਾਲ ਦਿੱਤੀ ਗਈ।

ਆਗਿਆ ਲੈ ਕੇ, ਗਰੁੱਪ ਦੇ ਇਸ ਸਭ ਤੋਂ ਪੁਰਾਣੇ ਮੈਂਬਰ ਨੇ Spirit Of Basakhi ਦੇ ਰੁਕੇ ਰਹਿਣ ਦਾ ਕਾਰਨ ਇਸ ਇਕੱਠ ਅੱਗੇ ਰੱਖਿਆ ਤੇ ਅੱਗੇ ਨੂੰ ਚੰਗੇਰੇ ਭਵਿੱਖ ਦੀ ਆਸ ਪ੍ਰਗਟ ਕਰਕੇ, ਵੀਕ ਤੱਕ ਆ ਰਹੀਆਂ, ਏ.ਐਸ.ਏ. ਦੀਆਂ ਚੋਣਾਂ ਵਿਚ ਨਵੀਂ ਡੈਮੋਕਰੈਟ ਪਾਰਟੀ ਮਦਦ, ਸਪੋਰਟ ਵਿਚ ਆਈ ਰੁਕਾਵਟ ਨੂੰ ਦੂਰ ਕਰਨ ਹਿੱਤ, ਕਰਨ ਲਈ ਨਿਵੇਦਨ ਕੀਤੀ।

ਮਿਕਸ ਗਰੁੱਪ ਦੀ ਸਰਪਰਸਤੀ ਦੀ ਮਾਇਆ, "ਮਹਾਰਾਜਾ ਪੈਲੇਸ ਰੈਸਟੋਰੈਂਟ" ਨੌਰਵੈਸਟ ਮਾਰਕਿਟਾਊਨ ਵਲੋਂ, $ 100 ਤੇ $ 50, ਨੰ : ੧ ਤੇ ਨੰ : ੨ ਟੀਮਾਂ ਦੇ ਮੁੱਖੀਆਂ ਨੂੰ ਪੇਸ਼ ਕੀਤੀ ਗਈ ਜੋ ਉਨ੍ਹਾਂ ਬਗੈਰ ਬਹੁਤਾ ਸੋਚਿਆਂ, ਗਰੁੱਪ ਦੇ ਕਿਰਪਾਲ ਪੂੰਨੀ ਦੇ ਹੱਥ ਸਪੋਰਟ ਦੀ ਸਹਾਇਤਾ ਲਈ ਅਰਪਨ ਕਰ ਦਿੱਤੀ। ਜਿਸ ਦਾ ਬਾਰੰ ਬਾਰ ਧੰਨਵਾਦ ਕੀਤਾ ਗਿਆ।

ਇਸ ਟੂਰਨਾਮੇਂਟ ਦੇ ਪ੍ਰਮੁੱਖ ਪਲੇਅਰ, ਵੀਅਤਨਾਮੀ Quang Tran (੪) ਨੂੰ ਚਾਲੂ ਇਨਾਮਾਂ ਨਾਲ ਸਨਮਾਨਿਆ ਗਿਆ। Quang Tran (captain) ਨੇ ਐਸੇ ਸ਼ਾਨਦਾਰ ਟੂਰਨਾਮੈਂਟ ਸੰਗਠਿਤ ਕਰਨ ਲਈ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਅਗਲੇ ਸਾਲ ਫਿਰ ਹਿੱਸਾ ਲੈਣ ਲਈ ਆਪਣਾ ਸੁਨੇਹ ਪ੍ਰਗਟ ਕੀਤਾ। ਸਾਰੀ ਟੀਮ ਵਲੋਂ, ਸ਼ਾਨਦਾਰ ਖਾਣੇ ਦੇ ਸਹਿਯੋਗ ਨੂੰ ਸਤਿਕਾਰਿਆ ਗਿਆ।

ਅੰਤ ਵਿੱਚ ਕਿਰਪਾਲ ਨੇ, ਸਾਰੇ ਗਰੁੱਪ ਵਲੋਂ, ਭਾਗ ਲੈ ਰਹੀਆਂ ਸਾਰੀਆਂ ਟੀਮਾਂ ਦਾ, ਖਾਣੇ ਦੇ ਪ੍ਰਬੰਧ ਲਈ, ਸੰਧੂ ਪਰਿਵਾਰ, ਜਸਬੀਰ ਸਿੰਘ ਕੰਗ ਪਰਿਵਾਰ, ਔਗਰਾ-ਬਦਵਾਲ ਪਰਿਵਾਰ, ਜਸਕਰਨ ਸਿੰਘ ਦੁਸਾਂਝ ਪਰਿਵਾਰ (ਸਾਰੀਆਂ ਮਠਿਆਈਆਂ ਲਈ), ਤੇ ਸਾਰੇ ਦੇਖਣ ਆਏ ਦਰਸ਼ਕਾਂ ਦਾ ਧੰਨਵਾਦ ਕੀਤਾ।

ਜਸਬੀਰ ਸਿੰਘ ਕੰਗ ਦਾ ਸਾਰੀ ਫੋਟੋਕਾਰੀ ਲਈ ਬਹੁਤ ਬਹੁਤ ਧੰਨਵਾਦ।

### ਫੁੱਟ ਨੋਟ

• ਕਿੰਨਾਂ ਚੰਗਾ ਹੋਵੇ, ਸਾਰੀਆਂ ਟੀਮਾਂ ਦੀ, ਇਕ ਵੌਲੀਬਾਲ ਦੀ ਅਜਿਹੀ ਟੀਮ ਬਣੇ ਜੋ ਸਾਰੇ ਅਸਟ੍ਰੇਲੀਏ ਵਿਚ ਕੰਪੀਟ ਕਰ ਕੇ ਇਹ ਸਿੱਧ ਕਰ ਦੇਵੇ ਕਿ ਐਡੇ ਵੱਡੇ ਭਾਰਤ ਵਿਚ ਵਸਦੇ ਦਸ ਕੁ ਪੰਜਾਬੀ ਸਿੱਖਾਂ ਦੀ ਉਲਾਦ ਕੀ ਕਰ ਸਕਣ ਦੀ ਸਮਰੱਥਾ ਰੱਖਦੀ ਹੈ।

• ਖੁਸ਼ੀ ਹੋਈ ਨਵੀਂ ਕਮੇਟੀ ਦੀ ਜਿੱਤ ਤੇ, ਐਸ.ਐਸ.ਐਸ. ਐਂਡ.ਜੀ. ਗਰੁੱਪ ਵਲੋਂ ਬਹੁਤ ਬਹੁਤ ਵਧਾਈ ਹੋਵੇ, ਆਸ ਨਾਲ ਕਿ, ਤੁਸੀਂ ਭੁੱਲੋਗੇ ਨਹੀਂ। ਤੇ ਓਹਾ ਪੁਰਾਣੀ ਸਪੋਰਟ ਪਰੰਪਰਾ ਪ੍ਰਯੋਗ ਵਿਚ ਲਿਆਂਦੀ ਜਾਵੇਗੀ। ❖❖❖



Namdhari Elibrary NamdhariElibrary@gmail.com

*ਸਾਫ ਕੀਤੀ ਵੇਈਂ ਨਦੀ ਦੇ ਕੰਢੇ ਤੇ*

## *ਧਰਤ ਸੁਹਾਵੀ ਦਾ ਸਮਾਗਮ*

*ਜਗਦੀਸ਼ ਸਿੰਘ ਵਰਿਆਮ ਅਤੇ ਡਾ. ਮਲਕੀਅਤ ਸਿੰਘ ਦਾ ਸਨਮਾਨ।*

ਪਾਣੀਆਂ ਦੇ ਨਾਂ ਨਾਲ ਜਾਣੀ ਜਾਂਦੀ ਧਰਤੀ ਪੰਜਾਬ ਦੇ ਪਾਣੀਆਂ ਦੀ ਪ੍ਰਦੂਸ਼ਣ ਕਾਰਨ ਹੋਈ ਅਤਿ ਤਰਸਯੋਗ ਹਾਲਤ ਨੂੰ ਇਕ ਵਾਰ ਫੇਰ ਪਾਕ-ਪਵਿੱਤਰ ਕਰਨ ਲਈ ਲੱਕ ਬੰਨ੍ਹ ਕੇ ਜੂਝ ਰਹੇ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਸਿਰਫ ਤਿੰਨ ਸਾਲ ਦੇ ਸਮੇਂ ਵਿਚ ਹੀ ਕਾਲੀ ਵੇਈਂ ਨੂੰ ਨਵਾਂ ਨਿਵੇਕਲਾ ਰੂਪ ਦੇ ਕੇ ਜਿਹੜਾ ਇਨਕਲਾਬੀ ਕਾਰਜ ਕੀਤਾ ਹੈ ਉਹਨੂੰ ਵਿਦਵਾਨਾਂ, ਬੁੱਧੀਜੀਵੀਆਂ, ਪੱਤਰਕਾਰਾਂ, ਵਿਗਿਆਨੀਆਂ ਤੇ ਸੂਝਵਾਨ ਲੋਕਾਂ ਦੇ ਦ੍ਰਿਸ਼ਟੀਗੋਚਰ ਕਰਨ ਲਈ 'ਧਰਤੀ ਸੁਹਾਵੀ' ਜਲੰਧਰ ਵਲੋਂ ਆਪਣਾ ਚੌਥਾ ਸਨਮਾਨ ਸਮਾਗਮ ਗੁਰੂ ਨਾਨਕ ਦੇਵ ਜੀ ਵੱਲੋਂ ਵਰੋਸਾਈ ਏਸੇ ਵੇਈਂ ਕੰਢੇ ੧੬ ਨਵੰਬਰ ੨੦੦੩ ਨੂੰ ਸਫਲਤਾ ਪੂਰਬਕ ਨੇਪਰੇ ਚਾੜ੍ਹਿਆ ਗਿਆ।

ਏਸ ਮੌਕੇ ਪ੍ਰਦੂਸ਼ਣ ਵਿਰੁੱਧ ਲੜਾਈ ਦਾ ਅਕਾਦਮਿਕ ਮੁੱਢ ਬੰਨ੍ਹਣ ਲਈ ਉੱਘੇ, ਨਾਮਧਾਰੀ ਸੰਪ੍ਰਦਾਏ ਦੇ ਅਹਿਮ ਕਾਰਕੁੰਨ, ਲੇਖਕ ਸਭਾ ਜਲੰਧਰ ਦੇ ਪ੍ਰਧਾਨ, ਸੰਗੀਤ ਦੇ ਅਚਾਰੀਆ, 'ਵਰਿਆਮ' ਰਸਾਲੇ ਦੇ ਸੰਪਾਦਕ, ਸਮਾਜ ਸੇਵਕ ਸੰਤ ਜਗਦੀਸ਼ ਸਿੰਘ ਵਰਿਆਮ ਨੂੰ ਸਨਮਾਨਤ ਕੀਤਾ ਗਿਆ।

ਉਹਨਾਂ ਦੇ ਨਾਲ ਦੂਜਾ ਸਨਮਾਨ ਹਾਸਲ ਕਰਨ ਵਾਲੇ ਸਨ—ਡਾ. ਮਲਕੀਅਤ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਸਾਹਿਬ ਖੁਦ ਜੀਵ ਵਿਗਿਆਨ ਵਿਭਾਗ ਦੇ ਮੁਖੀ ਹਨ। ਪਰ ਉਹਨਾਂ ਨੇ ਪੰਜਾਬ ਦੇ ਅਲੋਪ ਹੋ ਰਹੇ ਪੰਛੀਆਂ, ਪੰਜਾਬ ਦੀਆਂ ਤਿਤਲੀਆਂ, ਪੰਜਾਬ ਦੇ ਗਾਉਣ ਵਾਲੇ ਪੰਛੀਆਂ ਬਾਬਤ ਕਿਤਾਬਾਂ ਲਿਖ ਕੇ ਕੁਦਰਤ ਸਬੰਧੀ ਜਿਹੜੀ ਜਾਣਕਾਰੀ ਦਿੱਤੀ ਹੈ। ਉਹ ਵਾਤਾਵਰਣ ਦੀ ਲਹਿਰ ਨੂੰ ਅੱਗੇ ਤੋਰਨ ਵਿਚ ਬਹੁਤ ਲਾਹੇਵੰਦ ਸਾਬਤ ਹੋਈ ਹੈ। ਹੁਣ ਡਾ. ਸਾਹਿਬ ਦੀ ਯੋਜਨਾ ਗੁਰਮਤਿ ਨੂੰ ਵਾਤਾਵਰਣ ਦੇ ਪੱਖੋਂ ਸਮਝਣ ਲਈ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਉੱਤੇ ਕਿਤਾਬ ਲਿਖਣ ਦੀ ਹੈ।

ਇਹਨਾਂ ਦੋਨਾਂ ਨੂੰ ਸਨਮਾਨਤ ਕਰਨ ਲਈ 'ਸਿਖ ਵਿਸ਼ਵ ਕੋਸ਼' ਦੇ ਰਚੇਤਾ ਡਾ. ਰਘਬੀਰ ਸਿੰਘ ਬੈਂਸ ਸਰੀ (ਕੈਨੇਡਾ) ਵਾਲਿਆਂ ਨੇ ਸੰਤ ਬਾਬਾ ਬਲਬੀਰ ਸਿੰਘ ਦਾ ਸਾਥ ਨਿਭਾਇਆ। ਬੈਂਸ ਹੋਰਾਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਨਸ਼ੇਖੋਰੀ ਅਤੇ ਏਡਜ਼ ਕਾਰਨ ਪ੍ਰਦੂਸ਼ਤ ਹੋ ਰਹੇ ਸਾਡੇ ਸਮਾਜ ਦਾ ਅੰਕੜਿਆਂ ਸਹਿਤ ਵਿਸਥਾਰਤ ਵਰਨਣ ਕਰਕੇ ਸਾਡੀ ਦਿਨੋ-ਦਿਨ ਨਿੱਘਰਦੀ ਹਾਲਤ ਵੱਲ ਧਿਆਨ ਦੁਆਇਆ। ਸ. ਬਲਬੀਰ ਸਿੰਘ ਬੇਪਾਰਾਇ ਸਕੱਤਰ 'ਧਰਤਿ ਸੁਹਾਵੀ' ਨੇ ਧਰਤਿ ਸੁਹਾਵੀ, ਪੰਜਾਬੀ ਸੱਥ ਤੇ ਚੌਗਿਰਦਾ ਬਚਾਉ ਕਮੇਟੀ ਦੁਆਬਾ ਵੱਲੋਂ ਪੰਜਾਬ ਸਰਕਾਰ ਵਿਰੁੱਧ ਪ੍ਰਦੂਸ਼ਣ ਦੇ ਮਸਲੇ ਸਬੰਧੀ ਪੰਜਾਬ ਹਰਿਆਣਾ ਹਾਈਕੋਰਟ ਵਿਚ ਕੀਤੇ ਲੋਕ ਹਿਤ ਮੁਕੱਦਮੇ ਦੀ ਜਾਣਕਾਰੀ ਦਿੱਤੀ। ਡਾ. ਬਲਬੀਰ ਸਿੰਘ ਭੌਰਾ ਪ੍ਰਧਾਨ 'ਧਰਤਿ ਸੁਹਾਵੀ' ਨੇ ਪ੍ਰਦੂਸ਼ਣ ਵਿਰੁੱਧ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਦਾ ਸੱਦਾ ਦਿੰਦਿਆਂ ਆਪਣੇ ਕੰਮ ਹੱਥੀਂ ਕਰਨ ਦੀ ਸਲਾਹ ਦਿੱਤੀ।

ਸਨਮਾਨਿਤ ਹਸਤੀਆਂ ਬਾਬਤ ਬੋਲਦਿਆਂ ਪੰਜਾਬੀ ਸੱਥ ਦੇ ਡਾ. ਨਿਰਮਲ ਸਿੰਘ ਨੇ ਵਿਕਾਸ ਦੇ ਨਾਂ ਉੱਤੇ ਹੋ ਰਹੇ ਵਿਨਾਸ਼ ਦੀ ਚਰਚਾ ਕਰਦਿਆਂ ਕੁਦਰਤ ਨਾਲ ਇਕਸੁਰ ਹੋ ਕੇ ਜੀਣ ਵਾਲੇ ਰਾਹ ਦਾ ਵਿਸ਼ਾ ਵਿਦਵਾਨਾਂ, ਪੱਤਰਕਾਰਾਂ, ਵਿਗਿਆਨੀਆਂ ਨੂੰ ਉਠਾਉਣ ਲਈ ਬੇਨਤੀ ਕੀਤੀ।

ਏਸ ਮੌਕੇ ਪੰਜਾਬੀ ਦੇ ਸਿਰਮੌਰ ਵਿਦਵਾਨ ਪ੍ਰੋ. ਪਿਆਰਾ ਸਿੰਘ ਭੋਗਲ, ਬਜ਼ੁਰਗ ਪੱਤਰਕਾਰ ਬਾਬਾ ਗੁਰਬਖਸ਼ ਸਿੰਘ ਬੰਨੋਆਣਾ, ਸਿੱਖ ਕਮਿਊਨਿਟੀ ਸੈਂਟਰ ਬਰਮਿੰਘਮ ਇੰਗਲੈਂਡ ਤੋਂ ਸ. ਦਲ ਸਿੰਘ ਢੇਸੀ, ਵੈਨਕੋਵਰ ਕੈਨੇਡਾ ਤੋਂ ਰਹਿ ਚੁੱਕੇ ਵਾਤਾਵਰਣ ਪ੍ਰੇਮੀ ਮੰਤਰੀ ਸ. ਹਰਭਜਨ ਸਿੰਘ ਲਾਲੀ (ਹੈਰੀ, ਲਾਲੀ), 'ਸਾਵੀ ਧਰਤੀ' ਟਰੱਸਟ ਇੰਗਲੈਂਡ ਤੋਂ ਸ. ਰਾਮ ਸਿੰਘ ਢੇਸੀ, ਰਿਆੜਕੀ ਸੱਥ ਤੋਂ ਸ. ਸੂਬਾ ਸਿੰਘ, ਬੁਤਾਲੇ ਤੋਂ ਪ੍ਰਸਿੱਧ ਸਮਾਜ ਸੇਵਕਾ ਤੇ ਲੋਕ ਗੀਤਾਂ ਦੀ ਲਿਖਾਰਨ ਬੀਬੀ ਸਵਰਨ ਕੌਰ ਪ੍ਰਸਿੱਧ ਨਾਮਧਾਰੀ ਨੇਤਾ ਤੇ ਨੈਸ਼ਨਲ ਅਵਾਰਡੀ ਪ੍ਰਿੰ. ਅਜੀਤ ਸਿੰਘ ਚੀਮਾ ਬੁਸੋਵਾਲ, ਚੌਗਿਰਦਾ ਬਚਾਓ ਕਮੇਟੀ ਤੋਂ ਰੁਪਿੰਦਰ ਸਿੰਘ ਸੰਧੂ, ਪੰਜਾਬੀ ਸੱਥ ਤੋਂ ਸ. ਬਲਦੇਵ ਸਿੰਘ ਸਿੱਧੂ, ਸੁਖਦੇਵ ਸਿੰਘ, ਪਰਮਜੀਤ ਸਿੰਘ, ਮੇਜਰ ਸਿੰਘ, ਪ੍ਰਿੰਸੀਪਲ ਅਮਰਜੀਤ ਕੌਰ ੫੦ ਬੰਦਿਆਂ ਦੇ ਕਾਫਲੇ ਦੇ ਰੂਪ ਵਿਚ ਸ਼ਾਮਲ ਹੋਏ। ਸਾਰਿਆਂ ਨੇ ਵੇਈਂ ਦੇ ਵਿਕਸਤ ਹੋਏ ਅਵਤਾਰੀ ਰੂਪ ਦੇ ਦਰਸ਼ਨ ਵੀ ਕੀਤੇ ਤੇ ਬਾਬਾ ਜੀ ਦਾ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਹੋਇਆ ਕੰਮ ਵੀ ਦਿਲੋਂ ਮਨੋਂ ਸਲਾਹਿਆ। ਉਸਾਰੇ ਗਏ ਘਾਟ, ਫੁੱਲਾਂ ਦੀਆਂ ਕਿਆਰੀਆਂ, ਫਲਦਾਰ ਤੇ ਛਾਂਦਾਰ ਰਵਾਇਤੀ ਰੁੱਖ,



Namdhari Elibrary NamdhariElibrary@gmail.com

ਹਲਟੀਆਂ, ਝਲਾਰਾਂ, ਰੌਸ਼ਨੀਆਂ, ਸੜਕਾਂ ਨੂੰ ਵੇਖ ਕੇ ਹਰ ਕੋਈ 'ਧੰਨ ਗੁਰੂ ਨਾਨਕ' ਤੇ 'ਬਲਿਹਾਰੀ ਕੁਦਰਤ ਵਸਿਆ' ਆਖ ਮਾਣ ਮਹਿਸੂਸ ਕਰ ਰਿਹਾ ਸੀ। ਸੀਚੇਵਾਲ ਸਕੂਲ ਦੇ ਬੱਚਿਆਂ ਨੇ ਕੋਰੀਓਗ੍ਰਾਫੀ, ਗੀਤ ਤੇ ਧਾਰਮਿਕ ਗਿੱਧਾ ਪੇਸ਼ ਕੀਤਾ।

ਅੰਤ ਵਿਚ ਬਾਬਾ ਬਲਬੀਰ ਸਿੰਘ ਨੇ ਸਾਰੇ ਆਏ ਹੋਏ ਸੱਜਣਾਂ ਦਾ ਧੰਨਵਾਦ ਕਰਦਿਆਂ, ਚਿੱਟੀ ਵੇਈਂ ਨੂੰ ਪ੍ਰਦੂਸ਼ਣ ਮੁਕਤ ਕਰਨ ਦੀ ਮੁਹਿੰਮ ਵਿੱਢਣ ਲਈ ਉਸ ਇਲਾਕੇ ਦੇ ਸੱਜਣਾਂ ਨੂੰ ਤਕੜੇ ਹੋ ਕੇ ਜੁਟਣ ਦੀ ਸਲਾਹ ਦਿੱਤੀ। ਸਟੇਜ ਸਕੱਤਰ ਦੀ ਸੇਵਾ ਬਹਾਦਰ ਸਿੰਘ ਸੰਧੂ ਨੇ ਬਹੁਤ ਹੀ ਕਾਮਯਾਬੀ ਨਾਲ ਨਿਭਾ ਕੇ ਲਗਭਗ ਪੰਜ ਘੰਟੇ ਦੇ ਪ੍ਰੋਗਰਾਮ ਨੂੰ ਅਕਾਊਂ ਥਕਾਊ ਨਹੀਂ ਬਣਨ ਦਿੱਤਾ।

ਗੰਨੇ ਦਾ ਰਸ, ਸਾਗ, ਮੱਖਣ ਤੇ ਮੱਕੀ ਦੀ ਰੋਟੀ ਆਏ ਹੋਏ ਵੀਰਾਂ ਭੈਣਾਂ ਨੂੰ ਵਰਤਾਕੇ ਸੇਵਾ ਦਾ ਲਾਹਾ ਨਿਰਮਲ ਕੁਟੀਆ ਸੀਚੇਵਾਲ ਵਾਲਿਆਂ ਨੇ ਖੱਟਿਆ।

## ਅਮਰਜੀਤ ਮੋਟਰ ਗੈਰਜ ਫਗਵਾੜਾ

੧੯੯੫ ਦੀ ਗੱਲ ਹੈ। ਨਵਾਂਸ਼ਹਿਰ ਮੈਂ ਕਿਸੇ ਸਮਾਗਮ ਵਿਚ ਹਿੱਸਾ ਲੈਣ ਗਿਆ ਤਾਂ ਉਥੇ ਬਿਜਲੀ ਵਿਭਾਗ ਦੇ ਅੰਮ੍ਰਿਤਸਰ ਰਹਿੰਦੇ ਐਕਸੀਅਨ ਨੇ ਦੱਸਿਆ ਕਿ ਗੱਡੀ ਅਮਰਜੀਤ ਮੋਟਰ ਗੈਰਜ ਫਗਵਾੜੇ ਦਿੱਤੀ ਹੈ। ਮੈਨੂੰ ਬੜੀ ਹੈਰਾਨੀ ਹੋਈ ਅੰਮ੍ਰਿਤਸਰ ਵਰਗੇ ਸ਼ਹਿਰ ਨੂੰ ਛੱਡ ਕੇ ਫਗਵਾੜਾ ਗੱਡੀ ਦੇਣ ਦਾ ਕੀ ਤੁੱਕ। ਪੁਛਿਆ ਤਾਂ ਕਹਿਣ ਲੱਗੇ "ਬਸ ਜੀ ਨਾਮਧਾਰੀਆਂ ਕੋਲ ਕੋਈ ਗਿੱਦੜ ਸਿੰਘੀ ਆ, ਇਕ ਵਾਰੀ ਉਹ ਹੱਥ ਲਾ ਦੇਣ ਗੱਡੀ ਨੌ-ਬਰ-ਨੌ ਹੋ ਜਾਂਦੀ!"

ਓਦੋਂ ਅਮਰਜੀਤ ਮੋਟਰ ਗੈਰੇਜ ਬਾਰੇ ਮੈਂ ਬੱਸ ਏਨਾ ਹੀ ਜਾਣ ਸਕਿਆ ਸੀ। ਪਰ ਫਗਵਾੜਾ ਜਦੋਂ ਮੈਂ ਉਹਨਾਂ ਬਾਰੇ ਘੋਖਿਆ ਤਾਂ ਬੜੀ ਹੈਰਾਨੀ ਹੋਈ। ਸ੍ਰੀ ਭੈਣੀ ਸਾਹਿਬ ਦਰਬਾਰ, ਹਜ਼ੂਰ ਸਾਹਿਬ ਤੋਂ ਬਾਬਾ ਸੀਸ਼ਾ ਸਿੰਘ ਜੀ, ਸੰਤ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲੇ, ਸੰਤ ਨਿਰੰਜਨ ਸਿੰਘ ਜਵੱਦੀ ਕਲਾਂ, ਗੁਰਦੁਆਰਾ ਗੜ੍ਹਾ ਸਾਹਿਬ, ਸੰਤ ਬਾਬਾ ਸਿੰਘ ਨਾਨਕਸਰ ਵਾਲੇ, ਸੰਤ ਬਾਬਾ ਦੀਦਾਰ ਸਿੰਘ ਹਰਖੋਵਾਲ, ਸੰਤ ਬਾਬਾ ਮਾਨ ਸਿੰਘ ਪਿਹੋਵੇ ਵਾਲੇ, ਡੇਰਾ ਸੱਚਾ ਸੌਦਾ ਸਿਰਸਾ, ਰਾਧਾ ਸਵਾਮੀ ਡੇਰਾ ਸੈਂਦਪੁਰ ਵਾਲੇ, ਬਾਬਾ ਸਰਬਜੋਤ ਸਿੰਘ ਬੇਦੀ ਊਨਾ ਵਾਲੇ, ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲੇ ਤੋਂ ਇਲਾਵਾ ਦਿੱਲੀ, ਚੰਡੀਗੜ੍ਹ ਜਲੰਧਰ ਤੇ ਪੰਜਾਬ ਦੇ ਕੋਨੇ ਕੋਨੇ ਤੋਂ ਗੱਡੀਆਂ ਏਥੇ ਆਉਂਦੀਆਂ ਹਨ।

ਅੱਜ ਦੀ ਮੁਕਾਬਲੇਬਾਜ਼ੀ ਦੇ ਯੁੱਗ ਵਿੱਚ ਹੈਰਾਨੀ ਹੁੰਦੀ ਹੈ ਕਿ ਇਸ ਵਰਕਸ਼ਾਪ ਦਾ ਮੁਕਾਬਲਾ ਕਰਨ ਲਈ ਕੋਈ ਵੀ ਹੁਨਰਮੰਦ ਕਾਰੀਗਰ ਤਿਆਰ ਨਹੀਂ। ਪੁੱਛੋ ਤਾਂ ਕਹਿੰਦੇ ਹਨ "ਨਾ ਬਾਈ ਨਾ, ਅਮਰਜੀਤ ਹੁਰਾਂ ਦੀ ਵਰਕਸ਼ਾਪ ਵਿਚ ਤਾਂ ਜੁਗਾੜੀ ਕਾਰੀਗਰ ਬੈਠੇ ਆ, ਨਾਲੇ ਉਹ ਤੇ ਵਿਦੇਸ਼ੀ ਗੱਡੀਆਂ ਨੂੰ ਮਿੰਟਾਂ ਵਿਚ ਹੱਥ ਲਾ ਲੈਂਦੇ ਆ!"

ਸ. ਅਮਰਜੀਤ ਸਿੰਘ ਦਹਾਕਿਆਂ ਤੋਂ ਨਾਮਧਾਰੀ ਲਹਿਰ ਨਾਲ ਜੁੜੇ ਹੋਏ ਹਨ ਤੇ ਫਗਵਾੜਾ ਨਾਮਧਾਰੀ ਸੰਗਤ ਦੇ ਪ੍ਰਧਾਨ ਵੀ ਹਨ। ਜਿਥੇ ਉਨ੍ਹਾਂ ਨੂੰ ਵਿਸ਼ਵਕਰਮਾ ਪੰਥੀ ਹੋਣ ਦਾ ਮਾਣ ਹਾਸਿਲ ਹੈ, ਉਥੇ ਨਾਲ ਹੀ ਸ਼ਹਿਰ ਵਿਚ ਉਹਨਾਂ ਦਾ ਚੰਗਾ ਆਧਾਰ ਵੀ ਹੈ।

ਰਾਜਨੀਤੀ ਵਿਚ ਲਗਭਗ ੨ ਸਾਲਾਂ ਤੋਂ ਉਹਨਾਂ ਦੀ ਸਮਰਥ ਭੂਮਿਕਾ ਕਾਰਨ ਉਹਨਾਂ ਨੂੰ ਫਗਵਾੜੇ ਦਾ ਹੰਸਪਾਲ ਵੀ ਕਿਹਾ ਜਾਂਦਾ ਹੈ। ਪਰ ਰਾਜਨੀਤੀ ਨਾਲ ਜੁੜ ਕੇ ਵੀ ਉਹਨਾਂ ਇਸ ਤੋਂ ਕੋਈ ਫਾਇਦਾ ਨਹੀਂ ਲਿਆ। ਮਿਉਂਸਪਲ ਚੋਣਾਂ ਵਿਚ ਕਈ ਐਮ.ਸੀ. ਲਈ ਟਿਕਟ ਦੀ ਸਿਫਾਰਸ਼ ਕਰਨ ਵਾਲੇ ਅਮਰਜੀਤ ਰਾਜਸੀ ਹੁੰਦੇ ਹੋਏ ਵੀ ਵਧੇਰੇ ਧਾਰਮਿਕ ਹਨ।

*—ਜਗਜੀਤ ਸਿੰਘ ਚਾਨਾ*

## ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਪਾਸਪੋਰਟ ਦੀਆਂ ਦਿੱਕਤਾਂ ਦਾ ਨਿਪਟਾਰਾ

**ਨਵੀਂ ਦਿੱਲੀ**—ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਆਪਣੇ ਆਦੇਸ਼ ਅਨੁਸਾਰ ਬੜੇ ਸਾਲਾਂ ਤੋਂ ਲਟਕ ਰਹੀ ਮੰਗ ਨੂੰ ਪ੍ਰਵਾਨਗੀ ਦਿੰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਕਰਮਚਾਰੀਆਂ ਨੂੰ ਪਾਸਪੋਰਟ ਦੇਣ ਸਬੰਧੀ ਜੋ ਵੱਖਰਾ ਤਰੀਕਾ ਅਪਣਾਇਆ ਸੀ, ਉਹ ਵਾਪਸ ਲੈ ਲਿਆ ਹੈ। ਸ. ਤਰਲੋਚਨ ਸਿੰਘ, ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ ਨੇ ਕੁਝ ਚਿਰ ਪਹਿਲਾਂ ਗ੍ਰਹਿ ਮੰਤਰਾਲੇ ਨੂੰ ਇਹ ਬੇਨਤੀ ਕੀਤੀ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਕਰਮਚਾਰੀ, ਗ੍ਰੰਥੀ, ਰਾਗੀ, ਪ੍ਰਚਾਰਕ ਜਦੋਂ ਪਾਸਪੋਰਟ ਦੀਆਂ ਦਰਖਾਸਤਾਂ ਚੰਡੀਗੜ੍ਹ ਜਾਂ ਜਲੰਧਰ ਦਿੰਦੇ ਹਨ ਤਾਂ ਉਹ ਦਰਖਾਸਤਾਂ ਗ੍ਰਹਿ ਮੰਤਰਾਲੇ ਨੂੰ ਸਪੈਸ਼ਲ ਮਨਜ਼ੂਰੀ ਲਈ ਭੇਜੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਉਚੇਚੀ ਛਾਣਬੀਣ ਗ੍ਰਹਿ ਮੰਤਰਾਲੇ ਦੀਆਂ ਕਈ ਬ੍ਰਾਂਚਾਂ ਰਾਹੀਂ ਕੀਤੀ ਜਾਂਦੀ ਹੈ। ਇਸ ਤਰੀਕੇ ਨਾਲ ਬੜੀ ਦੇਰ ਲਗਦੀ ਹੈ ਅਤੇ ਬਹੁਤ ਵਾਰੀ ਪਾਸਪੋਰਟ ਦੇਣ ਤੋਂ ਵੀ ਇਨਕਾਰ ਕੀਤਾ ਜਾਂਦਾ ਹੈ। ਸ. ਤਰਲੋਚਨ ਸਿੰਘ ਨੇ ਉੱਪ ਪ੍ਰਧਾਨ ਮੰਤਰੀ ਸ੍ਰੀ ਐਲ.ਕੇ. ਅਡਵਾਨੀ ਜੀ ਨੂੰ ਇਸ ਬਾਰੇ ਲਿਖਿਆ ਸੀ ਕਿ ਸ਼੍ਰੋਮਣੀ


Namdhari Elibrary NamdhariElibrary@gmail.com

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਰਕਾਰੀ ਐਕਟ ਅਨੁਸਾਰ ਚੁਣੇ ਜਾਂਦੇ ਹਨ ਅਤੇ ਉਹਨਾਂ ਦਾ ਆਪਣਾ ਸਕੱਤਰੇਤ ਹੈ ਜਿਸ ਵਿਚ ਸੈਂਕੜੇ ਕਰਮਚਾਰੀ, ਗ੍ਰੰਥੀ, ਰਾਗੀ, ਪ੍ਰਚਾਰਕ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ। ਇਹਨਾਂ ਬਾਰੇ ਪਾਸਪੋਰਟ ਦੇਣ ਦਾ ਵੱਖਰਾ ਕਾਨੂੰਨ ਬਣਾ ਕੇ ਸਿੱਖਾਂ ਨਾਲ ਵਿਤਕਰਾ ਕੀਤਾ ਗਿਆ ਹੈ, ਜਿਸ ਕਰਕੇ ਇਹਨਾਂ ਨੂੰ ਬੜੀਆਂ ਦਿੱਕਤਾਂ ਆ ਰਹੀਆਂ ਹਨ। ਸ੍ਰੀ ਅਡਵਾਨੀ ਜੀ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੀ ਮੰਗ ਅਤੇ ਦਲੀਲਾਂ ਨੂੰ ਮੁੱਖ ਰਖਕੇ ਫਾਈਲ ਤੇ ਇਹ ਹੁਕਮ ਕਰ ਦਿੱਤੇ ਹਨ ਕਿ ਇਹ ਵੱਖਰਾ ਤਰੀਕਾ ਬੰਦ ਕੀਤਾ ਜਾਵੇ। ਜਿਵੇਂ ਪਾਸਪੋਰਟ ਆਮ ਲੋਕਾਂ ਨੂੰ ਮਿਲਦੇ ਹਨ ਉਵੇਂ ਹੀ ਇਹਨਾਂ ਮੈਂਬਰਾਂ ਅਤੇ ਕਰਮਚਾਰੀਆਂ ਨੂੰ ਵੀ ਦਿੱਤੇ ਜਾਣ। ਸ. ਤਰਲੋਚਨ ਸਿੰਘ ਨੇ ਇਕ ਚਿੱਠੀ ਰਾਹੀਂ ਉਪ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰਾਲੇ ਦਾ ਧੰਨਵਾਦ ਕੀਤਾ ਹੈ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਤੇ ਕਰਨਾਟਕ ਵਿਚ ਛੁੱਟੀ

**ਨਵੀਂ ਦਿੱਲੀ**—ਕੌਮੀ ਘੱਟ ਗਿਣਤੀ ਕਮਿਸ਼ਨ ਦੇ ਉਪਰਾਲੇ ਨਾਲ ਕਰਨਾਟਕ ਸਰਕਾਰ ਨੇ ਹਰ ਸਾਲ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਦੀ ਛੁੱਟੀ ਸਾਰੀ ਰਿਆਸਤ ਵਿਚ ਕਰਨ ਦਾ ਫੈਸਲਾ ਲੈ ਲਿਆ ਹੈ। ਪਿਛਲੇ ਹਫਤੇ ਬੈਂਗਲੋਰ ਵਿਚ ਕੌਮੀ ਘੱਟ ਗਿਣਤੀ ਕਮਿਸ਼ਨ ਅਤੇ ਸਾਰੇ ਸੂਬਿਆਂ ਦੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨਾਂ ਦੀ ਮੀਟਿੰਗ ਹੋਈ ਸੀ ਜਿਸ ਦਾ ਉਦਘਾਟਨ ਸ੍ਰੀ ਐਸ.ਐਮ. ਕ੍ਰਿਸ਼ਨਾ, ਮੁੱਖ ਮੰਤਰੀ, ਕਰਨਾਟਕ ਨੇ ਕੀਤਾ ਸੀ। ਸ. ਤਰਲੋਚਨ ਸਿੰਘ, ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ, ਨੇ ਮੁੱਖ ਮੰਤਰੀ ਜੀ ਨੂੰ ਯਾਦ ਕਰਵਾਇਆ ਕਿ ਉਹਨਾਂ ਦੀ ਇਸ ਮੰਗ ਬਾਰੇ ਸਰਕਾਰ ਨੇ ਹਾਲੀ ਤੱਕ ਇਹ ਫੈਸਲਾ ਨਹੀਂ ਸੀ ਲਿਆ। ਸ੍ਰੀ. ਐਸ.ਐਮ. ਕ੍ਰਿਸ਼ਨਾ ਨੇ ਉਸੇ ਮੀਟਿੰਗ ਵਿਚ ਇਹ ਐਲਾਨ ਕੀਤਾ ਕਿ ਸਰਕਾਰ ਵਲੋਂ ਕੌਮੀ ਘੱਟ ਗਿਣਤੀ ਕਮਿਸ਼ਨ ਵਲੋਂ ਭੇਜਿਆ ਗਿਆ ਸੁਝਾਅ ਮੰਨ ਲਿਆ ਗਿਆ ਹੈ ਅਤੇ ਇਹ ਛੁੱਟੀ ਹੁਣ ਸਾਰੀ ਸਟੇਟ ਵਿਚ ਸਰਕਾਰੀ ਪੱਧਰ ਤੇ ਕੀਤੀ ਜਾਏਗੀ। ਪਿਛਲੇ ਸਾਲ ਸ. ਤਰਲੋਚਨ ਸਿੰਘ, ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ ਨੇ ਕਰਨਾਟਕ ਸਟੇਟ ਵਿਚ ਪਹਿਲੀ ਵਾਰ ਇਕ ਸਿੱਖ ਸ. ਕੁਲਦੀਪ ਸਿੰਘ ਰੇਖੀ ਨੂੰ ਘੱਟ ਗਿਣਤੀ ਕਮਿਸ਼ਨ ਦਾ ਮੈਂਬਰ ਬਣਵਾਇਆ ਸੀ।

ਭਾਰਤ ਸਰਕਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ ਛੁੱਟੀ ਕਰਦੀ ਹੈ ਪਰ ਕਈ ਸੂਬੇ ਦੀਆਂ ਸਰਕਾਰਾਂ ਨੇ ਹੁਣ ਤਕ ਆਪਣੇ ਸੂਬਿਆਂ ਵਿਚ ਇਹ ਛੁੱਟੀ ਦਾ ਐਲਾਨ ਨਹੀਂ ਕੀਤਾ। ਕੌਮੀ ਘੱਟ ਗਿਣਤੀ ਕਮਿਸ਼ਨ ਨੇ ਸਾਰੇ ਸੂਬਿਆਂ ਨੂੰ ਇਹ ਅਪੀਲ ਕੀਤੀ ਹੈ ਕਿ ਮਹਾਤਮਾ ਬੁੱਧ ਅਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੀ ਛੁੱਟੀ ਕਰਿਆ ਕਰਨ ਅਤੇ ਇਸ ਬਾਰੇ ਸ. ਤਰਲੋਚਨ ਸਿੰਘ ਆਪ ਮੁੱਖ ਮੰਤਰੀਆਂ ਨੂੰ ਮਿਲ ਰਹੇ ਹਨ। ਪਿਛਲੇ ਸਾਲ ਹੀ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਦੇ ਯਤਨਾਂ ਕਰਕੇ ਹੀ ਸ੍ਰੀ ਨਵੀਨ ਪਟਨਾਇਕ, ਮੁੱਖ ਮੰਤਰੀ, ਉੜੀਸਾ ਨੇ ਆਪਣੇ ਸੂਬੇ ਵਿਚ ਇਹ ਛੁੱਟੀ ਕਰਨ ਦਾ ਐਲਾਨ ਕੀਤਾ ਸੀ।

## ਮਸਤਾਨ ਗੜ੍ਹ ਵਿਚ ਮਾਸਟਰ ਨਿਹਾਲ ਸਿੰਘ ਨਮਿਤ ਮੇਲਾ

੧੮-ਨਵੰਬਰ ੨੦੦੩ ਮੰਗਲਵਾਰ ਨੂੰ ਮਸਤਾਨ ਗੜ੍ਹ ਵਿਚ ਪ੍ਰਸਿੱਧ ਨਾਮਧਾਰੀ ਲੇਖਕ ਸਿਖਿਆ ਸ਼ਾਸਤ੍ਰੀ, ਸੰਤ ਅਤੇ ਨਾਮਧਾਰੀ ਦਰਬਾਰ ਦੇ ਲੰਮੇ ਸਮੇਂ ਤੱਕ ਰਹੇ ਪ੍ਰਧਾਨ ਪੰਥ ਰਤਨ ਸਵਰਗੀ ਮਾਸਟਰ ਨਿਹਾਲ ਸਿੰਘ ਜੀ ਨਮਿਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੇਲਾ ਕੀਤਾ ਗਿਆ।

ਇਸ ਮੇਲੇ ਦੀ ਵਿਸ਼ੇਸ਼ਤਾ ਇਹ ਸੀ ਇਸ ਅਵਸਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਵਿਸ਼ੇਸ਼ ਤੌਰ ਤੇ ਪਧਾਰੇ ਸਨ। ਆਪ ਜੀ ਤਿੰਨ ਸਾਲ ਬਾਦ ਇਸ ਇਲਾਕੇ ਵਿਚ ਚਰਨ ਪਾ ਰਹੇ ਸਨ। ਜਦ ਸੋਮਵਾਰ ੧੭ ਨਵੰਬਰ ਨੂੰ ਆਪ ਸਰਸਾ ਜ਼ਿਲ੍ਹਾ ਦੇ ਇਸ ਇਲਾਕੇ ਵਿਚ ਪਧਾਰੇ ਤਾਂ ਹਜ਼ਾਰਾਂ ਦੀ ਤਾਦਾਦ ਵਿਚ ਇਲਾਕਾ ਨਿਵਾਸੀ ਸੰਗਤਾਂ ਨੇ ਬਹੁਤ ਦੂਰ ਜਾ ਕੇ ਸਵਾਗਤ ਕੀਤਾ। ਗੱਡੀਆਂ, ਮੋਟਰਾਂ ਕਾਰਾਂ, ਸਕੂਟਰਾਂ ਤੇ ਮੋਟਰ ਸਾਈਕਲਾਂ ਦਾ ਸੈਂਕੜਿਆਂ ਦੀ ਤਾਦਾਦ ਵਿਚ ਇਕ ਤਗੜਾ ਵਹੀਰ ਕਾਫਲੇ ਦੀ ਸ਼ਕਲ ਵਿਚ ੧੯੯੯ ਵਿਚ ਅਨੰਦਪੁਰ ਸਾਹਿਬ ਨੂੰ ਨਾਮਧਾਰੀ ਮਾਰਚ ਦੀ ਯਾਦ ਦਲਾਉਂਦਾ ਸੀ। ਇਹ ਇਲਾਕਾ ਜਿਹਨੂੰ ਇਲਾਕਾ ਸ੍ਰੀ ਜੀਵਨ ਨਗਰ ਕਿਹਾ ਜਾਂਦਾ ਹੈ ਆਪਣੇ ਪ੍ਰੀਤਮ ਸਤਿਗੁਰੂ ਦੀ ਆਮਦ ਤੇ ਇਸ ਦਾ ਕਣ-ਕਣ ਮਹਿਕਿਆ ਪਿਆ ਸੀ ਅਤੇ ਸਭ ਮਾਈ ਭਾਈ ਇਕ ਦੂਜੇ ਨੂੰ ਵਧਾਈ ਦੇ ਰਹੇ ਸਨ। ਮਾਸਟਰ ਮਾਸਟਰ ਨਿਹਾਲ ਸਿੰਘ ਜੀ ਇਕ ਦਰਵੇਸ਼ ਰਾਜ ਯੋਗੀ ਸਨ ਅਤੇ ਇਸ ਇਲਾਕੇ ਵਿਚ ਉਹ ਲੰਮਾ ਸਮਾ, ਮਾਸਟਰ, ਹੈਡ ਮਾਸਟਰ ਅਤੇ ਵਿਦਿਆਲਾ ਮੈਨੇਜਰ ਰਹੇ। ਪਿਛਲੇ ਸਮੇਂ ਉਹ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਨਮਿਤ ਸ੍ਰੀ ਭੈਣੀ ਸਾਹਿਬ, ਦਿੱਲੀ (ਪਰਿਵਾਰ ਦਾ ਨਿਵਾਸ ਸ਼ਹਿਰ) ਵਿਚ ਯਾਦਗਾਰੀ ਸਮਾਗਮ ਹੋ ਕੇ ਚੁੱਕੇ ਹਨ। ਇਸ ਇਲਾਕੇ ਨਾਲ ਮਾਸਟਰ ਜੀ



Namdhari Elibrary NamdhariElibrary@gmail.com

ਦੇ ਲੰਮੇ ਸੰਬੰਧ ਕਾਰਨ ਇਹ ਮੇਲਾ ਇਥੇ ਰਚਿਆ ਗਿਆ ਸੀ। ਜਿਥੇ ਇਹ ਅਵਸਰ ਮਾਸਟਰ ਜੀ ਦੀ ਯਾਦ ਚਿਰ ਸਥਾਈ ਕਰ ਗਿਆ ਉਥੇ ਬੜੇ ਸਾਲਾ ਬਾਦ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਅਵਸਰ ਵੀ ਪ੍ਰਦਾਨ ਕਰ ਗਿਆ।

ਮਸਤਾਨ ਗੜ੍ਹ ਛੋਟਾ ਜਿਹਾ ਨਗਰ ਹੈ ਪਰ ਇਸ ਦੀ ਪ੍ਰਸਿੱਧੀ ਅੰਤਰਾਸ਼ਟਰੀ ਹੈ। ਕਾਰਨ ਇਹ ਕਿ ਇਥੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਿਵਾਸ ਅਸਥਾਨ ਹੈ। ਮਸਤਾਨ ਗੜ੍ਹ ਕੋਠੀ ਤਕ ਸੜਕਾਂ ਤੇ ਬਣੇ ਸਵਾਗਤੀ ਗੇਟ, ਕਲ ਦੇ ਸਵਾਗਤ ਦੀ ਨਿਸ਼ਾਨ ਦੇਹੀ ਕਰ ਰਹੇ ਸਨ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਜਥੇ ਨੇ ਕੀਤਾ। ਮਸਤਾਨ ਗੜ੍ਹ ਕੋਠੀ ਦੇ ਨਾਲ ਲਗਦੇ ਹਿੱਸੇ ਵਿਚ ਦੀਵਾਨ ਪੰਡਾਲ, ਨਿਰੰਤਰ ਚਲਦੇ ਲੰਗਰ ਦਾ ਪ੍ਰਬੰਧ ਸੀ। ਪ੍ਰੋਗਰਾਮ ਦੀ ਸਿਲਸਲੇਵਾਰ ਕੜੀ ਵਿਚ ਸ. ਜੋਗਾ ਸਿੰਘ ਕਵੀਸ਼ਰ, ਸ. ਪੰਜਾਬ ਸਿੰਘ ਕਵੀਸ਼ਰ ਹੋਰਾਂ ਪਹਿਲਾਂ ਦੀਵਾਨ ਸਜਾਏ। ਬਾਦ ਵਿਚ ਭਰਵਾਂ ਕਵੀ ਦਰਬਾਰ ਹੋਇਆ। ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਮੈਂਬਰ ਮਾਸਟਰ ਅਮਰੀਕ ਸਿੰਘ, ਗੁਰਦਿਆਲ ਸਿੰਘ ਪ੍ਰੀਤ, ਬਲਦੇਵ ਸਿੰਘ, ਲਖਵਿੰਦਰ ਸਿੰਘ ਬਾਜਵਾ, ਗੁਰਬਖਸ਼ ਸਿੰਘ ਰਾਮਪੁਰੀ, ਸਵਰਨ ਸਿੰਘ ਚੀਮਾ, ਵਰਿਆਮ ਸਿੰਘ ਪਿਆਸਾ, ਪੂਰਨ ਸਿੰਘ ਨਿਰਾਲਾ ਆਦਿ ਕਵੀਆਂ ਨੇ ਪ੍ਰਭਾਵਸ਼ਾਲੀ ਕਵਿਤਾਵਾਂ ਰਾਹੀਂ, ਸਤਿਗੁਰੂ ਜੀ ਦੇ ਦਰਸ਼ਨਾਂ ਦੀ ਖੁਸ਼ੀ ਅਤੇ ਮਾਸਟਰ ਨਿਹਾਲ ਸਿੰਘ ਜੀ ਦੇ ਵਿਅਕਤੀਤਵ ਨੂੰ ਯਾਦ ਕੀਤਾ। ਕਵੀਆਂ ਦੀ ਖੁਸ਼ੀ ਦਾ ਇਸ ਕਾਰਨ ਵੀ ਟਿਕਾਣਾ ਨਹੀਂ ਸੀ ਕਿ ਸਭਾ ਦੇ ਇਕ ਰੁਕਣ ਪੂਰਨ ਸਿੰਘ ਨਿਰਾਲਾ ਦੀ ਇਕ ਕਵਿਤਾ ਦਰਸ਼ਨ ਮਾਹੀ ਦਾ ਹੁਣੇ ਜਿਹੇ ਵਰਿਆਮ ਵਿਚ ਛਪੀ ਸੀ ਜਿਸ ਵਿਚ ਤਿੰਨ ਸਾਲ ਦੀ ਦਰਸ਼ਨ ਔੜ ਦਾ ਜ਼ਿਕਰ ਕਰਦਿਆਂ ਇਸ ਇਲਾਕੇ ਵਿਚ ਦਰਸ਼ਨਾਂ ਦੀ ਯਾਚਨਾ ਸੀ ਅਤੇ ਇਹ ਯਾਚਨਾ ਏਨੀ ਛੇਤੀ ਮਨਜ਼ੂਰ ਹੋ ਗਈ ਸੀ। ਕਵੀ ਦਰਬਾਰ ਬਾਅਦ ਪ੍ਰਸਿੱਧ ਪ੍ਰਚਾਰਕ ਜਥੇਦਾਰ ਅਮਰ ਸਿੰਘ ਨਕੌੜਾ ਦਾ ਭਰਪੂਰ ਹੱਲੇ ਦਾ ਦੀਵਾਨ ਸਜਿਆ। ਸੰਤ ਜੁਗਿੰਦਰ ਸਿੰਘ ਮੁਕਤਾ ਸੰਗੀਤਕਾਰ ਕਵੀ, ਹਾਰਮੋਨੀਅਮ ਤੇ ਜਥੇਦਾਰ ਜੀ ਦੀ ਸਪੋਰਟ ਕਰ ਰਹੇ ਸਨ। ....ਰਸ ਭਿੰਨਾ ਕੀਰਤਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਣ ਵਾਲੇ ਨਿਤਨੇਮ ਦੀ ਅਰਦਾਸ ਨਾਲ ਸਮਾਪਤ ਹੋਇਆ। ਨਿਤਨੇਮ ਵਿਚ ਸੰਗਤਾਂ ਵਲੋਂ ਸਤਿਗੁਰੂ ਜੀ ਦੇ ਦਰਸ਼ਨਾਂ ਅਤੇ ਨਮਸਕਾਰਾਂ ਦਾ ਸਿਲਸਿਲਾ ਚਲਦਾ ਰਿਹਾ।

ਇਕ ਘੰਟੇ ਦੇ ਸਾਮੂਹਿਕ ਨਾਮ ਸਿਮਰਨ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਟੇਪ ਕੀਤਾ ਉਪਦੇਸ਼ ਚਲਦਾ ਰਿਹਾ ਅਤੇ ਮਾਸਟਰ ਜੀ ਨਮਿਤ ਪਾਠ ਦਾ ਭੋਗ ਵੀ ਪਾਇਆ ਗਿਆ। ਮਾਸਟਰ ਦਰਸ਼ਨ ਸਿੰਘ ਜੀ ਅਗਵਾਈ ਵਿਚ ਇਹ ਕਾਰਵਾਈ ਹੋਈ।

ਮਾਸਟਰ ਜੀ ਨੂੰ ਯਾਦ ਕਰਦਿਆਂ ਆਪਣੇ ਭਾਸ਼ਣ ਵਿਚ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਜੀ ਨੇ ਮਾਸਟਰ ਜੀ ਦੇ ਜੀਵਨ ਦਰਪਨ ਨੂੰ ਪੇਸ਼ ਕੀਤਾ। ਉਹਨਾਂ ਦੀ ਸੱਚੀ ਸੁੱਚੀ ਘਾਲਣਾ ਗੁਰਸਿੱਖੀ, ਗੁਰੂ ਪਿਆਰ ਸ਼ਰਧਾ ਅਤੇ ਵੱਡੀਆਂ ਪ੍ਰਾਪਤੀਆਂ ਦਾ ਸ਼ਰਧਾਮਈ ਜ਼ਿਕਰ ਕੀਤਾ।

ਵਰਿਆਮ ਸੰਪਾਦਕ ਸ. ਜਗਦੀਸ਼ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮਾਸਟਰ ਨਿਹਾਲ ਸਿੰਘ ਜੀ ਨੇ ਤਿੰਨ ਪੀੜ੍ਹੀਆਂ ਨੂੰ ਪ੍ਰਭਾਵਤ ਕੀਤਾ। ਉਹਨਾਂ ਦਸਿਆ ਕਿ ਮੇਰੇ ਪਿਤਾ ਜੀ ਜਥੇਦਾਰ ਨੱਥਾ ਸਿੰਘ ਅਤੇ ਉਹਨਾਂ ਦੇ ਸਮਕਾਲੀਆਂ ਨੇ ਬਾਲਗ ਅਵਸਥਾ ਵਿਚ ਮਾਸਟਰ ਜੀ ਤੋਂ ਅੱਖਰ ਗਿਆਨ ਪ੍ਰਾਪਤ ਕੀਤਾ। ਉਹ ਮਾਸਟਰ ਜੀ ਦੀ ਇਹ ਵੱਡੀ ਦੇਣ ਮੰਨਦੇ ਸਨ। ਉਹਨਾਂ ਤੋਂ ਬਾਦ ਅਸੀਂ ਅਤੇ ਅਗੋਂ ਸਾਡੇ ਬੱਚੇ ਵੀ ਮਾਸਟਰ ਜੀ ਦੇ ਗਿਆਨ ਪ੍ਰਕਾਸ਼ ਤੋਂ ਫੈਜ਼ਯਾਬ ਹੋਏ। ਨਾਮਧਾਰੀ ਸਮਾਜ ਵਿਚ ਬਹੁਤ ਅਹਿਮ ਵਿਅਕਤੀਆਂ, ਨੇਤਾ, ਖਿਲਾੜੀ, ਸੰਗੀਤਕਾਰ ਅਤੇ ਦੂਸਰੇ ਲੋਕਾ ਉਹਨਾਂ ਤੋਂ ਵਿਦਿਆ ਪ੍ਰਾਪਤ ਕੀਤੀ। ਉਹਨਾਂ ਵਿਚ ਇਕੋ ਸਮੇਂ ਕਈ ਸ਼ਖਸੀਅਤਾਂ ਸਨ। ਉਹ ਕਈ ਜ਼ੁਬਾਨਾਂ ਦੇ ਜਾਣੂ, ਲੇਖਕ, ਬੁਲਾਰੇ ਜਥੇਦਾਰ, ਅਤੇ ਹਰ ਹਾਲਤ ਵਿਚ ਸਮਾਨ ਰੂਪ ਵਿਚ ਸਹਿਜ ਰਹਿਣ ਵਾਲੇ ਮਹਾਂਪੁਰਖ ਸਨ। ਉਹਨਾਂ ਦੇ ਸਪੁੱਤਰਾਂ ਸ. ਮਨਮੋਹਨ ਸਿੰਘ ਅਤੇ ਚਰੰਜੀਤ ਸਿੰਘ ਨੇ ਆਪਣੇ ਸਨਮਾਨਯੋਗ ਪਿਤਾ ਜੀ ਦੀ ਯਾਦ ਵਿਚ ਮੇਲਾ ਕੀਤਾ ਹੈ। ਉਹ ਵਧਾਈ ਦੇ ਪਾਤਰ ਹਨ ਅਤੇ ਇਲਾਕੇ ਦੀਆਂ ਸੰਗਤਾਂ ਵੀ ਸਿਫਤਯੋਗ ਹਨ ਜਿਹਨਾਂ ਸਤਿਗੁਰੂ ਦਰਸ਼ਨ ਲੰਮੇ ਸਮੇਂ ਬਾਦ ਕਰਨ ਦਾ ਅਵਸਰ ਪ੍ਰਾਪਤ ਕੀਤਾ ਹੈ।

ਮਾਸਟਰ ਨਿਹਾਲ ਸਿੰਘ ਜੀ ਦੀ ਯਾਦ ਵਿਚ ਇਕ ਪੁਰਸਕਾਰ ਵੀ ਜਾਰੀ ਕੀਤਾ ਗਿਆ ਹੈ। ਉਹ ਇਸ ਵਾਰ ਮਾਸਟਰ ਅਮਰੀਕ ਸਿੰਘ ਜੀ ਨੂੰ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਪ੍ਰਦਾਨ ਕੀਤਾ ਗਿਆ। ਮਾਸਟਰ ਅਮਰੀਕ ਸਿੰਘ ਹੋਰਾਂ ਦੀ ਵੀ ਮਾਸਟਰ ਨਿਹਾਲ ਸਿੰਘ ਵਾਂਗ, ਪੰਜਾਬੀ ਸਾਹਿਤ, ਸਿਖਿਆ ਦੇ ਖੇਤਰ ਵਿਚ ਬਹੁਤ ਵੱਡੀ ਸੇਵਾ ਹੈ।

ਅੰਤ ਉੱਤੇ ਹਜ਼ੂਰੀ ਰਾਗੀਆਂ ਕਲਾਕਾਰਾਂ ਦੁਆਰਾ ਅਲੌਕਿਕ ਕੀਰਤਨ ਹੋਇਆ। ਮੋਹਨ ਸਿੰਘ, ਸੁਖਦੇਵ ਸਿੰਘ, ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ (ਤਬਲਾ), ਹਰਜਿੰਦਰ


Namdhari Elibrary NamdhariElibrary@gmail.com

ਸਿੰਘ, ਗੁਰਮੁਖ ਸਿੰਘ ਸਿਤਾਰ ਆਦਿਕ ਰਾਗੀ ਸਿੰਘਾਂ ਨੇ ਬਿੰਦਰਾਬਨੀ ਸਾਰੰਗ ਦੀਆਂ ਸੁਰਾਂ ਵਿਚ ਸ਼ਬਦ ਗਾਇਆ ਜਿਸ ਦੀ ਟੇਕ ਸੀ "ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ।"

ਰਾਗੀਆਂ ਨੇ ਕੀਰਤਨ ਨਾਲ ਸਮਾਂ ਖਲਾਰ ਦਿੱਤਾ। ਸੰਗਤਾਂ ਦਾ ਲਗਾਤਾਰ ਦਰਸ਼ਨ ਕਰਨ ਤੇ ਸਤਿਗੁਰਾਂ ਨੂੰ ਨਮਸਕਾਰ ਕਰਨ ਦਾ ਸਿਲਸਿਲਾ ਚਲਦਾ ਰਿਹਾ। ਕਈ ਬਜ਼ੁਰਗਾਂ ਨੂੰ ਉਹਨਾਂ ਦੇ ਪਰਿਵਾਰ ਵਾਲੇ ਚੁੱਕ ਕੇ ਲਿਆਏ। ਕਈਆਂ ਦੀਆਂ ਅਰਜ਼ਾਂ ਬੇਨਤੀਆਂ ਸਨ ਜੋ ਸਤਿਗੁਰੂ ਜੀ ਨਾਲੋਂ ਨਾਲ ਭੁਗਤਾਈ ਜਾ ਰਹੇ ਸਨ। ਲੰਮਾ ਸਮਾਂ ਸਤਿਗੁਰੂ ਜੀ ਦੀਵਾਨ ਵਿਚ ਰਹੇ। ਇਕ ਅਦਭੁਤ ਦ੍ਰਿਸ਼ ਸੀ। ਅੰਤ ਤੇ ਮਾਸਟਰ ਦਰਸ਼ਨ ਸਿੰਘ ਹੋਰਾਂ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ।

ਮਾਸਟਰ ਜੀ ਦੇ ਸਪੁੱਤਰ ਸ. ਮਨਮੋਹਨ ਸਿੰਘ, ਚਰੰਜੀਤ ਸਿੰਘ ਅਤੇ ਹੋਰ ਪਰਿਵਾਰ ਆਇਆ ਸੀ ਜਿਨ੍ਹਾਂ ਮੇਲੇ ਦੀ ਸੇਵਾ ਕੀਤੀ। ਲੰਗਰ ਗੁਰੂ ਕਾ ਅਤੁੱਟ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗਫਿਆਂ ਨਾਲ ਵਰਤਦਾ ਰਿਹਾ। ਪਰਿਵਾਰ ਨੇ ਜਥੇਦਾਰਾਂ, ਕਵੀਆਂ, ਰਾਗੀਆਂ, ਅਖਬਾਰਾਂ, ਰਸਾਲਿਆਂ ਅਤੇ ਹੋਰ ਯੋਗ ਵਿਅਕਤੀਆਂ ਵਾਸਤੇ ਮਾਇਆ ਭੇਟ ਕੀਤੀ। ਲੁਧਿਆਣਾ ਤੋਂ ਸੂਬਾ ਹਰਭਜਨ ਸਿੰਘ, ਸੰਤ ਦਲੀਪ ਸਿੰਘ, ਜਥੇਦਾਰ ਦਰਸ਼ਨ ਸਿੰਘ ਅਤੇ ਸੰਤ ਜਸਬੀਰ ਸਿੰਘ ਵੀ ਇਸ ਅਵਸਰ ਤੇ ਪੁੱਜੇ ਹੋਏ ਸਨ।

## ਗੁਰਦੇਵ ਸਿੰਘ ਸਰੋਦ ਵਾਦਕ ਦੀ ਮਾਤਾ ਅਮਰ ਕੌਰ ਨਮਿਤ ਸਮਾਗਮ

ਸੰਤ ਨਗਰ (ਸਿਰਸਾ)—ਨਾਮਧਾਰੀ ਹਲਕਿਆਂ ਵਿਚ ਇਹ ਖ਼ਬਰ ਵੱਡੇ ਦੁੱਖ ਅਤੇ ਗੰਭੀਰਤਾ ਨਾਲ ਸੁਣੀ ਗਈ ਕਿ ਇਲਾਕਾ ਜੀਵਨ ਨਗਰ ਵਿਚ ਸਿੱਖੀ ਦੀ ਆਨ ਸ਼ਾਨ ਨੂੰ ਕਾਇਮ ਰੱਖਣ ਵਾਲੀਆਂ ਬੀਬੀਆਂ ਭੈਣਾਂ ਵਿਚੋਂ ਇਕ ਪ੍ਰਮੁੱਖ ਬੀਬੀ, ਮਾਤਾ ਅਮਰ ਕੌਰ ਜੀ ਉਮਰ ਦੇ ਸਤੱਤਰਵੇਂ ਵਰ੍ਹੇ ਵਿਚ ਆਪਣੀ ਜੀਵਨ ਲੀਲ੍ਹਾ ਸਮੇਟ ਗਏ ਹਨ।

ਉਹਨਾਂ ਦਾ ਪੇਕਾ ਪਿੰਡ ਪੱਛਮੀ ਪੰਜਾਬ ਦੇ ਗੁਜਰਾਂਵਾਲਾ ਜਾਂ ਸ਼ੇਖੂਪੁਰਾ ਜ਼ਿਲ੍ਹੇ ਵਿਚ ਮਾਂਗਟ ਸੀ। ਪਰ ਜੀਵਨ ਸਾਥੀ ਦੇ ਤੌਰ ਉਹਨਾਂ ਨੂੰ ਪਿੰਡ ਰਾਜਾ (ਜ਼ਿਲ੍ਹਾ ਗੁਜਰਾਂਵਾਲਾ) ਦੇ ਸੰਤ ਸਾਧਾ ਸਿੰਘ ਜੀ 'ਮਸਤਾਨਾ' ਦੇ ਲੜ ਲਾਇਆ ਗਿਆ, ਜਿਹਨਾਂ ਤੇ ਖੁਸ਼ ਹੋ ਕੇ ਅਤੇ ਉਹਨਾਂ ਦੇ ਫੁਰਤੀਲੇ ਸਰੀਰਕ ਕਰਤੱਬਾਂ ਨੂੰ ਵੇਖਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਉਹਨਾਂ ਨੂੰ 'ਪਤੰਗ ਜੀ' ਕਹਿਕੇ ਨਿਵਾਜਿਆ ਕਰਦੇ ਸਨ। ਸੰਤ ਆਪਣੀ ਸਾਰੀ ਆਯੂ ਸੰਤ ਆਲਾ ਸਿੰਘ ਜੀ ਵਰਨਾਂ ਵਾਲਿਆਂ ਦੀ ਸੰਤ ਮੰਡਲੀ ਵਿਚ ਵਿਚਰਦਿਆਂ ਹੋਇਆਂ, ਗੁਰੂ ਤੋਂ ਵਰੋਸਾਏ ਮਸਤਾਨਿਆਂ ਦਾਨਿਆਂ ਦਾ ਸੰਗ ਸਾਥ ਮਾਣਦੇ ਹੋਏ, ਪਿਛਲੇ ਸਾਲ ੨੦੦੨ ਈ: ਵਿਚ ਅੱਸੂ ਦੇ ਮੇਲੇ ਸਮੇਂ ਅੰਤਿਮ ਫਤੇਹ ਬੁਲਾ ਗਏ ਸਨ। ਅਤੇ ਵਰ੍ਹੇ ਕੁ ਬਾਦ ਹੁਣ ਮਾਤਾ ਅਮਰ ਕੌਰ ਜੀ ਮਿਤੀ ੧੯ ਅਕਤੂਬਰ ੨੦੦੩ ਈ. ਨੂੰ ਪਿੰਡ ਸੰਤ ਨਗਰ ਵਿਖੇ ਹੀ ਹੁਕਮ ਸੱਤ ਹੋ ਗਏ। ਸੰਤਾਂ ਦੇ ਡੇਰੇ ਵਿਚ ਸ਼ਬਦ ਪੜ੍ਹਣ ਵਾਲੀਆਂ ਬੀਬੀਆਂ ਦੇ ਮੋਹਰੀ ਜਥੇ ਵਿਚ ਉਹ ਸ਼ਾਮਲ ਰਹੇ ਅਤੇ ਨੇਕੀ, ਸੱਚਾਈ, ਪਰਉਪਕਾਰ ਤੇ ਕੁਝ ਬਣਨ ਦੀ ਸਿੱਖਿਆ ਆਪਣੇ ਬੱਚਿਆਂ ਵਿਚ ਕੁੱਟ ਕੁੱਟ ਕੇ ਭਰੀ ਅਤੇ ਆਪਣੇ ਸਤਿਗੁਰੂ ਦਾ ਲੜ ਘੁੱਟ ਕੇ ਫੜੀ ਰੱਖਣ ਦੀ ਤਾਕੀਦ ਵੀ ਕੀਤੀ।

ਮਾਤਾ ਜੀ ਦੇ ਵੱਡੇ ਸਪੁੱਤਰ ਗੁਰਦੇਵ ਸਿੰਘ ਸਰੋਦਵਾਦਕ ਹਨ ਜੋ ਅੱਜ ਕੱਲ੍ਹ ਆਪਣੀ ਕਲਾ ਦੇ ਜੌਹਰ ਗੋਰੀ ਧਰਤੀ ਤੇ ਵਿਖਾ ਰਹੇ ਹਨ। ਪਿਛਲੇ ਡੇਢ ਕੁ ਦਰਜਨ ਵਰ੍ਹਿਆਂ ਤੋਂ ਉਹ ਕੈਨੇਡਾ, ਅਮਰੀਕਾ ਹੁੰਦੇ ਹੋਏ ਹੁਣ ਇੰਗਲੈਂਡ ਵਿਖੇ ਰਹਿ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕ੍ਰਿਪਾ ਸਦਕਾ ਉਹ ਸਰੋਦ ਸਮਰਾਟ ਉਸਤਾਦ ਅਮਜਦ ਅਲੀ ਦੇ ਸ਼ਾਗਿਰਦ ਬਣੇ ਅਤੇ ਬੜੇ ਕਠਿਨ ਪਰਿਸ਼ਰਮ ਤੋਂ ਬਾਅਦ ਵਿਕਟ ਪ੍ਰਸਥਿਤੀਆਂ ਵਿਚ ਵੀ ਸਾਧਨਾ ਦਾ ਸਫ਼ਰ ਜਾਰੀ ਰੱਖਦਿਆਂ ਆਪਣੇ ਫ਼ਨ ਵਿਚ ਮੁਹਾਰਤ ਹਾਸਲ ਕੀਤੀ। ਅੱਜ ਕਲ੍ਹ ਉਹ ਪੱਛਮ ਦੀ ਸੰਗੀਤ ਦੁਨੀਆਂ ਵਿਚ ਇਕ ਜਾਣਿਆ ਪਛਾਣਿਆਂ ਨਾਂ ਬਣ ਚੁੱਕੇ ਹਨ। ਮਾਤਾ ਜੀ ਦੇ ਦੂਸਰੇ ਸਪੁੱਤਰ ਸੰਤ ਸੁਖਦੇਵ ਸਿੰਘ ਜੀ 'ਮਸਤਾਨਾ' ਹਨ ਜੋ ਭਾਰਤ ਸਰਕਾਰ ਦੇ ਡਾਕ-ਤਾਰ ਮਹਿਕਮੇ ਵਿਚ ਜ਼ਿਲ੍ਹੇ ਦੇ ਸਦਰ ਮੁਕਾਮ ਸਿਰਸਾ ਵਿਖੇ ਮੁਲਾਜ਼ਮਤ ਕਰ ਰਹੇ ਹਨ। ਬੀਬੀ ਦਰਸ਼ਨ ਕੌਰ ਅਤੇ ਬੀਬੀ ਭਜਨ ਕੌਰ ਉਹਨਾਂ ਦੀਆਂ ਦੋ ਸਪੁੱਤਰੀਆਂ ਹਨ।

ਮਿਤੀ ੨੭ ਅਕਤੂਬਰ ਨੂੰ ਸੰਤ ਨਗਰ ਵਿਖੇ ਉਹਨਾਂ ਦੀਆਂ ਅੰਤਿਮ ਰਸਮਾਂ ਵਜੋਂ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਹਿਜ ਪਾਠਾਂ ਦੇ ਭੋਗ ਪਾਏ ਗਏ। ਸਲੋਕ ਪਾਠੀਆਂ ਵਿਚ ਹਜ਼ੂਰੀ ਪਾਠੀ ਮਾਸਟਰ ਦਰਸ਼ਨ ਸਿੰਘ ਜੀ ਸ਼ਾਮਲ ਸਨ ਅਤੇ ਅਰਦਾਸ ਸੰਤ ਸਤਨਾਮ ਸਿੰਘ ਮੁਕਤਾ ਨੇ ਕੀਤੀ। ਪ੍ਰੀਤਮ ਸਿੰਘ ਕੱਕੜ ਕਰੀਵਾਲਾ ਦੇ ਕਵੀਸ਼ਰੀ ਜਥੇ, ਸੰਤ ਜੋਗਿੰਦਰ ਸਿੰਘ ਜੀ ਮੁਕਤਾ ਅਤੇ ਜਥੇਦਾਰ ਗੁਰਬਚਨ ਸਿੰਘ ਜੀ ਸੰਤ ਨਗਰ ਦੇ ਜਥਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਪ੍ਰੰਪਰਾਗਤ ਹੱਲੇ ਦੇ ਦੀਵਾਨਾਂ ਰਾਹੀਂ ਕੀਤਾ। ਵਿਛੜੀ ਸਖਸ਼ੀਅਤ ਨੂੰ ਇਸ ਮੌਕੇ ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ ਵਿਚ ਗੁਰਦੇਵ ਸਿੰਘ ਦੇ ਉਸਤਾਦ ਮਾ. ਅਮਰੀਕ ਸਿੰਘ,


Namdhari Elibrary NamdhariElibrary@gmail.com

ਸੁਖਦੇਵ ਸਿੰਘ ਲੰਬੜਦਾਰ, ਕਾਮਰੇਡ ਜਸਵੰਤ ਸਿੰਘ ਜੋਸ਼, ਕਾਮਰੇਡ ਸੁਵਰਨ ਸਿੰਘ ਵਿਰਕ ਅਤੇ ਸੰਤ ਜਸਪਾਲ ਸਿੰਘ ਜੀ ਕਥਾਵਾਚਕ ਸ਼ਾਮਲ ਸਨ। ਇਲਾਕੇ ਦੀ ਸੰਗਤ ਦੇ ਚੁਣਵੇਂ ਇਕੱਠ ਵਿਚ ਗੁਰੂ ਹਰੀ ਸਿੰਘ ਕਾਲਿਜ ਦੇ ਪ੍ਰਿੰਸੀਪਲ ਸ੍ਰੀ ਵੀ.ਕੇ. ਸੱਭਰਵਾਲ, ਸ. ਮਹਿੰਦਰ ਸਿੰਘ ਬੱਲ, ਸੰਤ ਕੱਕਾ ਸਿੰਘ ਚੂਹੜਕਾਣਾ ਆਦਿ ਵਿਲੱਖਣ ਹਸਤੀਆਂ ਵੀ ਸ਼ਾਮਲ ਹਨ।

ਇਸ ਮੌਕੇ ਸਭ ਤੋਂ ਭਾਵ-ਭੀਨੀ ਸ਼ਰਧਾਂਜਲੀ ਮਾਤਾ ਜੀ ਦੀ ਯਾਦ ਵਿਚ ਸਰੋਦਵਾਦਨ ਕਰਕੇ ਉਹਨਾਂ ਦੇ ਸੁਲੱਗ ਪੋਤਰੇ ਕਾਕਾ ਜਤਿੰਦਰ ਪਾਲ ਸਿੰਘ ਲਾਡੀ ਨੇ ਦਿੱਤੀ। ਉਹਨਾਂ ਇਕ ਧੁਨ ਤੋਂ ਸ਼ੁਰੂ ਕਰਕੇ, ਰਾਗੇਸ਼ਵਰੀ ਰਾਗ ਨਾਲ ਸਰੋਤਿਆਂ ਨੂੰ ਕੀਲ ਲਿਆ। ਢੋਲਕੀ ਕਹਿਰਵਾ ਤਾਲ ਵਿਚ ਸੰਤ ਨਰਾਇਣ ਸਿੰਘ ਸੰਤ ਨਗਰ, ਲਾਡੀ ਦੇ ਮਾਮਾ ਜੀ ਨੇ ਵਜਾਈ। ਉਹਨਾਂ ਫਿਰ ਦਰੁਤਗਤ ਵਿਚ ਵਜਾਉਣ ਤੋਂ ਬਾਅਦ ਰਾਗੇਸ਼ਵਰੀ ਵਿਚ ਹੀ ਜਦੋਂ ਸਮਾਪਤ ਕੀਤਾ ਤਾਂ ਵਜਦ ਵਿਚ ਆਏ ਸਰੋਤੇ/ਦਰਸ਼ਕ ਇਸ ਨੌਜੁਆਨ ਦੀ ਪ੍ਰਾਪਤੀ ਤੇ ਝੂਮ ਰਹੇ ਹਨ। ਗੁਰਦੇਵ ਸਿੰਘ ਹੋਰਾਂ ਸਭ ਦਾ ਧੰਨਵਾਦ ਕੀਤਾ। ਲੰਗਰ ਗੁਰੂ ਕਾ ਅਤੁੱਟ ਵਰਤਾਇਆ ਗਿਆ।

## ਸ. ਕਰਤਾਰ ਸਿੰਘ ਮੁਹਾਰਾਂ ਵਾਲੇ ਜੰਮੂ

ਸ. ਕਰਤਾਰ ਸਿੰਘ ਜੰਮੂ (ਪਿਛਲਾ ਪਿੰਡ ਮੁਹਾਰ ਜ਼ਿਲ੍ਹਾ ਸਿਆਲਕੋਟ) ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਈ ਜੰਮੂ ਵਿਚ ਉਹਨਾਂ ਦੇ ਸੁਪੱਤਰ ਸ. ਨਿਰਮਲ ਸਿੰਘ ਦੇ ਘਰ ਇੱਕ ਸਮਾਗਮ ਸੀ। ਉਥੇ ਉਹ ਆਏ ਲੰਗਰ ਵੀ ਛੱਕਿਆ ਥੋਹੜੀ ਦੇਰ ਬਾਦ ਉਹ ਲਘੂ ਸ਼ੰਕਾ ਨਵਿਰਤ ਕਰਨ ਲਈ ਅੰਦਰ ਗਏ ਤੇ ਸਰੀਰ ਤੋਂ ਪਰਾਣ ਜੁਦਾ ਹੋ ਗਏ।

ਸ. ਕਰਤਾਰ ਸਿੰਘ ਵਡ ਪਰਿਵਾਰੇ ਸਨ। ਪਰ ਉਹਨਾਂ ਸਾਰੇ ਪਰਿਵਾਰ ਲੜਕੀਆਂ ਲੜਕਿਆਂ ਦੇ ਕਾਰਜ ਪੂਰੀ ਸਫਲਤਾ ਨਾਲ ਕੀਤੇ ਅਤੇ ਸਭ ਥਾਈਂ ਗੁਰੂ ਆਸ਼ੇ ਅਨੁਸਾਰ ਸੰਬੰਧੀ ਲਭੇ ਅਤੇ ਸਭ ਪਰਿਵਾਰ ਨੂੰ ਸਫਲਤਾ ਸਹਿਤ ਥਾਓਂ ਥਾਈਂ ਸੈਟ ਕੀਤਾ। ਸਾਰੀ ਉਮਰ ਉਹਨਾਂ ਦਸਾਂ ਨਹੁੰਆਂ ਦੀ ਕਿਰਤ ਕੀਤੀ (ਜੰਮੂ ਵਿਚ ਉਹਨਾਂ ਦੀ ਟਰੱਕ ਬਾਡੀਆਂ ਬਨਾਉਣ ਦੀ ਵਰਕਸ਼ਾਪ ਸੀ) ਸ. ਕਰਤਾਰ ਸਿੰਘ ਇਸ ਗੱਲ ਦੀ ਪ੍ਰਤੱਖ ਮਿਸਾਲ ਸਨ ਕਿ ਆਦਮੀ ਸੱਚੀ ਸੁੱਚੀ ਕਿਰਤ ਨਾਲ ਵੀ ਕਾਮਯਾਬ ਹੋ ਸਕਦਾ ਹੈ ਅਤੇ ਚੰਗਾ ਖਾ ਪੀ ਸਕਦਾ ਅਤੇ ਆਏ ਗਏ ਨੂੰ ਖਵਾ ਸਕਦਾ ਹੈ।

ਸ. ਕਰਤਾਰ ਸਿੰਘ ਨਮਿਤ ੯ ਨਵੰਬਰ ੨੦੦੩ ਐਤਵਾਰ ਨੂੰ ਪਾਠ ਦਾ ਭੋਗ ਸ੍ਰੀ ਭੈਣੀ ਸਾਹਿਬ ਤੋਂ ਆਏ ਪਾਠੀ ਨੇ ਪਾਇਆ।

ਅੰਮ੍ਰਿਤ ਵੇਲੇ ਘਰ ਵਿਚ ਆਸਾ ਦੀ ਵਾਰ ਦਾ ਕੀਰਤਨ ਸਥਾਨਕ ਜਥੇ ਨੇ ਕੀਤਾ।

ਬਾਹਰ ਖੁਲ੍ਹੇ ਪੰਡਾਲ ਵਿਚ ਜਥੇਦਾਰ ਗੁਰਦੀਪ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ। ਉਪਰੰਤ ਦੋ ਬਚੀਆਂ ਅਮਨਪ੍ਰੀਤ ਕੌਰ ਰਮਨਪ੍ਰੀਤ ਕੌਰ ਨੇ ਸ਼ਬਦ ਗਾਇਣ ਕੀਤਾ। ਵਰਿਆਮ ਦੇ ਸੰਪਾਦਕ ਜਗਦੀਸ਼ ਸਿੰਘ ਨੇ ਸ. ਕਰਤਾਰ ਸਿੰਘ ਹੋਰਾਂ ਨਾਲ ਬਤਾਏ ਪਲਾਂ ਦਾ ਜ਼ਿਕਰ ਕੀਤਾ। ਸੂਬਾ ਜਗਤਾਰ ਸਿੰਘ ਭੱਟੀ ਹੋਰਾਂ ਸ. ਕਰਤਾਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਸ. ਕਰਤਾਰ ਸਿੰਘ ਜੀ ਦੇ ਛੋਟੇ ਭਰਾ ਸ਼ਾਇਰ ਲੇਖਕ ਸ. ਅਮਰ ਸਿੰਘ ਕੂਕਾ ਨੇ ਧੰਨਵਾਦੀ ਸ਼ਬਦ ਕਹਿੰਦਿਆਂ ਸ. ਕਰਤਾਰ ਸਿੰਘ ਜੀ ਦੇ ਅਨੇਕਾਂ ਗੁਣਾਂ ਦਾ ਬਖਾਨ ਕੀਤਾ।

ਦਿੱਲੀ ਤੋਂ ਸ. ਸਾਧਾ ਸਿੰਘ ਪ੍ਰਧਾਨ, ਸ. ਹਰਬੰਸ ਸਿੰਘ ਜੀ ਮੁਹਾਰਾਂ ਵਾਲੇ ਅਤੇ ਹੋਰ ਥਾਵਾਂ ਤੋਂ ਰਿਸ਼ਤੇਦਾਰ ਮਿੱਤਰ ਸੰਬੰਧੀ ਭਾਰੀ ਗਿਣਤੀ ਵਿਚ ਪੁੱਜੇ ਹੋਏ ਸਨ।

---

# ਪ੍ਰਤੀਕਿਰਿਆ

ਮਿੱਠੇ ਪਿਆਰੇ ਸ. ਜਗਦੀਸ਼ ਸਿੰਘ ਵਰਿਆਮ ਜੀ!
ਨਿੱਘੀ ਯਾਦ

* ਪਿਛਲੇ ਕੁਝ ਮਹੀਨਿਆਂ ਤੋਂ 'ਵਰਿਆਮ' ਕੁਝ ਇਝ ਬਾਕਾਇਦਗੀ ਨਾਲ ਮਿਲ ਰਿਹਾ ਹੈ ਕਿ ਮੈਨੂੰ ਮੁਫਤਖੋਰ ਪਾਠਕ ਹੋਣ ਦਾ ਅਹਿਸਾਸ ਹੋਣ ਲਗਾ ਹੈ।

* ਪਿਛਲੀ ਸਦੀ ਦੇ ਪੰਜਾਹਵਿਆਂ ਦੇ ਮੁੱਢ ਵਿਚ ਕਲਮ ਫੜੀ ਤਾਂ ਧਾਰਮਿਕ ਰਾਜਨੀਤਕ ਸਰਗਰਮੀਆਂ ਨੂੰ ਵਾਚਣ ਸਮੇਂ ਨਾਮਧਾਰੀ ਪ੍ਰਮੁੱਖ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਸਾਹਿਤਕ ਸੇਵਾ ਵਿਚ ਨਾਮਧਾਰੀ ਸੰਪ੍ਰਦਾਇ ਦੀ ਦੇਣ ਨੂੰ ਆਦਰ ਨਾਲ ਦੇਖਿਆ ਹੈ।

* ਇਸ ਤੋਂ ਬਿਨਾਂ ੧੯੫੫ ਦੇ ਨੇੜੇ-ਤੇੜੇ ਸ. ਨਾਹਰ ਸਿੰਘ ਲਿਖਤ 'ਨਾਮਧਾਰੀ ਇਤਿਹਾਸ' ਦਾ ਹਿੰਦੀ ਅਨੁਵਾਦ ਕਰਦਿਆਂ ਜਿਹੜੀਆਂ ਇਤਿਹਾਸਕ ਘਟਨਾਵਾਂ ਯਾਦ ਵਿਚ ਸਾਂਭੀਆਂ ਪਈਆਂ ਹਨ, ਹੱਥਲੀਆਂ ਲਿਖਤਾਂ ਜਦ ਖਤਮ ਹੋਈਆਂ ਤਾਂ ਉਨ੍ਹਾਂ ਦੇ ਆਧਾਰ ਤੇ ਤੁਸਾਂ ਨੂੰ ਕੁਝ ਲਿਖ ਭੇਜ ਕੇ 'ਵਰਿਆਮ' ਦਾ ਕਰਜ਼ ਕੁਝ ਕੁ ਉਤਾਰਾਂਗਾ।

* ਇਸ ਪੱਤਰ ਦੇ ਨਾਲ ਅਜੇ ਇਕ ਪ੍ਰਸ਼ਨੋਤਰ ਜਿਹੀ ਲਿਖਤ 'ਵਰਿਆਮ' ਵਿਚ ਛਪਣ ਲਈ ਭੇਜ ਰਿਹਾ ਹਾਂ। ਆਸ ਹੈ 'ਸਹਿਜ ਧਾਰਮਿਕ' ਵਰਿਆਮ ਵਿਚ ਯੋਗ ਥਾਂ/ਸਪੇਸ ਪਾਏਗੀ।

*—ਕਿਰਪਾਲ ਸਿੰਘ ਆਜ਼ਾਦ*
*ਗਾਜ਼ੀਆਬਾਦ*



Namdhari Elibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

**Dalton Ganj (Bihar)**
**Prof. S. Ajit Singh Namdhari**




ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੯੭੯੪

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain
Partner : S. Puran Singh Saggu
S. Narinder Singh Saggu
Old Railway Road, Jalandhar. Ph. : 458795, 459056





Namdhari Elibrary NamdhariElibrary@gmail.com




Namdhari Elibrary NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 December -2003










# NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

**ਟਮਾਟਰ : N.S. 815, ਉਤਸਵ ਅਤੇ ਅਮੋਘ**
**ਫੁਲ ਗੋਭੀ : N.S. 60, N.S. 84 ਅਤੇ N.S. 90**
**ਭਿੰਡੀ : ਅਰਕਾ ਅਨਾਮਿਕਾ**
**ਤਰਬੂਜ਼ : N.S. 295 (ਸਮਰ ਸਵੀਟ) N.S. 246**
**ਖਰਬੂਜਾ : N.S. 7455 ਅਤੇ ਅਭੀਜੀਤ**
**ਲੌਕੀ (ਘੀਆ) : ਕਾਵੇਰੀ**

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

## ਨਾਮਧਾਰੀ ਸੀਡਜ਼ ਪ੍ਰ: ਲਿ:

Head Office:
**Namdhari Seeds Pvt. Ltd.**
Bidadi - Banglore (India)
Tel. : 080 - 72 82 653
72 82 654
City Office:080- 8602167
Fax :080 8602168

**ਰੀਜਨਲ ਆਫਿਸ :**
**ਪਿੰਡ ਰਾਈਆਂ ਕੁਹਾੜਾ ਮਾਛੀਵਾੜਾ**
**ਰੋਡ ਜ਼ਿਲਾ ਲੁਧਿਆਣਾ**
**ਫੋਨ : 0161- 834036, 834420**
**ਮੋਬਾਇਲ : 98141-33109**


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ
ਫੋਨ : 2222543, ਨਿਵਾਸ : [illegible]

Namdhari Elibrary NamdhariElibrary@gmail.com